INTERNATIONAL MAGAZINE
RNI No. 61816/95



ਏਕੋ ਬ੍ਰਹਮੁ ਦੁਤੀਯ ਨਾਸਿਤ।

ੴ

ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰਸਟ

ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ॥
ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ॥

# ਆਤਮ ਮਾਰਗ

ਜਨਵਰੀ 2025



ਤਹੀ ਪ੍ਰਕਾਸ ਹਮਾਰਾ ਭਯੋ॥
ਪਟਨਾ ਸਹਰ ਬਿਖੈ ਭਵ ਲਯੋ॥

ਧੰਨ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ

ਟਰੱਸਟ ਰਤਵਾੜਾ ਸਾਹਿਬ ਦੇ ਮੌਜੂਦਾ ਮੁਖੀ ਸੰਤ ਬਾਬਾ ਲਖਬੀਰ ਸਿੰਘ ਜੀ ਸਵਾਲੇਪੁਰ (ਯੂ.ਪੀ.) ਵਿਖੇ ਸਾਲਾਨਾ ਸਮਾਗਮ ਸਮੇਂ ਸੰਗਤਾਂ ਨੂੰ ਕੀਰਤਨ ਦੁਆਰਾ ਨਿਹਾਲ ਕਰਦੇ ਹੋਏ।



# ਆਤਮ ਮਾਰਗ

ਸਾਲ-ਤੀਹਵਾਂ, ਮਹੀਨਾ-ਜਨਵਰੀ, 2025

ਗੁਰਦੁਆਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ

**ਸੰਚਾਲਕ**

**ਸੱਚਖੰਡ ਵਾਸੀ ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ**

**ਸੰਤ ਮਾਤਾ (ਬੀਜੀ) ਰਣਜੀਤ ਕੌਰ ਜੀ**

| **ਚੇਅਰਮੈਨ** | **ਐਡੀਟਰ-ਇਨ-ਚੀਫ** |
|---|---|
| ਸੰਤ ਬਾਬਾ ਲਖਬੀਰ ਸਿੰਘ ਜੀ | ਬਾਬਾ ਹਰਪਾਲ ਸਿੰਘ ਜੀ |
| ਮੈਨੇਜਿੰਗ ਐਡੀਟਰ | ਚੀਫ ਐਡੀਟਰ |
| ਭਾਈ (ਡਾ.) ਸੁਖਵਿੰਦਰ ਸਿੰਘ | ਡਾ. ਜਗਜੀਤ ਸਿੰਘ |


**ਮੈਗਜ਼ੀਨ ਸਬੰਧੀ ਹਰ ਤਰ੍ਹਾਂ ਦੀ ਪੁੱਛਗਿੱਛ**

ਜੇਕਰ ਆਪ ਜੀ ਨੂੰ ਮਹੀਨੇ ਦੀ 15 ਤਾਰੀਖ ਤੱਕ ਮੈਗਜ਼ੀਨ ਨਹੀਂ ਪਹੁੰਚਦਾ ਅਤੇ ਮੈਗਜ਼ੀਨ ਸਬੰਧੀ ਹਰ ਤਰ੍ਹਾਂ ਦੀ ਪੁੱਛਗਿੱਛ ਲਈ ਹੇਠ ਲਿਖੇ ਨੰਬਰਾਂ ਤੇ ਦਫਤਰੀ ਸਮਾਂ ਸਵੇਰੇ 10.00 ਵਜੇ ਤੋਂ ਸ਼ਾਮ 5.00 ਵਜੇ ਤੱਕ ਫੋਨ ਕਰਨ ਦੀ ਕ੍ਰਿਪਾਲਤਾ ਕਰੋ ਜੀ।

ਫੋਨ :- 84378-12900, 94172-14391, 94172-14379

**Email :atammarg1@yahoo.co.in**

Registration Under Foreign Contribution (Regulation) Act 1976 R. No. 115320023

**Postal Address for any Enquiry, Money Order, Cheque and drafts :**

**'ATAM MARG' MAGAZINE**

Gurdwara Ishar Parkash, Ratwara Sahib
(New Chandigarh) P.o. Mullanpur Garibdas,
Teh. Kharar, Distt. S.A.S Nagar
(MOHALI) - 140901, Pb. India

**SUBSCRIPTION - ਚੰਦਾ - (ਦੇਸ਼)**

| ਸਾਲਾਨਾ | ਜੀਵਨ ਕਾਲ (20 ਸਾਲ) | ਫੀ ਕਾਪੀ |
|---|---|---|
| 300/- | 3000/ | 30/- |
| 320/- | 3020/- | (For outstation cheques) |

**SUBSCRIPTION FOREIGN (ਵਿਦੇਸ਼)**

| Annual | Life (20 years) |
|---|---|
| **4500/-** | **45000/-** |


ਪ੍ਰਕਾਸ਼ਕ ਦੇ ਸਭ ਹੱਕ ਰਾਖਵੇਂ ਹਨ।



ਪ੍ਰਿੰਟਰ, ਪਬਲਿਸ਼ਰ ਤੇ ਐਡੀਟਰ ਬਾਬਾ ਹਰਪਾਲ ਸਿੰਘ ਰਤਵਾੜਾ ਸਾਹਿਬ ਨੇ 'ਆਤਮ ਮਾਰਗ' ਜੈ ਆਫਸੈਟ ਪ੍ਰਿੰਟਰਜ਼, 905 ਇੰਡਸਟਰੀਅਲ ਏਰੀਆ, ਫੇਜ਼-2, ਚੰਡੀਗੜ੍ਹ ਤੋਂ ਛਪਵਾ ਕੇ ਮੁੱਖ ਦਫਤਰ 'ਆਤਮ ਮਾਰਗ', ਰਤਵਾੜਾ ਸਾਹਿਬ, ਡਾਕਖਾਨਾ ਮੁੱਲਾਂਪੁਰ ਗਰੀਬਦਾਸ, ਤਹਿਸੀਲ ਖਰੜ, ਜ਼ਿਲ੍ਹਾ - ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੋਹਾਲੀ) ਪੰਜਾਬ ਤੋਂ ਪ੍ਰਕਾਸ਼ਿਤ ਕੀਤਾ।


**Media Broadcast (Ratwara Sahib)**

**Please visit us on internet at :-**

**For Atam Marg Email : atammarg1@yahoo.co.in,**

**Website & Live video -**

www.ratwarasahib.org
www.ratwarasahib.com
www.vgrmct.org

Apps: RATWARASAHIB TV (for both apple & andriod) (Availeble 24 Hours)

Email : sratwarasahib.in@gmail.com

**Live Programme & Cable Tv Network**

**98728-14385, 94172-14385**

**98147-12900**

**ਵਿਦੇਸ਼ ਵਿਚ ਆਤਮ ਮਾਰਗ ਦੇ ਕੇਂਦਰ**

ਅਮਰੀਕਾ - ਭਾਈ ਅਮਰਦੀਪ ਸਿੰਘ ਅਟਵਾਲ
001-408-263-1844

ਕਨੇਡਾ - ਭਾਈ ਸਰਮੁਖ ਸਿੰਘ ਪੰਨੂ, ਵੈਨਕੂਵਰ
001-604-433-0408

ਭਾਈ ਤਰਸੇਮ ਸਿੰਘ ਬੈਂਸ
001-604-862-9525

ਭਾਈ ਜਸਬੀਰ ਸਿੰਘ ਰਾਣੂ
001-604-589-9189

ਇੰਗਲੈਂਡ - ਬੀਬੀ ਗੁਰਬਖਸ਼ ਕੌਰ ਅਤੇ ਭਾਈ ਜਗਤਾਰ ਸਿੰਘ ਜੱਗੀ
0044-121-200-2818

ਭਾਈ ਅਰਵਿੰਦਰ ਸਿੰਘ (ਰਾਜ)
0044-7968734058

ਆਸਟਰੇਲੀਆ- ਬੀਬੀ ਜਸਪ੍ਰੀਤ ਕੌਰ :
0061-406619858

**ਵਿਦੇਸ਼ ਤੋਂ ਰਤਵਾੜਾ ਸਾਹਿਬ ਆਉਣ ਵਾਲੀ ਸੰਗਤ ਲਈ ਦਿੱਲੀ ਅਤੇ ਅੰਮ੍ਰਿਤਸਰ ਏਅਰਪੋਰਟ ਤੋਂ ਫਰੀ ਸੇਵਾ - ਸੰਪਰਕ ਨੰਬਰ -**

**9417214378, 9417214384**

**ਰਤਵਾੜਾ ਸਾਹਿਬ ਵਿਖੇ ਅਦਾਰਿਆਂ ਦੇ ਸੰਪਰਕ**

1. ਆਤਮ ਮਾਰਗ 9417214391,8437812900,9417214379
2. ਗੁਰੂ ਗੋਬਿੰਦ ਸਿੰਘ ਵਿਦਿਆ ਮੰਦਰ ਸ.ਸ.ਸਕੂਲ (ਸੀ.ਬੀ.ਐਸ.ਈ.) 0160-2255003
3. ਮਾਤਾ ਸਾਹਿਬ ਕੌਰ ਸਿਲਾਈ ਸੈਂਟਰ 9646101996
4. ਸੰਤ ਵਰਿਆਮ ਸਿੰਘ ਮੈਮੋਰੀਅਲ ਸ.ਸ.ਸਕੂਲ (ਪੀ.ਐਸ.ਈ.ਬੀ.) 9592055581
5. ਸੰਤ ਵਰਿਆਮ ਸਿੰਘ ਚੈਰੀਟੇਬਲ ਹਸਪਤਾਲ: 9592212900
6. ਬੀਐਡ ਕਾਲਜ ਅਤੇ ਨਰਸਿੰਗ ਕਾਲਜ 9417214382
8. ਬਿਰਧ ਆਸ਼ਰਮ 9815728220

**ਵਿਸ਼ੇਸ਼ ਜਾਣਕਾਰੀ ਲਈ**

ਸ੍ਰੀ ਮਾਨ ਜੀ - 98551-32009

ਸ੍ਰੀ ਅਖੰਡਪਾਠ ਸਾਹਿਬ ਸੇਵਾ - 94647-12900

**ਹੋਰ ਸੰਪਰਕ ਨੰਬਰ**

**98889-10777, 96461-01996, 9417214381**

# ਤੱਤਕਰਾ


| | | |
|---|---|---|
| 1. | **ਸੰਪਾਦਕੀ** | 5 |
| | *ਭਾਈ (ਡਾ.) ਸੁਖਵਿੰਦਰ ਸਿੰਘ* | |
| 2. | **ਬਾਰਹ ਮਾਹਾ** | 7 |
| | *ਭਾਈ (ਡਾ.) ਸੁਖਵਿੰਦਰ ਸਿੰਘ* | |
| 3. | **ਮੰਝ ਪਿਆਰਾ ਗੁਰੂ ਨੂੰ.......।** | 11 |
| | *ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ* | |
| 4. | **ਚਿਤ ਨਾ ਭਯੋ ਹਮਰੋ ਆਵਨ ਕਹ** | 24 |
| | *ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ* | |
| 5. | **ਸਤਸੰਗਤਿ ਕੈਸੀ ਜਾਣੀਐ ॥ ਜਿਥੈ ਏਕੋ ਨਾਮੁ ਵਖਾਣੀਐ ॥** | 36 |
| | *ਸੰਤ ਬਾਬਾ ਹਰਪਾਲ ਸਿੰਘ ਜੀ* | |
| 6. | **ਸ਼ਹੀਦ ਬਾਬਾ ਦੀਪ ਸਿੰਘ ਜੀ** | 39 |
| | *ਸ. ਰਣਜੀਤ ਸਿੰਘ ਰਾਣਾ* | |
| 7. | **ਨਾਮ-ਜਪ-ਸਿਮਰਨ ਅਤੇ ਗੁਰਬਾਣੀ ਵਿਚਾਰ** | 42 |
| | *ਡਾ. ਜਗਜੀਤ ਸਿੰਘ* | |
| 8. | **ਸ੍ਰੀ ਮੁਕਤਸਰ ਸਾਹਿਬ ਦੇ ਸ਼ਹੀਦ** | 45 |
| | *ਗਿਆਨੀ ਭਜਨ ਸਿੰਘ* | |
| 9. | **ਗੁਰਬਾਣੀ ਅਰਥ ਭੰਡਾਰ** | 47 |
| | *ਸੰਤ ਹਰੀ ਸਿੰਘ ਜੀ 'ਰੰਧਾਵੇ' ਵਾਲੇ* | |
| 10. | **ਗੁਰ ਨਾਨਕ ਆਗਮਨ** | 50 |
| | *ਪਦਮ ਭੂਸ਼ਨ - ਡਾ. ਭਾਈ ਵੀਰ ਸਿੰਘ ਜੀ* | |
| 11. | **ਪ੍ਰਗਟਿਓ ਖਾਲਸਾ** | 52 |
| | *ਪ੍ਰੋ. ਗੁਰਦੇਵ ਸਿੰਘ* | |
| 12. | **ਵਿਸ਼ੇਸ਼ ਜਾਣਕਾਰੀ :- ਰਤਵਾੜਾ ਸਾਹਿਬ ਵਿਖੇ ਕੀਰਤਨ ਸਮਾਗਮ ਇੰਟਰਨੈਟ ਵੈਬਸਾਈਟ, ਕੀਰਤਨ ਲਾਈਵ ਟੈਲੀਕਾਸਟ, ਬੈਂਕ ਅਕਾਊਂਟ, ਅਤੇ ਮਹਾਂਪੁਰਸ਼ਾਂ ਵਲੋਂ ਰਚਿਤ ਪੁਸਤਕਾਂ ਦੀ ਸੂਚੀ** | 56 |

# ਸੰਪਾਦਕੀ

# ਨਾਨਕ ਸੋਈ ਦਿਨਸੁ ਸੁਹਾਵੜਾ ਜਿਤੁ ਪ੍ਰਭੁ ਆਵੈ ਚਿਤਿ ॥

*ਭਾਈ (ਡਾ.) ਸੁਖਵਿੰਦਰ ਸਿੰਘ*
*ਮੈਨੇਜਿੰਗ ਐਡੀਟਰ*

ਅੰਗ੍ਰੇਜ਼ੀ ਕਲੰਡਰ ਦੇ ਮੁਤਾਬਿਕ ਨਵੇਂ ਸਾਲ 2025 ਦੀ ਆਮਦ ਹੋ ਰਹੀ ਹੈ। ਮੁਬਾਰਕ ਹੈ ਨਵੇਂ ਸਾਲ ਨੂੰ। ਜੀ ਆਇਆਂ, ਵੈਲਕੱਮ ਹੈ। ਪਰ ਗੁਰਮਤਿ ਵਿਚ ਨਵਾਂ ਸਾਲ ਚੇਤ ਮਹੀਨੇ ਤੋਂ ਮੰਨਿਆ ਜਾਂਦਾ ਹੈ। ਆਰਥਿਕ ਮਾਮਲਿਆਂ ਵਿਚ ਇਹ 1 ਅਪ੍ਰੈਲ ਤੋਂ ਮੰਨਿਆ ਜਾਂਦਾ ਹੈ। ਕਿਸਾਨੀ ਵਰਗ ਵਿਚ ਵਿਸਾਖੀ ਤੋਂ ਨਵਾਂ ਵਰ੍ਹਾ ਮੰਨਿਆ ਜਾਂਦਾ ਹੈ। ਖੈਰ! ਜਦੋਂ ਵੀ ਮੰਨਿਆ ਜਾਵੇ ਮੁਬਾਰਕ ਹੈ। ਕੋਸ਼ਾਂ ਅਨੁਸਾਰ ਸਮੇਂ ਦੇ ਅਰਥ ਕਾਲ, ਵੇਲਾ ਤੇ ਅਉਸਰ ਹਨ। ਇਹ ਆਪਣੀ ਚਾਲ ਚਲਦਾ ਅਗਾਂਹ ਵਧਦਾ ਨਜ਼ਰ ਆ ਰਿਹਾ ਹੈ। ਜੋ ਵੀ ਸਮੇਂ ਦੇ ਗੇੜ ਵਿਚ ਹੈ, ਭਾਵ ਕਾਲ ਦੇ ਚੱਕਰ ਵਿਚ ਹੈ, ਉਸ ਦਾ ਸਮਾਂ ਘੱਟ ਰਿਹਾ ਹੈ। ਜੋ ਵੀ ਸ਼ੈਅ ਸੰਸਾਰ ਮੰਚ 'ਤੇ ਪੈਦਾ ਹੋਈ, ਜਿਸ ਦੀ ਸ਼ਕਲ ਜਾਂ ਕੋਈ ਨਾਮ ਰੱਖਿਆ ਹੈ ਉਹ ਸਥੂਲ ਰੂਪ ਵਿਚ ਇਕ ਦਿਨ ਬਿਨਸਨੀ ਹੈ।

*ਜੋ ਉਪਜਿਓ ਸੋ ਬਿਨਸਿ ਹੈ ਪਰੋ ਆਜੁ ਕੈ ਕਾਲਿ ॥*

*ਅੰਗ- ੧੪੨੯*

ਸੰਸਾਰ ਮੰਚ 'ਤੇ ਇਸ ਨਵੇਂ ਵਰ੍ਹੇ ਦੀ ਆਮਦ ਨੂੰ ਆਪਣੇ-ਆਪਣੇ ਤਰੀਕੇ ਨਾਲ ਮੁਬਾਰਕਬਾਦ ਦਿਤੀ ਜਾਂਦੀ ਹੈ। ਜੀ ਆਇਆਂ, ਵੈਲਕੱਮ ਕਰਨਾ ਹੈ। ਜਸ਼ਨ, ਸਮਾਰੋਹ ਮਨਾਏ ਜਾਂਦੇ ਹਨ। ਬਹੁਤਾਤ ਲੋਕ ਇਸ ਮਨੌਤ ਵਿਚ ਰੁਝੇ ਰਹਿਣਗੇ। ਲੰਘ ਗਏ ਸਮੇਂ ਨੂੰ ਭੂਤਕਾਲ, ਚਲ ਰਹੇ ਨੂੰ ਵਰਤਮਾਨ 'ਤੇ ਆਉਣ ਵਾਲੇ ਸਮੇਂ ਨੂੰ ਭਵਿੱਖ ਕਾਲ ਕਿਹਾ ਜਾਂਦਾ ਹੈ। ਇਹ ਵੀ ਅੰਤਿਮ ਸੱਚ ਹੈ ਕਿ ਲੰਘ ਗਿਆ ਸਮਾਂ ਮੁੜ ਕੇ ਹੱਥ ਨਹੀਂ ਆਉਂਦਾ। ਭਵਿੱਖ ਨੇ ਅਜੇ ਬਰੂਹਾਂ ਤੇ ਪੈਰ ਨਹੀਂ ਧਰਿਆ, ਫਿਰ ਪਿਛੇ ਕੀ ਬਚਿਆ, ਕੇਵਲ ਵਰਤਮਾਨ। ਤਾਂ ਹੀ ਸੱਚੇ ਪਾਤਸ਼ਾਹ ਫੁਰਮਾਨ ਕਰਦੇ ਹਨ ਕਿ ਵਰਤਮਾਨ ਨੂੰ ਸੰਭਾਲੋ -

*ਬੇੜਾ ਬੰਧਿ ਨ ਸਕਿਓ ਬੰਧਨ ਕੀ ਵੇਲਾ ॥*
*ਭਰਿ ਸਰਵਰੁ ਜਬ ਊਛਲੈ ਤਬ ਤਰਣੁ ਦੁਹੇਲਾ ॥*

*ਅੰਗ- ੭੯੪*

ਵਰਤਮਾਨਤਾ ਦੇ ਸਬੰਧ ਵਿਚ ਅਨੇਕਾਂ ਬਖਸ਼ਿਸ਼ਾਂ ਸੱਚੇ ਪਾਤਸ਼ਾਹ ਸਾਨੂੰ ਪਵਿੱਤਰ ਧੁਰ ਕੀ ਬਾਣੀ ਰਾਹੀਂ ਬਖਸ਼ ਰਹੇ ਹਨ ਜਿਵੇਂ ਕਿ -

*ਐਸਾ ਕੰਮੁ ਮੂਲੇ ਨ ਕੀਚੈ ਜਿਤੁ ਅੰਤਿ ਪਛੋਤਾਈਐ ॥*

*ਅੰਗ- ੯੧੮*

*ਇਹੀ ਤੇਰਾ ਅਉਸਰੁ ਇਹ ਤੇਰੀ ਬਾਰ ॥*
*ਘਟ ਭੀਤਰਿ ਤੂ ਦੇਖੁ ਬਿਚਾਰਿ ॥* *ਅੰਗ - ੧੧੫੯*

ਹੁਣ ਜੋ ਸਮਾਂ ਸਾਡੇ ਕੋਲ ਹੈ ਉਹੀ ਸਾਡਾ ਆਪਣਾ ਹੈ। ਭੂਤਕਾਲ ਤੇ ਭਵਿੱਖਤ ਕਾਲ ਸਾਡੀ ਪਕੜ ਵਿਚ ਨਹੀਂ ਹਨ। ਵਰਤਮਾਨ ਸਮੇਂ ਦੀ ਸੰਭਾਲ ਬਾਰੇ ਮਹਾਰਾਜ ਤਾਗੀਦ ਕਰਦੇ ਹਨ ਕਿ -

*ਨਾਨਕ ਸੋਈ ਦਿਨਸੁ ਸੁਹਾਵੜਾ ਜਿਤੁ ਪ੍ਰਭੁ ਆਵੈ ਚਿਤਿ ॥*

*ਅੰਗ- ੩੧੮*

ਸਮੇਂ ਨੂੰ ਸੰਵਾਰਨਾ ਜਾਂ ਵਿਗਾੜਨਾ ਮਨੁੱਖ ਨੇ ਦੇਖਣਾ ਹੈ। ਜੇ ਸਮਰੱਥ ਸਤਿਗੁਰੂ ਦੇ ਦਰਸਾਏ ਆਤਮ ਮਾਰਗ, ਰੂਹਾਨੀ ਮਾਰਗ 'ਤੇ ਚੱਲਿਆ ਜਾਵੇ ਤਾਂ ਮੁਬਾਰਕਬਾਦ ਹੈ, ਨਹੀਂ ਫਿਰ ਧਿਰਕਾਰ ਹੈ। ਭਾਵ-

*ਜਿਤੁ ਦਿਨਿ ਵਿਸਰੈ ਪਾਰਬ੍ਰਹਮੁ*
*ਫਿਟੁ ਭਲੇਰੀ ਰੁਤਿ ॥* *ਅੰਗ- ੩੧੮*

ਉਹ ਪਲ ਸੁਹਾਵਣੇ ਹਨ ਜੋ ਉਸ ਨਾਲ ਜੁੜ ਕੇ ਬੀਤਦੇ ਹਨ -

*ਸੋਈ ਸਾਸਤੁ ਸਉਣੁ ਸੋਇ ਜਿਤੁ ਜਪੀਐ ਹਰਿ ਨਾਉ ॥*

*ਅੰਗ- ੪੮*

ਸਮਾਂ ਸਕਿੰਟਾਂ, ਮਿੰਟਾਂ, ਘੰਟਿਆਂ, ਦਿਨਾਂ, ਹਫ਼ਤਿਆਂ, ਮਹੀਨਿਆਂ, ਸਾਲਾਂ, ਦਹਾਕਿਆਂ, ਅਰਧ ਸਦੀਆਂ ਤੇ ਸਦੀਆਂ ਰਾਹੀਂ ਆਪਣੀ ਚਾਲ ਚਲ ਰਿਹਾ ਹੈ। ਗੁਰਬਾਣੀ ਅਨੁਸਾਰ ਇਹ ਵਿਸੂਏ, ਚਸਿਆਂ, ਘੜੀਆਂ, ਪਹਿਰਾਂ, ਥਿਤਾਂ ਤੇ ਵਾਰਾਂ ਰਾਹੀਂ ਅੱਗੇ ਵਧ ਰਿਹਾ ਹੈ। ਇਹ ਆਪਣੇ ਆਪ ਅੱਗੇ ਵਧਦਾ ਹੈ ਪਰ ਅਸੀਂ ਸਾਰੇ ਘਟ ਰਹੇ ਹਾਂ -

*ਦਿਨ ਤੇ ਪਹਰ ਪਹਰ ਤੇ ਘਰੀਆਂ ਆਵ ਘਟੈ ਤਨੁ ਛੀਜੈ ॥*

*ਅੰਗ - ੬੯੨*

ਉਮਰ ਵਧਦੀ ਨਜ਼ਰ ਆਉਂਦੀ ਹੈ ਪਰ ਅਸਲ ਸੱਚ ਗੁਰਬਾਣੀ ਦਾ ਹੈ। ਗੁਰਬਾਣੀ ਅਨੁਸਾਰ ਇਹ ਵੱਧ ਨਹੀਂ ਘੱਟ ਰਹੀ ਹੈ -

*ਜਨਨੀ ਜਾਨਤ ਸੁਤੁ ਬਡਾ ਹੋਤੁ ਹੈ*
*ਇਤਨਾ ਕੁ ਨ ਜਾਨੈ ਜਿ ਦਿਨ ਦਿਨ ਅਵਧ ਘਟਤੁ ਹੈ ॥*
*ਅੰਗ- ੯੧*

ਮਾਂ ਸਮਝ ਰਹੀ ਹੈ ਕਿ ਬੱਚੇ ਦੀ ਉਮਰ ਵਧ ਰਹੀ ਹੈ, ਜਨਮ ਦਿਨਾਂ ਦੇ ਜਸ਼ਨ ਮਨਾਏ ਜਾਂਦੇ ਹਨ। happy birthday ਦੀ ਮੁਬਾਰਕ ਦਿਤੀ ਜਾਂਦੀ ਹੈ ਪਰ ਗੁਰਬਾਣੀ ਸਾਨੂੰ ਸੁਚੇਤ ਕਰਦੀ ਹੈ ਕਿ ਬਖਸ਼ੀ ਹੋਈ ਕੁੱਲ ਉਮਰ ਵਿਚੋਂ birthday, (ਜਨਮ ਦਿਨ) ਵਾਲੇ ਦਿਨ ਇਕ ਸਾਲ ਘਟ ਗਿਆ ਹੈ। ਇਹ ਸਮਾਂ ਘਟਦਾ-ਘਟਦਾ ਇਕ ਦਿਨ ਜ਼ੀਰੋ (0) 'ਤੇ ਆ ਜਾਂਦਾ ਹੈ। ਭਾਵ -

*ਛਿਨੁ ਛਿਨੁ ਅਉਧ ਬਿਹਾਤੁ ਹੈ*
*ਫੂਟੈ ਘਟ ਜਿਉ ਪਾਨੀ ॥* *ਅੰਗ- ੭੨੬*

ਤਾਹੀਂ ਇਸ ਵਰਤਮਾਨ ਸਮੇਂ ਨੂੰ ਸਾਰਥਕ ਬਣਾਉਣ ਲਈ ਭਾਵ ਸਫਲ ਬਣਾਉਣ ਲਈ ਮਹਾਰਾਜ ਬਖਸ਼ਿਸ਼ ਕਰਦੇ ਹਨ ਕਿ -

*ਕਬੀਰ ਕਾਲਿ ਕਰੰਤਾ ਅਬਹਿ ਕਰੁ*
*ਅਬ ਕਰਤਾ ਸੁਇ ਤਾਲ ॥*
*ਪਾਛੈ ਕਛੂ ਨ ਹੋਇਗਾ*
*ਜਉ ਸਿਰ ਪਰਿ ਆਵੈ ਕਾਲੁ ॥* *ਅੰਗ- ੧੩੭੧*

ਉਹੀ ਸਮਾਂ ਸਫਲ ਹੈ ਜਦੋਂ ਪਰਮ ਸ਼ਕਤੀ ਵਾਹਿਗੁਰੂ ਚਿਤ ਆ ਜਾਵੇ।

*ਸਾ ਵੇਲਾ ਸੋ ਮੂਰਤੁ ਸਾ ਘੜੀ ਸੋ ਮੁਹਤੁ ਸਫਲੁ ਹੈ ਮੇਰੀ ਜਿੰਦੁੜੀਏ*
*ਜਿਤੁ ਹਰਿ ਮੇਰਾ ਚਿਤਿ ਆਵੈ ਰਾਮ ॥* *ਅੰਗ- ੫੪੦*
*ਸਾ ਵੇਲਾ ਪਰਵਾਣੁ ਜਿਤੁ ਸਤਿਗੁਰੁ ਭੇਟਿਆ ॥*
*ਅੰਗ- ੫੨੦*

ਉਪਰੋਕਤ ਬਖਸ਼ਿਸ਼ਾਂ ਸਮੇਂ ਨੂੰ ਸੁਹਾਵਣੇ ਬਣਾਉਣ, ਸਫਲ ਕਰਨ, ਪਰਵਾਣ ਹੋਣ ਦੀਆਂ ਹਨ। ਜੇਕਰ ਇਸ ਪ੍ਰਤੀ ਅਵੇਸਲਾ ਹੋਏ ਤਾਂ ਵੀ ਸੱਚੇ ਪਾਤਸ਼ਾਹ ਤਾਗੀਦ ਕਰਦੇ ਹਨ ਕਿ -

*ਅਵਰਿ ਕਾਜ ਤੇਰੈ ਕਿਤੈ ਨ ਕਾਮ ॥*
*ਮਿਲੁ ਸਾਧਸੰਗਤਿ ਭਜੁ ਕੇਵਲ ਨਾਮ ॥* *ਅੰਗ- ੧੨*
*ਕਬੀਰ ਇਹੁ ਤਨੁ ਜਾਇਗਾ ਕਵਨੈ ਮਾਰਗਿ ਲਾਇ ॥*
*ਕੈ ਸੰਗਤਿ ਕਰਿ ਸਾਧ ਕੀ ਕੈ ਹਰਿ ਕੇ ਗੁਨ ਗਾਇ ॥*
*ਅੰਗ- ੧੩੬੫*

*ਨਾਨਕ ਸਮਿਓ ਰਮਿ ਗਇਓ ਅਬ ਕਿਉ ਰੋਵਤ ਅੰਧ॥*
*ਅੰਗ- ੧੪੨੮*

ਮਨਿ ਅੰਧੈ ਜਨਮੁ ਗਵਾਇਆ ॥ (ਅੰਗ- 464) ਵਾਲੀ ਸਥਿਤੀ ਬਣ ਜਾਂਦੀ ਹੈ ਪਰ ਮਹਾਰਾਜ ਹੌਂਸਲਾ ਬਖਸ਼ਦੇ ਹਨ ਕਿ ਅਜੇ ਵੀ ਸੰਭਲੋ, ਸੰਭਾਲੋ ਆਪਣੇ ਆਪ ਨੂੰ ਤੇ ਸਮੇਂ ਨੂੰ -

*ਅਜਹੂ ਕਛੁ ਬਿਗਰਿਓ ਨਹੀ ਜੋ ਪ੍ਰਭ ਗੁਨ ਗਾਵੈ ॥*
*ਕਹੁ ਨਾਨਕ ਤਿਹ ਭਜਨ ਤੇ ਨਿਰਭੈ ਪਦੁ ਪਾਵੈ ॥*
*ਅੰਗ- ੭੨੬*

ਜੇਕਰ ਸਮੇਂ ਦੀ ਚਾਲ ਦੇ ਵੀਚਾਰਾਂ ਦੀ ਲੜੀ ਹੀ ਜਾਰੀ ਰਹੀ ਫਿਰ ਕਦੋਂ ਰੂਹਾਨੀ ਮਾਰਗ ਦੇ ਪਾਂਧੀ ਬਣਾਂਗੇ -

*ਜੇ ਵੇਲਾ ਵਖਤੁ ਵੀਚਾਰੀਐ ਤਾ ਕਿਤੁ ਵੇਲਾ ਭਗਤਿ ਹੋਇ ॥*
*ਅੰਗ - ੩੫*

ਸੋ ਸਮੁੱਚੀ ਵੀਚਾਰ ਜੋ ਸੱਚੇ ਪਾਤਸ਼ਾਹ ਸਾਨੂੰ ਬਖਸ਼ਿਸ਼ ਕਰ ਰਹੇ ਹਨ, ਦਾ ਨਤੀਜਾ ਹੈ ਕਿ ਵਰਤਮਾਨ ਨੂੰ ਸੰਭਾਲਦੇ ਹੋਏ, ਸਮਰੱਥ ਸਤਿਗੁਰੂ ਦੀ ਸ਼ਰਨ ਪ੍ਰਾਪਤ ਕਰ, ਉਸ ਦੇ ਪਿਆਰਿਆਂ ਦੀ ਸੰਗਤ ਵਿਚ ਜੁੜ, ਆਪਣੇ ਅੰਦਰਲੇ ਨੂੰ ਸੰਵਾਰਨਾ ਹੈ -

*ਆਪੁ ਸਵਾਰਹਿ ਮੈ ਮਿਲਹਿ ਮੈ ਮਿਲਿਆ ਸੁਖੁ ਹੋਇ ॥*
*ਫਰੀਦਾ ਜੇ ਤੂੰ ਮੇਰਾ ਹੋਇ ਰਹਹਿ*
*ਸਭੁ ਜਗੁ ਤੇਰਾ ਹੋਇ ॥* *ਅੰਗ - ੧੩੮੨*

*ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ ॥*
*ਅੰਗ- ੪੪੧*

ਪਰਮ ਆਪੇ ਨਾਲ ਜੁੜ ਕੇ ਆਪਣੇ ਨਿਜ ਦੇ ਆਪੇ ਦੀ ਪਛਾਣ ਹੋ ਜਾਵੇ ਇਹੀ ਸਮੇਂ ਦੀ ਸਫਲਤਾ ਹੈ। ਇਹੀ ਸਮੇਂ ਨੂੰ ਸੰਵਾਰਨਾ ਹੈ। ਇਸ ਵਾਸਤੇ ਅਰਦਾਸ ਹੈ -

*ਦੇਹੁ ਸਜਣ ਅਸੀਸੜੀਆ ਜਿਉ ਹੋਵੈ ਸਾਹਿਬ ਸਿਉ ਮੇਲੁ ॥*
*ਅੰਗ- ੧੨*

ਇਹੀ ਸੱਚੀ ਅਸੀਸ ਹੈ -

*ਪੂਤਾ ਮਾਤਾ ਕੀ ਆਸੀਸ ॥*
*ਨਿਮਖ ਨ ਬਿਸਰਉ ਤੁਮ੍ ਕਉ ਹਰਿ ਹਰਿ*
*ਸਦਾ ਭਜਹੁ ਜਗਦੀਸ ॥ ੧ ॥ ਰਹਾਉ ॥*
*ਸਤਿਗੁਰੁ ਤੁਮ੍ ਕਉ ਹੋਇ ਦਇਆਲਾ*
*ਸੰਤਸੰਗਿ ਤੇਰੀ ਪ੍ਰੀਤਿ ॥*
*ਕਾਪੜੁ ਪਤਿ ਪਰਮੇਸਰੁ ਰਾਖੀ*

*(ਬਾਕੀ ਪੰਨਾ 10 'ਤੇ)*

# ਮਾਘਿ
# ਸੰਗਰਾਂਦ - ਜਨਵਰੀ 14 (ਦਿਨ ਮੰਗਲਵਾਰ)

*ਭਾਈ (ਡਾ.) ਸੁਖਵਿੰਦਰ ਸਿੰਘ*
*ਮੈਨੇਜਿੰਗ ਐਡੀਟਰ*

**ਮਾਘਿ ਮਜਨੁ ਸੰਗਿ ਸਾਧੂਆ ਧੂੜੀ ਕਰਿ ਇਸਨਾਨੁ ॥**
**ਹਰਿ ਕਾ ਨਾਮੁ ਧਿਆਇ ਸੁਣਿ ਸਭਨਾ ਨੋ ਕਰਿ ਦਾਨੁ ॥**
**ਜਨਮ ਕਰਮ ਮਲੁ ਉਤਰੈ ਮਨ ਤੇ ਜਾਇ ਗੁਮਾਨੁ ॥**
**ਕਾਮਿ ਕਰੋਧਿ ਨ ਮੋਹੀਐ ਬਿਨਸੈ ਲੋਭੁ ਸੁਆਨੁ ॥**
**ਸਚੈ ਮਾਰਗਿ ਚਲਦਿਆ ਉਸਤਤਿ ਕਰੇ ਜਹਾਨੁ ॥**
**ਅਠਸਠਿ ਤੀਰਥ ਸਗਲ ਪੁੰਨ ਜੀਅ ਦਇਆ ਪਰਵਾਨੁ ॥**
**ਜਿਸ ਨੋ ਦੇਵੈ ਦਇਆ ਕਰਿ ਸੋਈ ਪੁਰਖੁ ਸੁਜਾਨੁ ॥**
**ਜਿਨਾ ਮਿਲਿਆ ਪ੍ਰਭੁ ਆਪਣਾ ਨਾਨਕ ਤਿਨ ਕੁਰਬਾਨੁ ॥**
**ਮਾਘਿ ਸੁਚੇ ਸੇ ਕਾਂਢੀਅਹਿ ਜਿਨ ਪੂਰਾ ਗੁਰੁ ਮਿਹਰਵਾਨੁ ॥੧੨॥**

***ਅੰਗ - ੧੩੫***

'ਮਾਘਿ' ਜਿਥੇ ਮਹੀਨੇ ਦਾ ਨਾਮ ਹੈ ਉਥੇ ਇਹਦੇ ਅਰਥ ਮਹਾਨ ਜਾਂ ਸਭ ਤੋਂ ਵੱਡਾ ਵੀ ਹੈ। ਇਸ ਨੂੰ ਸਨਮੁੱਖ ਰਖਦੇ ਹੋਏ ਸੱਚੇ ਪਾਤਸ਼ਾਹ ਸਾਨੂੰ ਗੁਰਮਤਿ ਦੇ ਮਹਾਨ ਸਿਧਾਂਤ ਦੀ ਸੋਝੀ ਬਖਸ਼ ਰਹੇ ਹਨ। ਰੂਹਾਨੀ ਦੁਨੀਆਂ ਵਿਚ ਨਾਮ, ਦਾਨ ਤੇ ਇਸ਼ਨਾਨ ਤਿੰਨ ਸ਼ਬਦ ਅਹਿਮ ਮਹੱਤਤਾ ਤੇ ਸਥਾਨ ਰਖਦੇ ਹਨ। ਧਰਮ ਦੇ ਧਾਰਨੀ ਪੁਰਸ਼ਾਂ ਦਾ ਇਨ੍ਹਾਂ ਤਿੰਨਾਂ ਨਾਲ ਅਥਾਹ ਪਿਆਰ ਤੇ ਵਾਹ ਹੈ। ਹਿੰਦੂਇਜ਼ਮ ਵਿਚ ਇਨ੍ਹਾਂ ਦੀ ਪਰਿਭਾਸ਼ਾ ਤੇ ਵਿਹਾਰਿਕ ਰੂਪ ਅਲੱਗ ਤਰ੍ਹਾਂ ਮੰਨਿਆ ਜਾਂਦਾ ਹੈ ਪਰ ਗੁਰਮਤਿ ਦੇ ਵਿਚ ਇਕ ਨਿਵੇਕਲੇ ਤੌਰ 'ਤੇ ਇਨ੍ਹਾਂ ਦੀ ਪਰਿਭਾਸ਼ਾ ਨਿਸਚਿਤ ਕੀਤੀ ਗਈ ਹੈ। ਗੁਰਮਤਿ ਵਿਚ 'ਗੁਰਮੁਖਿ ਨਾਮ ਦਾਨ ਇਸ਼ਨਾਨ' ਦਾ ਸਿਧਾਂਤ ਹੈ। ਗੁਰਮਤਿ ਵਿਚ ਤਨ ਅਤੇ ਮਨ ਦੇ ਇਸ਼ਨਾਨ ਦੀ ਵੀਚਾਰ ਹੈ। ਤਨ ਭਾਵ ਸਰੀਰ ਦਾ ਇਸ਼ਨਾਨ ਕੇਵਲ ਸਰੀਰ ਦੀ ਸਫਾਈ ਜਾਂ ਸ਼ੁੱਧੀ ਤਕ ਸੀਮਤ ਹੈ। ਇਸ ਤੋਂ ਬਾਅਦ ਵੀਚਾਰ ਮਨ ਬੁੱਧ, ਚਿੱਤ ਦੀ ਹੈ। ਤਨ ਦਾ ਇਸ਼ਨਾਨ ਸਥੂਲ ਹੈ ਪਰ ਮਨ ਦਾ ਇਸ਼ਨਾਨ ਅਤੀ ਸੂਖਸ਼ਮ ਹੈ। ਤਨ ਦਾ ਇਸ਼ਨਾਨ ਪਾਣੀ (ਜਲ) ਨਾਲ ਹੈ ਪਰ ਮਨ ਦਾ ਇਸ਼ਨਾਨ ਬਾਣੀ (ਨਾਮ) ਨਾਲ ਕੀਤਾ ਜਾਂਦਾ ਹੈ। ਤਾਂਹੀ ਸੱਚੇ ਪਾਤਸ਼ਾਹ ਨੇ ਫੁਰਮਾਨ ਕੀਤਾ ਹੈ ਕਿ -

*ਕਰਿ ਇਸਨਾਨੁ ਸਿਮਰਿ ਪ੍ਰਭੁ ਅਪਨਾ*
*ਮਨ ਤਨ ਭਏ ਅਰੋਗਾ ॥* *ਅੰਗ- ੬੧੧*

ਭਾਵ -

*ਰਾਮਦਾਸਿ ਸਰੋਵਰ ਨਾਤੇ ॥*
*ਸਭ ਲਾਥੇ ਪਾਪ ਕਮਾਤੇ ॥* *ਅੰਗ- ੬੨੪*

ਹਿੰਦੂ ਸਾਸ਼ਤਰਾਂ ਵਿਚ ਮਾਘ ਮਹੀਨੇ ਦੇ ਇਸ਼ਨਾਨ ਨੂੰ ਬਹੁਤ ਅਹਿਮੀਅਤ ਦਿਤੀ ਗਈ ਹੈ। ਭਾਵ ਤੀਰਥ ਅਸਥਾਨਾਂ ਤੇ ਇਸ ਮਹੀਨੇ ਦੀ ਸੰਗਰਾਂਦ ਨੂੰ ਇਸ਼ਨਾਨ ਕਰਨਾ ਪੁੰਨ ਕਰਮ ਸਮਝਿਆ ਜਾਂਦਾ ਹੈ ਪਰ ਗੁਰਮਤਿ ਦਾ ਸਿਧਾਂਤ ਇਸ ਤਰ੍ਹਾਂ - ***'ਮਾਘਿ ਮਜਨੁ ਸੰਗਿ ਸਾਧੂਆ ਧੂੜੀ ਕਰਿ ਇਸਨਾਨੁ ॥'***

ਸਭ ਤੋਂ ਉੱਤਮ ਇਸ਼ਨਾਨ ਰੱਬ ਦੇ ਪਿਆਰਿਆਂ, ਸਾਧੂ ਜਨਾਂ, ਗੁਰਸਿੱਖਾਂ, ਗੁਰਮੁਖਾਂ ਦੀ ਸੰਗਤ ਵਿਚ ਬੈਠ ਕੇ ਨਾਮ ਬਾਣੀ ਨਾਲ ਜੁੜਨਾ ਹੈ। ਭਾਵ - ***ਤੀਰਥਿ ਨਾਵਣ ਜਾਉ ਤੀਰਥੁ ਨਾਮੁ ਹੈ ॥ (ਅੰਗ- ੬੮੭)*** ਗੁਰੂ ਮਹਾਰਾਜ ਨੇ ਤਨ ਦੀ ਸ਼ੁੱਧੀ ਦੇ ਨਾਲ ਮਨ ਦੀ ਪਵਿੱਤਰਤਾ ਤੇ ਜ਼ਿਆਦਾ ਜ਼ੋਰ ਦਿਤਾ ਹੈ। ਐਸਾ ਨਾ ਹੋਵੇ ਕਿ -

*ਨਾਵਣ ਚਲੇ ਤੀਰਥੀ ਮਨਿ ਖੋਟੈ ਤਨਿ ਚੋਰ ॥*
*ਇਕੁ ਭਾਉ ਲਥੀ ਨਾਤਿਆ ਦੁਇ ਭਾ ਚੜੀਅਸੁ ਹੋਰ ॥*
*ਅੰਗ-੭੮੯*

ਰੱਬ ਦੇ ਪਿਆਰਿਆਂ ਦੀ ਸੰਗਤ ਰੂਪੀ ਸਰੋਵਰ

ਵਿਚ ਚੁੱਭੀ ਲਾਉਣ ਨਾਲ ਪ੍ਰਾਪਤੀ ਕੀ ਹੋਵੇਗੀ -

*ਆਵੈ ਸਾਹਿਬੁ ਚਿਤਿ ਤੇਰਿਆ ਭਗਤਾ ਡਿਠਿਆ ॥*
*ਮਨ ਕੀ ਕਟੀਐ ਮੈਲੁ ਸਾਧਸੰਗਿ ਵੁਠਿਆ ॥ ਅੰਗ- ੫੨੦*

ਜਦੋਂ ਤਕ ਮਨ ਦੀ ਮਲੀਨਤਾ ਦੂਰ ਨਹੀਂ ਹੁੰਦੀ ਉਦੋਂ ਤਕ ਤਨ ਦੀ ਸ਼ੁੱਧਤਾ ਦਾ ਕੋਈ ਅਰਥ ਨਹੀਂ ਰਹਿ ਜਾਂਦਾ। ਭਾਵ -

*ਮਨਿ ਮੈਲੈ ਸਭੁ ਕਿਛੁ ਮੈਲਾ*
*ਤਨਿ ਧੋਤੈ ਮਨੁ ਹਛਾ ਨ ਹੋਇ ॥ ਅੰਗ- ੫੫੮*

ਜਦੋਂ ਗੁਰਮੁਖਾਂ/ ਰੱਬ ਦੇ ਪਿਆਰਿਆਂ ਦੀ ਸੰਗਤ ਵਿਚ ਜਾ ਕੇ ਮਨ ਨਿਰਮਲ ਹੋ ਗਿਆ, ਤਾਂ ਫਿਰ ਪ੍ਰਾਪਤੀ ਹੁੰਦੀ ਹੈ -

*ਕਬੀਰ ਮਨੁ ਨਿਰਮਲੁ ਭਇਆ ਜੈਸਾ ਗੰਗਾ ਨੀਰੁ ॥*
*ਪਾਛੈ ਲਾਗੋ ਹਰਿ ਫਿਰੈ ਕਹਤ ਕਬੀਰ ਕਬੀਰ ॥*
*ਅੰਗ - ੧੩੬੭*

ਫਿਰ ਜਿਸ ਪਰਮ ਸ਼ਕਤੀ ਨੂੰ ਪੁਕਾਰ-ਪੁਕਾਰ ਕੇ ਜਪਦੇ ਸੀ, ਹੁਣ ਉਹ ਪਰਮ ਸ਼ਕਤੀ ਆਪਣੇ ਭਗਤ ਦਾ ਨਾਮ ਸਿਮਰ ਰਹੀ ਹੈ ਕਿਉਂਕਿ ਮਨ ਨਿਰਮਲ ਹੋ ਗਿਆ। ਵਿਕਾਰਾਂ ਦੀ ਮੈਲ ਤੋਂ ਸਵੱਛ ਹੋ ਗਿਆ। ਇਸੇ ਕਰਕੇ ਸਤਿਗੁਰੂ ਸੱਚੇ ਪਾਤਸ਼ਾਹ ਸਾਨੂੰ ਮਨ ਨਿਰਮਲ ਕਰਨ ਦੀ ਜੁਗਤਿ ਦਸਦੇ ਹਨ।

**ਮਾਘਿ ਮਜਨੁ ਸੰਗਿ ਸਾਧੂਆ ਧੂੜੀ ਕਰਿ ਇਸਨਾਨੁ ॥**

ਇਸ਼ਨਾਨ ਦੀ ਵਿਚਾਰ ਕਰ ਚੁਕੇ ਹਾਂ, ਹੁਣ ਧੂੜੀ ਦਾ ਜ਼ਿਕਰ ਹੈ। ਇਸ ਸ਼ਬਦ ਵਿਚ ਇਸ਼ਨਾਨ ਤੇ ਧੂੜੀ ਦੀ ਮਹੱਤਤਾ ਦਰਸਾਈ ਗਈ ਹੈ। ਰੂਹਾਨੀ ਮਾਰਗ ਦੇ ਪਾਂਧੀਆਂ ਵਲੋਂ ਦੋ ਤਰ੍ਹਾਂ ਦੀ ਧੂੜੀ ਦਾ ਜ਼ਿਕਰ ਮਿਲਦਾ ਹੈ। ਇਕ ਚਰਨਾਂ ਦੀ ਤੇ ਦੂਜੀ ਬਚਨਾਂ ਦੀ। ਚਰਨਾਂ ਦੀ ਧੂੜੀ ਬਾਰੇ ਪਵਿੱਤਰ ਗੁਰਬਾਣੀ 'ਚ ਫੁਰਮਾਨ ਹੈ -

*ਗੁਰਸਿਖਾਂ ਕੀ ਹਰਿ ਧੂੜਿ ਦੇਹਿ*
*ਹਮ ਪਾਪੀ ਭੀ ਗਤਿ ਪਾਂਹਿ ॥ ਅੰਗ- ੧੪੨੪*

*ਧੂੜੀ ਲੇਖੁ ਮਿਟਾਇਆ ਚਰਣੋਦਕ*
*ਮਨੁ ਵਸਿਗਤਿ ਆਇਆ। ਭਾਈ ਗੁਰਦਾਸ ਜੀ*

ਤੀਰਥਾਂ ਦੇ ਦੇਵਤੇ ਵੀ ਰੱਬ ਦੇ ਪਿਆਰਿਆਂ ਦੀ ਧੂੜੀ ਦੀ ਲੋਚਾ ਕਰਦੇ ਹਨ -

*ਗੰਗਾ ਜਮੁਨਾ ਗੋਦਾਵਰੀ ਸਰਸੁਤੀ ਤੇ ਕਰਹਿ ਉਦਮੁ*
*ਧੂਰਿ ਸਾਧੂ ਕੀ ਤਾਈ ॥ ਅੰਗ - ੧੨੬੩*

ਕਿਉਂ ਕਰਦੇ ਹਨ ਕਿਉਂਕਿ -

*ਕਿਲਵਿਖ ਮੈਲੁ ਭਰੇ ਪਰੇ ਹਮਰੈ ਵਿਚਿ*
*ਹਮਰੀ ਮੈਲੁ ਸਾਧੂ ਕੀ ਧੂਰਿ ਗਵਾਈ ॥ ਅੰਗ - ੧੨੬੩*

*ਸੰਤ ਕੀ ਧੂਰਿ ਮਿਟੇ ਅਘ ਕੋਟ ॥ ਅੰਗ- ੧੮੯*

ਰੱਬ ਦੇ ਪਿਆਰਿਆਂ ਦੇ ਚਰਨ ਪੈਣ ਨਾਲ ਉਹ ਵੀ ਨਿਰਮਲ ਹੋ ਜਾਂਦੇ ਹਨ ਕਿਉਂਕਿ ਪਾਪੀ ਲੋਕ ਉਨ੍ਹਾਂ ਵਿਚ ਇਸ਼ਨਾਨ ਕਰਕੇ ਉਨ੍ਹਾਂ ਨੂੰ ਮਲੀਨ ਕਰ ਜਾਂਦੇ ਹਨ।

ਇਸ ਕਰਕੇ ਅਰਦਾਸ ਕਰਨੀ ਚਾਹੀਦੀ ਹੈ ਕਿ-

*ਅੰਤਰਜਾਮੀ ਪੁਰਖ ਬਿਧਾਤੇ ਸਰਧਾ ਮਨ ਕੀ ਪੂਰੇ ॥*
*ਨਾਨਕ ਦਾਸੁ ਇਹੈ ਸੁਖੁ ਮਾਗੈ*
*ਮੋ ਕਉ ਕਰਿ ਸੰਤਨ ਕੀ ਧੂਰੇ ॥ ਅੰਗ - ੧੩*

ਭਾਵ -

*ਸਗਲ ਸੰਤਨ ਪਹਿ ਵਸਤੁ ਇਕ ਮਾਂਗਉ ॥*
*ਕਰਉ ਬਿਨੰਤੀ ਮਾਨੁ ਤਿਆਗਉ ॥*
*ਵਾਰਿ ਵਾਰਿ ਜਾਈ ਲਖ ਵਰੀਆ*
*ਦੇਹੁ ਸੰਤਨ ਕੀ ਧੂਰਾ ਜੀਉ ॥ ਅੰਗ- ੯੯*

ਦੂਸਰੀ ਹੈ ਬਚਨਾਂ ਦੀ ਧੂੜੀ -

*ਸੰਤਹੁ ਸਾਗਰੁ ਪਾਰਿ ਉਤਰੀਐ ॥*
*ਜੇ ਕੋ ਬਚਨੁ ਕਮਾਵੈ ਸੰਤਨ ਕਾ*
*ਸੋ ਗੁਰ ਪਰਸਾਦੀ ਤਰੀਐ ॥ ਅੰਗ - ੭੪੭*

*ਗੁਰ ਕਾ ਬਚਨੁ ਜੀਅ ਕੈ ਸਾਥ ॥*
*ਗੁਰ ਕਾ ਬਚਨੁ ਅਨਾਥ ਕੋ ਨਾਥ ॥ ਅੰਗ- ੧੭੭*

*ਅੰਮ੍ਰਿਤ ਬਾਣੀ ਹਰਿ ਹਰਿ ਤੇਰੀ ॥*
*ਸੁਣਿ ਸੁਣਿ ਹੋਵੈ ਪਰਮ ਗਤਿ ਮੇਰੀ ॥ ਅੰਗ - ੧੦੩*

*ਉਤਮ ਸਲੋਕ ਸਾਧ ਕੇ ਬਚਨ ॥*
*ਅਮੁਲੀਕ ਲਾਲ ਏਹਿ ਰਤਨ ॥ ਅੰਗ - ੨੯੫*

ਸੱਚੇ ਪਾਤਸ਼ਾਹ ਸਾਨੂੰ ਇਸ ਮਹੀਨੇ ਨੂੰ ਪ੍ਰਤੀਕ ਬਣਾ ਕੇ ਉਪਦੇਸ਼ ਬਖਸ਼ਿਸ਼ ਕਰਦੇ ਹਨ ਕਿ ਸਤਸੰਗਤਿ ਵਿਚ ਪ੍ਰਮੇਸ਼ਰ ਦੀ ਸਿਫਤ ਸਲਾਹ ਵਿਚ ਜੁੜਨਾ ਹੈ। ਉਸ ਪ੍ਰਮੇਸ਼ਰ ਦੀ ਸਿਫਤ ਸਲਾਹ ਵਿਚ ਆਪ ਜੁੜਦੇ ਹੋਏ ਦੂਸਰਿਆਂ ਨੂੰ ਜੁੜਨ ਲਈ ਪ੍ਰੇਰਿਤ ਕਰਨਾ ਹੈ।

*ਆਪਿ ਜਪਹੁ ਅਵਰਾ ਨਾਮੁ ਜਪਾਵਹੁ ॥ ਅੰਗ- ੨੮੯*

*ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ ॥ ਅੰਗ - ੬੨*

*ਹਰਿ ਕਾ ਨਾਮੁ ਧਿਆਇ ਸੁਣਿ ਸਭਨਾ ਨੋ ਕਰਿ ਦਾਨੁ ॥*
*ਅੰਗ - ੧੩੫*

ਸਾਡੀ ਕੌਮੀ ਅਰਦਾਸ ਦੇ ਵਿਚ ਅੱਠ ਪ੍ਰਕਾਰ ਦੇ ਦਾਨਾਂ ਦਾ ਜ਼ਿਕਰ ਹੈ। ਸਭ ਤੋਂ ਸ੍ਰੇਸ਼ਟ ਦਾਨ 'ਨਾਮ ਦਾਨ' ਹੈ। ਜਿਸ ਨੂੰ 'ਦਾਨਾਂ ਸਿਰ ਦਾਨ' ਕਹਿ

ਕੇ ਅਰਦਾਸ ਵਿਚ ਸਲਾਹਿਆ ਗਿਆ ਹੈ। ਦੁਨੀਆਂ ਦੇ ਬਾਕੀ ਤਮਾਮ ਦਾਨ ਇਸ ਦੇ ਸਾਮ੍ਹਣੇ ਤੁਛ ਹਨ ਕਿਉਂਕਿ ਕਲਜੁਗ ਦੇ ਵਿਚ ਸਭ ਤੋਂ ਵੱਡਾ ਪੁੰਨ ਪਰਮੇਸ਼ਰ ਦੀ ਸਿਫਤ ਸਲਾਹ ਹੈ -

*ਕਲਿ ਮਹਿ ਏਹੋ ਪੁੰਨੁ ਗੁਣ ਗੋਵਿੰਦ ਗਾਹਿ ॥ ਅੰਗ- ੯੬੨*

ਰੱਬ ਦੇ ਪਿਆਰੇ ਸਾਧੂ ਸੰਤ ਜਨ ਇਸੇ ਕਾਰਜ ਲਈ ਇਸ ਮਾਤ ਲੋਕ 'ਤੇ ਆਉਂਦੇ ਹਨ -

*ਜਨਮ ਮਰਣ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ॥*
*ਜੀਅ ਦਾਨੁ ਦੇ ਭਗਤੀ ਲਾਇਨਿ*
*ਹਰਿ ਸਿਉ ਲੈਨਿ ਮਿਲਾਏ ॥ ਅੰਗ - ੭੪੯*

ਜੀਅ ਦਾਨ ਹੀ ***'ਹਰਿ ਕਾ ਨਾਮੁ ਧਿਆਇ ਸੁਣਿ ਸਭਨਾ ਨੋ ਕਰਿ ਦਾਨੁ ॥'*** ਦੇ ਅਰਥਾਂ ਦੀ ਰੂਪਮਾਨਤਾ ਕਰਦਾ ਹੈ। ਇਥੇ ਦਾਨ ਅਤੇ ਭੇਟਾ ਦਾ ਫਰਕ ਸਮਝਣਾ ਜ਼ਰੂਰੀ ਹੋਵੇਗਾ। ਦਾਨ ਆਪਣੇ ਤੋਂ ਛੋਟੇ ਨੂੰ ਦਿਤਾ ਜਾਂਦਾ ਹੈ ਪਰ ਭੇਟਾ ਆਪਣੇ ਤੋਂ ਵੱਡੇ ਨੂੰ ਦਿਤੀ ਜਾਂਦੀ ਹੈ। ਜੋ ਵੀ ਅਸੀਂ ਗੁਰੂ ਦੇ ਦੁਆਰੇ ਅਰਪਿਤ ਕਰਦੇ ਹਾਂ ਇਹ ਦਾਨ ਨਹੀਂ, ਇਹ ਭੇਟਾ ਹੈ। ਭਾਵ ਉਸ ਦੇ ਦਿਤੇ ਵਿਚੋਂ ਹੀ ਤੁਛ ਜਿਹੀ ਮਾਤਰਾ ਉਸ ਨੂੰ ਅਰਪਣ ਕਰ ਰਹੇ ਹਾਂ। ਸਾਡਾ ਆਪਣਾ ਕੁਝ ਵੀ ਨਹੀਂ ਹੈ -

*ਕਬੀਰ ਮੇਰਾ ਮੁਝ ਮਹਿ ਕਿਛੁ ਨਹੀ ਜੋ ਕਿਛੁ ਹੈ ਸੋ ਤੇਰਾ ॥*
*ਤੇਰਾ ਤੁਝ ਕਉ ਸਉਪਤੇ ਕਿਆ ਲਾਗੈ ਮੇਰਾ ॥*
*ਅੰਗ- ੧੩੭੫*

'ਸਭਨਾ ਨੋ ਕਰਿ ਦਾਨ' ਭਾਵ ਬਿਨਾਂ ਕਿਸੇ ਭੇਦ ਭਾਵ ਵਿਤਕਰੇ ਤੋਂ ਸਾਰਿਆਂ ਨੂੰ ਰੱਬ ਨਾਲ ਜੋੜਨਾ ਹੈ। ਇਹ ਕਾਰਜ ਉਹ ਆਪਣੇ ਪਿਆਰਿਆਂ ਤੋਂ ਕਰਵਾ ਲੈਂਦਾ ਹੈ -

*ਕਬੀਰ ਸੇਵਾ ਕਉ ਦੁਇ ਭਲੇ ਏਕੁ ਸੰਤੁ ਇਕੁ ਰਾਮੁ ॥*
*ਰਾਮੁ ਜੁ ਦਾਤਾ ਮੁਕਤਿ ਕੋ ਸੰਤੁ ਜਪਾਵੈ ਨਾਮੁ ॥*
*ਅੰਗ- ੧੩੭੩*

ਜਦੋਂ ਸਭਨਾਂ ਨੂੰ ਇਹ ਦਾਨ ਪ੍ਰਾਪਤ ਹੋਵੇਗਾ ਤਾਂ ਫਿਰ ਰੂਹਾਨੀ ਮਾਰਗ ਦਾ ਵਰਤਾਰਾ ਹੋਏਗਾ।

*ਜਨਮ ਕਰਮ ਮਲੁ ਉਤਰੈ ਮਨ ਤੇ ਜਾਇ ਗੁਮਾਨੁ ॥*
*ਅੰਗ - ੧੩੬*

ਜਨਮਾਂ ਤੇ ਕਰਮਾਂ ਦੇ ਬੰਧਨ ਟੁੱਟ ਜਾਂਦੇ ਹਨ। ਜਨਮਾਂ-ਜਨਮਾਂ ਦੀ ਮੈਲ ਖਤਮ ਹੋ ਜਾਂਦੀ ਹੈ -

*ਸਤਿਗੁਰ ਕੈ ਜਨਮੇ ਗਵਨੁ ਮਿਟਾਇਆ ॥*
*ਅਨਹਤਿ ਰਾਤੇ ਇਹੁ ਮਨੁ ਲਾਇਆ ॥*
*ਪ੍ਰਭ ਕੈ ਸਿਮਰਨਿ ਮਨ ਕੀ ਮਲੁ ਜਾਇ ॥ ਅੰਗ- ੨੬੩*

ਫਿਰ ਮਨ ਵਿਚ ਨਿਰਮਲਤਾਈ ਆ ਕੇ ਹੰਕਾਰ ਰਹਿਤ ਹੋ ਜਾਵੇਗਾ। ਜਦੋਂ ਮਨ ਦੀ ਮੈਲ ਉਤਰ ਕੇ ਨਿਰਮਲਤਾਈ ਪ੍ਰਵੇਸ਼ ਕਰ ਗਈ ਤਾਂ -

*ਕਾਮ ਕ੍ਰੋਧ ਨ ਮੋਹੀਐ ਬਿਨਸੈ ਲੋਭ ਸੁਆਨ॥*

ਕਾਮ, ਕ੍ਰੋਧ ਤੇ ਲੋਭ ਰੂਪੀ ਕੂਕਰ ਆਪਣਾ ਪ੍ਰਭਾਵ ਨਹੀਂ ਪਾ ਸਕਣਗੇ।

ਜਦੋਂ ਇਸ ਤਰ੍ਹਾਂ ਦਾ ਜੀਵਨ ਬਣ ਗਿਆ ਫਿਰ-

ਸਚੈ ਮਾਰਗਿ ਚਲਦਿਆ ਉਸਤਤਿ ਕਰੇ ਜਹਾਨੁ ॥

ਰੂਹਾਨੀ ਮਾਰਗ ਤੇ ਚੱਲਣ ਵਾਲਿਆਂ ਦੀ ਜਹਾਨ ਵੀ ਉਸਤਤੀ ਕਰਦਾ ਹੈ -

*ਵਾਹੁ ਵਾਹੁ ਕਰਹਿ ਸੇਈ ਜਨ ਸੋਹਣੇ*
*ਤਿਨ੍ ਕਉ ਪਰਜਾ ਪੂਜਣ ਆਈ ॥*
*ਜਿਨ੍ ਨਾਨਕੁ ਸਤਿਗੁਰੁ ਪੂਜਿਆ*
*ਤਿਨ ਹਰਿ ਪੂਜ ਕਰਾਵਾ ॥ ਅੰਗ- ੪੫੦*

*ਧੰਨਿ ਧੰਨਿ ਕਹੈ ਸਭੁ ਕੋਇ ॥*
*ਮੁਖ ਊਜਲ ਹਰਿ ਦਰਗਹ ਸੋਇ ॥ ਅੰਗ- ੨੯੩*

ਇਸ ਤੋਂ ਅੱਗੇ ਸੱਚੇ ਪਾਤਸ਼ਾਹ 'ਦਇਆ' ਦੇ ਗੁਣ ਦੀ ਬਖਸ਼ਿਸ਼ ਕਰਦੇ ਹਨ।

ਅਠਸਠਿ ਤੀਰਥ ਸਗਲ ਪੁੰਨ ਜੀਅ ਦਇਆ ਪਰਵਾਨੁ॥

ਪਹਿਲਾਂ ਆਪਣੇ ਜੀਅ 'ਤੇ ਦਇਆ ਕਰਕੇ ਉਸ ਨੂੰ ਰੱਬ ਦੀ ਭਗਤੀ ਵਲ ਲਾਉਣਾ ਹੈ -

*ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ ॥*
*ਅੰਗ - ੪੪੧*

ਜੋ ਆਪਣੇ ਜੀਅ ਤੇ ਦਇਆ ਕਰਦਾ ਹੈ ਉਹ ਫਿਰ ਦੂਜਿਆਂ ਤੇ ਦਇਆ ਕਰਨ ਦੇ ਯੋਗ ਹੋ ਜਾਂਦਾ ਹੈ। ਦੂਜਿਆਂ ਤੇ ਦਇਆ ਕਰਨ ਵਾਲੇ ਨੂੰ ਅਠਾਹਠ ਤੀਰਥਾਂ ਦੇ ਇਸ਼ਨਾਨ ਦੇ ਬਰਾਬਰ ਫਲ ਸਹਿਜੇ ਹੀ ਪ੍ਰਾਪਤ ਹੋ ਜਾਂਦਾ ਹੈ।

ਉਹ ਪੁਰਖ ਸੁਜਾਨ ਹਨ ਜੋ ਆਪ ਜੁੜੇ ਹੋਏ ਹਨ ਤੇ ਦੂਜਿਆਂ ਨੂੰ ਜੋੜਦੇ ਹਨ -

*ਜਨ ਆਵਨ ਕਾ ਇਹੈ ਸੁਆਉ ॥*
*ਜਨ ਕੈ ਸੰਗਿ ਚਿਤਿ ਆਵੈ ਨਾਉ ॥*
*ਆਪਿ ਮੁਕਤੁ ਮੁਕਤੁ ਕਰੈ ਸੰਸਾਰੁ ॥*
*ਨਾਨਕ ਤਿਸੁ ਜਨ ਕਉ ਸਦਾ ਨਮਸਕਾਰੁ ॥ ਅੰਗ- ੨੯੫*

ਪ੍ਰਮੇਸ਼ਰ ਆਪ ਕ੍ਰਿਪਾ ਕਰਕੇ ਆਪਣੇ ਪਿਆਰਿਆਂ ਨੂੰ ਇਸ ਯੋਗ ਬਣਾਉਂਦਾ ਹੈ ਕਿ ਉਹ ਆਪ ਜੁੜੇ ਹੋਣ ਕਰਕੇ ਦੂਜਿਆਂ ਨੂੰ ਜੋੜਨ ਦੇ ਸਮਰੱਥ ਹੋ ਜਾਂਦੇ ਹਨ -

ਜਿਸ ਨੋ ਦੇਵੈ ਦਇਆ ਕਰਿ ਸੋਈ ਪੁਰਖੁ ਸੁਜਾਨੁ ॥

ਭਾਵ -

(ਪੰਨਾ 6 ਦੀ ਬਾਕੀ)

*ਜਿਸ ਕੈ ਅੰਤਰਿ ਬਸੈ ਨਿਰੰਕਾਰੁ ॥*
*ਤਿਸ ਕੀ ਸੀਖ ਤਰੈ ਸੰਸਾਰੁ ॥ ਅੰਗ - ੨੯੯*

ਜਿਨ੍ਹਾਂ 'ਤੇ ਇਹ ਬਖਸ਼ਿਸ਼ ਪ੍ਰਮੇਸ਼ਰ ਵਲੋਂ ਹੋ ਜਾਂਦੀ ਹੈ ਮਹਾਰਾਜ ਫੁਰਮਾਨ ਕਰਦੇ ਹਨ ਕਿ ਅਸੀਂ ਉਨ੍ਹਾਂ ਤੋਂ ਬਲਿਹਾਰ ਜਾਂਦੇ ਹਾਂ -

ਜਿਨਾ ਮਿਲਿਆ ਪ੍ਰਭੁ ਆਪਣਾ ਨਾਨਕ ਤਿਨ ਕੁਰਬਾਨੁ ॥

ਭਾਵ -

*ਜਿਸੁ ਜਨ ਕਉ ਪ੍ਰਭ ਦਰਸ ਪਿਆਸਾ ॥*
*ਨਾਨਕ ਤਾ ਕੈ ਬਲਿ ਬਲਿ ਜਾਸਾ ॥ ਅੰਗ - ੨੯੬*

ਉਹੀ ਪੁਰਖ ਸੁੱਚੇ ਭਾਵ ਉਸ ਦੀ ਕ੍ਰਿਪਾ ਦੇ ਪਾਤਰ ਬਣਦੇ ਹਨ ਜਿਨ੍ਹਾਂ 'ਤੇ ਪੂਰਨ ਸਤਿਗੁਰੂ ਮਿਹਰਬਾਨ ਹੁੰਦੇ ਹਨ, ਤਰੁੱਠ ਜਾਂਦੇ ਹਨ -

*ਮਾਘਿ ਸੁਚੇ ਸੇ ਕਾਂਢੀਅਹਿ ਜਿਨ ਪੂਰਾ ਗੁਰੁ ਮਿਹਰਵਾਨੁ॥*

'

*ਭੋਜਨੁ ਕੀਰਤਨੁ ਨੀਤਿ ॥ ਅੰਗ- ੪੯੬*

ਗੱਲਾਂਬਾਤ ਨਾਲ ਬਖਸ਼ਿਸ਼ ਨਹੀਂ ਹੋਣੀ ਇਹ ਤਾਂ ਗੁਰੂ ਦੀ ਗੌਰ ਵਿਚ ਮੁਰਦਾ ਬਣ ਸਮਾਉਣ ਦਾ ਰਸਤਾ ਹੈ।

*ਮੁਰਦਾ ਹੋਇ ਮੁਰੀਦ ਨ ਗਲੀ ਹੋਵਣਾ,*
*ਸਾਬਰੁ ਸਿਦਕਿ ਸਹੀਦੁ ਭਰਮ ਭਉ ਖੋਵਣਾ।*
*ਗੋਲਾ ਮੁਲ ਖਰੀਦੁ ਕਾਰੇ ਜੋਵਣਾ।*
*ਨਾ ਤਿਸੁ ਭੁਖ ਨ ਨੀਦ ਨਾ ਖਾਣਾ ਸੋਵਣਾ।*
*ਪੀਹਣਿ ਹੋਇ ਜਦੀਦ ਪਾਣੀ ਢੋਵਣਾ*
*ਪਖੇ ਦੀ ਤਾਗੀਦ ਪਗ ਮਲਿ ਧੋਵਣਾ।*
*ਸੇਵਕ ਹੋਇ ਸੰਜੀਦੁ ਨ ਹਸਣ ਰੋਵਣਾ।*
*ਦਰ ਦਰਵੇਸ ਰਸੀਦੁ ਪਿਰਮ ਰਸ ਭੋਵਣਾ।*
*ਚੰਦ ਮੁਮਾਰਖ ਈਦ ਪੁਗ ਖਲੋਵਣਾ।*
*ਭਾਈ ਗੁਰਦਾਸ ਜੀ, ਵਾਰ ੩/੧੮*

ਅਖੀਰ ਵਿਚ ਬਖਸ਼ਿਸ਼ ਹੁੰਦੀ ਹੈ - ***'ਚੰਦ ਮੁਮਾਰਖ ਈਦ ਪੁਗ ਖਲੋਵਣਾ।'*** ਮੁਬਾਰਕਵਾਦ ਹੈ ਉਨ੍ਹਾਂ ਸਤਿਪੁਰਸ਼ਾਂ ਨੂੰ ਸਤ ਦੇ ਪਾਂਧੀਆਂ ਨੂੰ ਜੋ ਪੁਗ ਗਏ ਹਨ -

*ਆਠ ਪਹਰ ਪ੍ਰਭ ਬਸਹਿ ਹਜੂਰੇ ॥*
*ਕਹੁ ਨਾਨਕ ਸੇਈ ਜਨ ਪੂਰੇ ॥ ਅੰਗ- ੨੯੬*

ਆਉ, ਪੂਰੇ ਸਤਿਗੁਰੂ ਦੀ ਸ਼ਰਨ ਪ੍ਰਾਪਤ ਕਰ ਉਸਦੀ ਸਿਫਤ ਸਲਾਹ ਵਿਚ ਜੁੜ, ਆਉਣ ਵਾਲਾ ਸਮਾਂ ਸਫਲ ਬਣਾਈਏ -

*ਪੂਰਾ ਪ੍ਰਭੁ ਆਰਾਧਿਆ ਪੂਰਾ ਜਾ ਕਾ ਨਾਉ ॥*
*ਨਾਨਕ ਪੂਰਾ ਪਾਇਆ ਪੂਰੇ ਕੇ ਗੁਨ ਗਾਉ ॥ ਅੰਗ- ੨੯੫*

ਫਿਰ ਆਉਣ ਵਾਲਾ ਭਵਿੱਖ ਸੁਹਾਵਣਾ ਬਣ ਜਾਵੇਗਾ।

*ਦਿਨੁ ਰੈਣਿ ਸਭ ਸੁਹਾਵਣੇ ਪਿਆਰੇ*
*ਜਿਤੁ ਜਪੀਐ ਹਰਿ ਨਾਉ ॥ ਅੰਗ- ੪੩੨*

ਮੁਬਾਰਕ ਹੈ ਨਵਾਂ ਸਾਲ 2025 ਸਭਨਾਂ ਸੰਗਤਾਂ ਤੇ ਪਾਠਕ ਜਨਾਂ ਨੂੰ। ਅਰਦਾਸ ਹੈ ਸਭਨਾਂ ਦੇ ਅੰਦਰ ਗਿਆਨ ਦਾ ਪ੍ਰਕਾਸ਼ ਹੋ ਕੇ ਸਮਰੱਥ ਸਤਿਗੁਰੂ ਵਲੋਂ ਬਖਸ਼ੇ ਆਨੰਦਮਈ ਜੀਵਨ ਦੀ ਪ੍ਰਾਪਤੀ ਹੋਵੇ। ਸਭਨਾਂ ਦੀ ਚੜ੍ਹਦੀ ਕਲਾ ਹੋਵੇ -

*ਨਾਨਕ ਨਾਮ ਚੜ੍ਹਦੀ ਕਲਾ ਤੇਰੇ ਭਾਣੇ ਸਰਬੱਤ ਦਾ ਭਲਾ।*

ਭੁੱਲਾਂ ਚੁੱਕਾਂ ਦੀ ਖਿਮਾ।

**'ਆਤਮ ਮਾਰਗ' ਸੰਬੰਧੀ ਜ਼ਰੂਰੀ ਬੇਨਤੀਆਂ**

1. ਰਿਨੂਅਲ ਦਾ ਚੰਦਾ ਭੇਜਣ ਲਈ ਮੈਂਬਰਸ਼ਿਪ ਨੰਬਰ ਅਤੇ ਰਿਨੂਅਲ ਤਾਰੀਖ ਦਾ ਵੇਰਵਾ ਜ਼ਰੂਰ ਦਿਤਾ ਜਾਵੇ ਅਤੇ ਇਹ ਵੀ ਦਸਿਆ ਜਾਵੇ ਕਿ ਚੰਦਾ ਰਿਨੂਅਲ ਲਈ ਹੈ ਜਾਂ ਨਵੀਂ ਮੈਂਬਰਸ਼ਿਪ ਲਈ ਹੈ।
2. ਜੇ ਕਿਸੇ ਪ੍ਰੇਮੀ ਨੇ ਆਤਮ ਮਾਰਗ ਲਈ ਚੰਦਾ ਜਮ੍ਹਾਂ ਕਰਾਇਆ ਹੋਵੇ ਅਤੇ ਉਸ ਨੂੰ ਮੈਗਜ਼ੀਨ ਨਾ ਪੁਜਦਾ ਹੋਵੇ ਤਾਂ ਉਹ ਜਮ੍ਹਾਂ ਕਰਵਾਈ ਗਈ ਰਕਮ ਦਾ ਰਸੀਦ ਨੰਬਰ ਆਦਿ ਲਿਖ ਕੇ ਭੇਜਣ ਦੀ ਕ੍ਰਿਪਾਲਤਾ ਕਰੇ।
3. 'ਆਤਮ ਮਾਰਗ' ਇਕ ਧਾਰਮਿਕ ਮੈਗਜ਼ੀਨ ਹੈ, ਇਸ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਛਪੀ ਹੁੰਦੀ ਹੈ, ਕ੍ਰਿਪਾ ਕਰਕੇ ਇਸ ਨੂੰ ਰੱਦੀ ਵਿਚ ਨਾ ਵਰਤਿਆ ਜਾਵੇ। ਤਾਂ ਇਹ ਸਾਡੇ ਕਿਸੇ ਵੀ ਵਿਤਰਣ ਕੇਂਦਰ ਤੇ ਜਾਂ ਦਫ਼ਤਰ 'ਆਤਮ ਮਾਰਗ' ਰਤਵਾੜਾ ਸਾਹਿਬ ਵਾਪਿਸ ਕਰ ਦਿਤੇ ਜਾਣ।

# ਮੰਝ ਪਿਆਰਾ ਗੁਰੂ ਨੂੰ......।
## (ਰੈਣਿ ਗਵਾਈ ਸੋਇ ਕੈ ਦਿਵਸੁ ਗਵਾਇਆ ਖਾਇ)

*ਸੰਤ ਵਰਿਆਮ ਸਿੰਘ ਜੀ*
*ਬਾਨੀ, ਟਰੱਸਟ ਰਤਵਾੜਾ ਸਾਹਿਬ*

*ਸਤਿਨਾਮੁ ਸ੍ਰੀ ਵਾਹਿਗੁਰੂ,*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ!*

*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ ॥*
*ਅੰਗ - ੨੫੬*

*ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥*
*ਅੰਗ- ੨੮੯*

*ਧਾਰਨਾ - ਬ੍ਰਹਮਾ ਬਿਸ਼ਨ ਤੇ ਪੈਗੰਬਰ ਪੀਰ ਅਉਲੀਏ,*
*ਤੇਰੇ ਦਰ ਖੜ੍ਹੇ ਵਾਹਿਗੁਰੂ।*

*ਤੁਧੁ ਧਿਆਇਨਿ ਬੇਦ ਕਤੇਬਾ ਸਣੁ ਖੜੇ ॥*
*ਗਣਤੀ ਗਣੀ ਨ ਜਾਇ ਤੇਰੈ ਦਰਿ ਪੜੇ ॥*
*ਬ੍ਰਹਮੇ ਤੁਧੁ ਧਿਆਇਨਿ ਇੰਦ੍ਰ ਇੰਦ੍ਰਾਸਣਾ ॥*
*ਸੰਕਰ ਬਿਸਨ ਅਵਤਾਰ ਹਰਿ ਜਸੁ ਮੁਖਿ ਭਣਾ ॥*
*ਪੀਰ ਪਿਕਾਬਰ ਸੇਖ ਮਸਾਇਕ ਅਉਲੀਏ ॥*
*ਓਤਿ ਪੋਤਿ ਨਿਰੰਕਾਰ ਘਟਿ ਘਟਿ ਮਉਲੀਏ ॥*
*ਕੂੜਹੁ ਕਰੇ ਵਿਣਾਸੁ ਧਰਮੇ ਤਗੀਐ ॥*
*ਜਿਤੁ ਜਿਤੁ ਲਾਇਹਿ ਆਪਿ ਤਿਤੁ ਤਿਤੁ ਲਗੀਐ ॥*
*ਅੰਗ - ੫੧੮*

*ਧਾਰਨਾ - ਤੇਰਾ ਜਨਮ ਅਮੋਲਕ ਹੀਰਾ,*
*ਕੌਡੀਆਂ ਦੇ ਭਾਅ ਜਾਂਵਦਾ।*

*ਰੈਣਿ ਗਵਾਈ ਸੋਇ ਕੈ ਦਿਵਸੁ ਗਵਾਇਆ ਖਾਇ ॥*
*ਹੀਰੇ ਜੈਸਾ ਜਨਮੁ ਹੈ ਕਉਡੀ ਬਦਲੇ ਜਾਇ ॥ ਅੰਗ - ੧੫੬*

*ਕਬੀਰ ਲੂਟਨਾ ਹੈ ਤ ਲੂਟਿ ਲੈ ਰਾਮ ਨਾਮ ਹੈ ਲੂਟਿ ॥*
*ਫਿਰਿ ਪਾਛੈ ਪਛੁਤਾਹੁਗੇ ਪ੍ਰਾਨ ਜਾਹਿੰਗੇ ਛੂਟਿ ॥*
*ਅੰਗ - ੧੩੬੬*

ਸਾਧਸੰਗਤ ਜੀ! ਗੱਜ ਕੇ ਬੋਲਣਾ ਸਤਿਨਾਮੁ ਸ੍ਰੀ ਵਾਹਿਗੁਰੂ। ਕਾਰੋਬਾਰ ਸੰਕੋਚਦੇ ਹੋਏ ਆਪ ਗੁਰੂ ਦਰਬਾਰ 'ਚ ਪਹੁੰਚੇ ਹੋਂ। ਮਹਾਰਾਜ ਦੀ ਬਖਸ਼ਿਸ਼ ਹੈ ਕਿ ਕਲਜੁਗ ਦੇ ਸਮੇਂ ਅੰਦਰ, ਜਦੋਂ ਆਦਮੀ ਦਾ ਮਨ ਬੇਅੰਤ ਉਲਝੇਵਿਆਂ ਅਤੇ ਸੰਕਟਾਂ, ਈਰਖਾ, ਨਿੰਦਿਆ, ਚੁਗਲੀ, ਬੇਵਿਸ਼ਵਾਸ਼ੀ, ਤ੍ਰਿਸ਼ਨਾ ਆਦਿ ਦੀਆਂ ਅੱਗਾਂ ਦੇ ਵਿਚ ਜਲ ਰਿਹਾ ਹੈ ਤੇ ਕਿਤੇ ਵੀ ਸਾਹ ਲੈਣ ਨੂੰ ਥਾਉਂ ਨਹੀਂ ਲੱਭਦਾ, ਉਸ ਵੇਲੇ ਇਸ ਦੁਖੀ ਜੀਵ ਦੇ ਕਲਿਆਣ ਵਾਸਤੇ ਗੁਰੂ ਮਹਾਰਾਜ ਨੇ ਸਤਿਸੰਗ ਦੀ ਸੀਤਲ ਨਦੀ ਇਸ ਘੋਰ ਵਣ ਦੇ ਵਿਚ ਚਲਾਈ ਹੋਈ ਹੈ। ਭਾਗਾਂ ਵਾਲੇ ਉਹ ਪੁਰਸ਼ ਨੇ ਜਿਹੜੇ ਸਾਰੇ ਕਾਰੋਬਾਰ ਛੱਡਦੇ ਹੋਏ, ਰੁਚੀ ਦੇ ਨਾਲ, ਉਤਸ਼ਾਹ ਦੇ ਨਾਲ ਸਤਿਸੰਗ ਰੂਪੀ ਨਦੀ ਵਿਚ ਆ ਕੇ ਗੁਰ ਸ਼ਬਦਾਂ ਦੇ ਪਾਣੀ ਦੀ ਠੰਢ ਪ੍ਰਾਪਤ ਕਰਦੇ ਨੇ। ਭਾਗਾਂ ਬਗੈਰ ਇਹ ਚੀਜ਼ ਪ੍ਰਾਪਤ ਨਹੀਂ ਹੋਇਆ ਕਰਦੀ -

*ਬਿਨੁ ਭਾਗਾ ਸਤਸੰਗੁ ਨ ਲਭੈ*
*ਬਿਨੁ ਸੰਗਤਿ ਮੈਲੁ ਭਰੀਜੈ ਜੀਉ ॥ ਅੰਗ - ੯੫*

ਸਤਿਸੰਗ ਨਾ ਮਿਲੇ, ਆਦਮੀ ਦੇ ਮਨ ਦੇ ਉਤੇ ਹੌਲੀ-ਹੌਲੀ ਮੈਲ ਪੈਣੀ ਸ਼ੁਰੂ ਹੋ ਜਾਂਦੀ ਹੈ। ਉਹਦੀ ਪਹਿਲੀ ਨਿਸ਼ਾਨੀ ਇਹ ਹੁੰਦੀ ਹੈ ਕਿ ਉਹਦਾ ਚਿੱਤ ਬਾਣੀ ਵਿਚ ਨਹੀਂ ਟਿਕਦਾ। ਮੂੰਹ ਦੇ ਨਾਲ ਬਾਣੀ ਪੜ੍ਹੀ ਜਾਏਗਾ, ਉਹਦੇ ਵਿਚ ਰੁਚੀ ਨਹੀਂ ਹੋਏਗੀ। ਕਿਸੇ ਖਿਆਲ ਦੇ ਨਾਲ ਬੰਨ੍ਹਿਆ ਹੋਇਆ ਬਾਣੀ ਪੜ੍ਹਦੈ। ਸੋ ਆਪ ਸਾਰੇ ਭਾਗਾਂ ਵਾਲੇ ਹੋ ਜੋ ਗੁਰੂ ਮਹਾਰਾਜ ਜੀ ਦੀ ਹਜ਼ੂਰੀ ਦੇ ਅੰਦਰ ਆ ਕੇ ਉਹਨਾਂ ਦੀ ਕ੍ਰਿਪਾ ਦੇ ਨਾਲ ਸਸ਼ੋਭਤ ਹੋਏ ਹੋਂ। ਆਪਣਾ ਬਲ ਨਹੀਂ ਕਿਸੇ ਵਿਚ ਵੀ ਹੁੰਦਾ। ਗੁਰੂ ਚਾਹੇ ਤਾਂ ਸਤਿਸੰਗ 'ਚ ਆ ਸਕਦਾ ਹੈ। ਇਥੇ ਟਿਕਟ ਨਹੀਂ ਲਗਦਾ, ਸਭ ਨੂੰ ਦੋਵੇਂ ਹੱਥ ਜੋੜ ਕੇ ਜੀ ਆਇਆਂ ਆਖਿਆ ਜਾਂਦਾ ਹੈ। ਪਰ ਫੇਰ ਵੀ ਸੰਸਾਰ ਕਿਉਂ ਨਹੀਂ ਆਉਂਦਾ? ਇਹ ਬਾਤ ਅੱਜ ਤੋਂ ਪੰਜ ਹਜ਼ਾਰ ਸਾਲ ਪਹਿਲਾਂ ਹਸਤਨਾਪੁਰ ਦੇ ਅੰਦਰ, ਕ੍ਰਿਸ਼ਨ ਮਹਾਰਾਜ ਤੇ ਪਾਂਡਵਾਂ ਦਾ ਜੋ ਰਾਜਾ ਸੀ ਯੁਧਿਸ਼ਟਰ ਉਹਦੇ ਦਰਮਿਆਨ ਹੋ ਰਹੀ ਸੀ।

ਕ੍ਰਿਸ਼ਨ ਮਹਾਰਾਜ ਕਹਿਣ ਲੱਗੇ, ਰਾਜਨ! ਹੋਰ ਚੀਜ਼ਾਂ ਆਦਮੀ ਹਾਸਲ ਕਰ ਸਕਦਾ ਹੈ। ਕੁਛ ਚੀਜ਼ਾਂ ਐਸੀਆਂ ਨੇ ਜਿਹੜੀਆਂ ਇਸ ਦੇ ਵਸ ਤੋਂ ਨਹੀਂ ਹੁੰਦੀਆਂ। ਕ੍ਰਿਪਾ ਕਰਕੇ ਹੋਇਆ ਕਰਦੀਆਂ ਨੇ। ਉਹਨਾਂ ਵਿਚੋਂ ਇਕ ਹੈ ਸੰਤਾਂ ਦੀ ਸੰਗਤ।

ਉਹ ਕਹਿੰਦੇ, ਮਹਾਰਾਜ! ਇਕ ਸ਼ੰਕਾ ਹੈ। ਸੰਤਾਂ ਨੂੰ ਤਾਂ ਅਸੀਂ ਸਾਰੇ ਹੀ ਚੰਗਾ ਮੰਨਦੇ ਹਾਂ। ਉਹ ਜੇ ਕਿਤੇ ਸਤਿਸੰਗ ਕਰਨ ਫੇਰ ਵੀ ਸਾਡਾ ਜੀਅ ਕਰਦਾ ਹੈ ਕਿ ਅਸੀਂ ਜ਼ਰੂਰ ਜਾਈਏ। ਇਹਦੇ 'ਚ ਭਾਗਾਂ ਵਾਲੀ ਤਾਂ ਗੱਲ ਹੈ ਨਹੀਂ, ਸਤਿਸੰਗ ਹੁੰਦੈ, ਉਠ ਕੇ ਚਲੇ ਜਾਓ। ਇਹਦੇ 'ਚ ਕਿਹੜੇ ਭਾਗ ਆ ਗਏ? ਸੋ ਕ੍ਰਿਪਾ ਕਰਕੇ ਇਹ ਗੱਲ ਸਮਝਾਓ?

ਉਹ ਕਹਿਣ ਲੱਗੇ, ਨਹੀਂ ਰਾਜਨ! ਪਿਛਲੇ ਭਾਗ ਹੋਇਆ ਕਰਦੇ ਨੇ। ਜਦੋਂ ਉਹ ਉਦੈ ਨਹੀਂ ਹੁੰਦੇ, ਓਨੀਂ ਦੇਰ ਤਕ ਸਤਿਸੰਗ 'ਚ ਰੁਚੀ ਨਹੀਂ ਹੋਇਆ ਕਰਦੀ ਤੇ ਸਤਿਸੰਗ 'ਚ ਜਾ ਨਹੀਂ ਸਕਿਆ ਕਰਦਾ। ਕਲਜੁਗ 'ਚ ਜੋ ਮੁਖ ਸਾਧਨਾ ਹੋਣੀ ਹੈ, ਉਹ ਹਰੀ ਜਸ ਦੀ ਸਾਧਨਾ ਹੈ। ਭਗਤੀ ਦੀ, ਇਹਦੇ ਵਿਚ ਤਪ ਨਹੀਂ ਪ੍ਰਵਾਨ ਹੋਣਾ। ਭਗਤੀ ਤੇ ਨਾਮ ਇਹ ਪ੍ਰਵਾਨ ਹੋਣੈ ਕਲਜੁਗ ਦੇ ਅੰਦਰ –

*ਹਰਿ ਕੀਰਤਿ ਸਾਧਸੰਗਤਿ ਹੈ ਸਿਰਿ ਕਰਮਨ ਕੈ ਕਰਮਾ ॥*
*ਕਹੁ ਨਾਨਕ ਤਿਸੁ ਭਇਓ ਪਰਾਪਤਿ*
*ਜਿਸੁ ਪੁਰਬ ਲਿਖੇ ਕਾ ਲਹਨਾ ॥* *ਅੰਗ- ੬੪੨*

ਜਿਹਦੇ ਮੱਥੇ ਵਿਚ ਲਿਖਿਆ ਹੋਵੇ ਉਹਨੂੰ ਤਾਂ ਇਹ ਪ੍ਰਾਪਤ ਹੋ ਜਾਂਦੀ ਹੈ ਜਿਹਦੇ ਨਹੀਂ ਲਿਖਿਆ ਹੋਵੇ ਉਹ ਰਹਿ ਜਾਂਦਾ ਹੈ, ਇਸ ਗੱਲ ਦੀ ਕੋਈ ਨਿਰਨੇਪੂਰਵਕ ਬਾਤ ਉਹਨਾਂ ਦੇ ਸਮਝ ਨਾ ਆਈ, ਤਾਂ ਕ੍ਰਿਸ਼ਨ ਮਹਾਰਾਜ ਨੇ ਪ੍ਰੈਕਟੀਕਲੀ ਦਿਖਾਉਣ ਵਾਸਤੇ ਉਹਨਾਂ ਨੂੰ ਕਹਿਣ ਲੱਗੇ ਕਿ ਰਾਜਨ! ਅੱਜ ਹਸਤਨਾਪੁਰ 'ਚ ਨੁਮਾਇਸ਼ ਹੈ। ਕਹਿੰਦੇ, ਹਾਂ ਮਹਾਰਾਜ। ਕਹਿੰਦੇ, ਚਲੋ ਦੇਖ ਕੇ ਆਈਏ? ਸਾਰੇ ਚਲੇ ਗਏ। ਅਰਜਨ ਉਥੇ ਪਹੁੰਚ ਗਿਆ, ਜਿੱਥੇ ਸੂਰਮੇ ਤੀਰ-ਅੰਦਾਜ਼ੀ ਦੇ ਕਰਤੱਬ ਦਿਖਾ ਰਹੇ ਸੀ। ਭੀਮ ਉਥੇ ਚਲਿਆ ਗਿਆ ਜਿੱਥੇ ਮਲ ਯੁੱਧ ਹੋ ਰਹੇ ਸੀ। ਨਕੁਲ ਤੇ ਸਹਦੇਵ ਘੋੜਿਆਂ ਤੇ ਗਊਆਂ ਦੀ ਮੰਡੀ ਵਿਚ ਚਲੇ ਗਏ। ਯੁਧਿਸ਼ਟਰ ਫਿਰ ਤੁਰ ਕੇ ਸਾਰੀ ਨਮਾਇਸ਼ ਦੇਖਦਾ ਰਿਹਾ। ਉਸ ਤੋਂ ਬਾਅਦ ਸ਼ਾਮ ਤਕ ਸਾਰੀ ਨਮਾਇਸ਼ ਦੇਖ ਕੇ ਸਾਰੇ ਵਾਪਸ ਆ ਗਏ। ਜੋ ਕੁਝ ਦੇਖਿਆ ਸੀ ਉਹਦੀਆਂ ਗੱਲਾਂ ਕ੍ਰਿਸ਼ਨ ਮਹਾਰਾਜ ਦੇ ਨਾਲ ਕਰਨ ਲਗ ਗਏ। ਅਰਜਨ ਨੇ ਆਪਣੀ ਰੁਚੀ ਦੀਆਂ ਬਾਤਾਂ ਕਰੀਆਂ। ਭੀਮ ਨੇ ਆਪਣੀਆਂ, ਦੂਸਰਿਆਂ ਨੇ ਆਪਣੀਆਂ। ਤਾਂ ਕ੍ਰਿਸ਼ਨ ਮਹਾਰਾਜ ਕਹਿਣ ਲੱਗੇ, ਕਿਉਂ ਰਾਜਨ! ਜਮਨਾ ਦੇ ਕਿਨਾਰੇ ਸਤਿਸੰਗ ਵੀ ਹੋ ਰਿਹਾ ਸੀ। ਜਿਥੋਂ ਤੁਸੀਂ ਲੰਘੇ ਸੀ ਹੋ ਰਿਹਾ ਸੀ ਨਾ ਸਤਿਸੰਗ ਉਥੇ? ਕਹਿੰਦੇ, ਹਾਂ ਮਹਾਰਾਜ ਹੋ ਰਿਹਾ ਸੀ ਇਕ ਪਾਸੇ। ਕਹਿੰਦੇ, ਫੇਰ ਉਥੇ ਕਿਉਂ ਨਾ ਗਏ ਤੁਸੀਂ? ਕਹਿੰਦੇ, ਮਹਾਰਾਜ ਤੁਸੀਂ ਕਿੱਥੇ ਗਏ? ਕ੍ਰਿਸ਼ਨ ਮਹਾਰਾਜ ਕਹਿੰਦੇ, ਅਸੀਂ ਤਾਂ ਕੋਈ ਚੀਜ਼ ਨਹੀ ਦੇਖੀ, ਪ੍ਰਮੇਸ਼ਰ ਦੇ ਪਿਆਰੇ ਬੈਠ ਕੇ ਹਰੀ ਦਾ ਜਸ ਕਰ ਰਹੇ ਸੀ। ਅਸੀਂ ਉਹਨਾਂ ਦੇ ਵਿਚੇ ਹੀ ਬੈਠੇ ਰਹੇ।

ਕਹਿੰਦੇ, ਤੁਸੀਂ ਕਿਉਂ ਨਾ ਗਏ?

ਕਹਿੰਦੇ, ਮਹਾਰਾਜ! ਜਾ ਹੀ ਨਾ ਹੋਇਆ। ਓਧਰ ਹੀ ਜ਼ਿਆਦਾ ਸਮਾਂ ਲਗ ਗਿਆ।

ਕਹਿੰਦੇ, ਇਸੇ ਵਾਸਤੇ ਅਸੀਂ ਤੁਹਾਨੂੰ ਕਿਹਾ ਸੀ ਕਿ ***'ਬਿਨੁ ਭਾਗਾ ਸਤਸੰਗੁ ਨ ਲਭੈ ਬਿਨੁ ਸੰਗਤਿ ਮੈਲੁ ਭਰੀਜੈ ਜੀਉ ॥'*** ਭਾਗ ਵਿਹੂਣੇ ਆਦਮੀ ਨੂੰ ਸਤਿਸੰਗ ਦੀ ਪ੍ਰਾਪਤੀ ਨਹੀਂ ਹੁੰਦੀ। ਕੋਲ ਦੀ ਲੰਘ ਜਾਂਦੈ। ਫੇਰ ਸਤਿਸੰਗ ਦੇ ਅੰਦਰ ਸਾਰੇ ਇਕ ਖਿਆਲ ਦੇ ਬੰਦੇ ਨਹੀਂ ਆਇਆ ਕਰਦੇ। ਕਈ ਕਿਸਮ ਦੇ ਬੰਦੇ ਹੋਇਆ ਕਰਦੇ ਨੇ। ਇਕ ਤਾਂ ਸੁੰਘਣ ਆਉਂਦੇ ਨੇ ਕਿ ਕੀ ਕਹਿੰਦੈ। ਉਹਦੇ ਨਾਲੋਂ ਚੰਗਾ ਬੋਲਦੈ ਕਿ ਉਹਦੇ ਵਰਗੀਆਂ ਗੱਲਾਂ ਕਰਦੈ ਕਿ ਨਹੀਂ ਕਰਦਾ। ਕਿਹੜੇ ਵਿਸ਼ੇ ਤੇ ਬੋਲਦਾ ਹੈ। ਉਹਨਾਂ ਦਾ ਐਨਾ ਹੀ ਹੁੰਦਾ ਹੈ, ਜੱਜ ਬਣ ਕੇ ਆਉਂਦੇ ਨੇ, ਉਹਨਾਂ ਦੇ ਪੱਲੇ ਨਹੀਂ ਕੁਛ ਪਿਆ ਕਰਦਾ। ਦੂਸਰੇ ਹੋਇਆ ਕਰਦੇ ਨੇ ਕਿ ਬੈਠ ਤਾਂ ਜਾਂਦੇ ਨੇ, ਅੱਖਾਂ ਮੀਚ ਲਈਆਂ, ਛਾਤੀ ਦੇ ਨਾਲ ਠੋਡੀ ਜਾ ਲੱਗੀ। ਫੇਰ ਉਹਨੂੰ ਕੁਛ ਪਤਾ ਨਹੀਂ ਰਹਿੰਦਾ ਕਿ ਕੀ ਸਤਿਸੰਗ 'ਚ ਵਿਚਾਰ ਹੋਈ ਹੈ, ਕੀ ਨਹੀਂ ਹੋਈ। ਸੋ ਉਹਨਾਂ ਨੂੰ ਊਂਘੇ ਕਹਿੰਦੇ ਨੇ, ਊਂਘੀ ਜਾਂਦੇ ਨੇ। ਖਿਆਲ ਨੂੰ ਦੂਰ ਲੈ ਜਾਂਦੇ ਨੇ ਏਧਰ-ਓਧਰ ਫਿਰੀ ਜਾਂਦੇ ਨੇ। ਤੀਸਰੇ ਹੋਇਆ ਕਰਦੇ ਨੇ ਕਿ ਬੈਠ ਗਏ ਸਤਿਸੰਗ 'ਚ, ਕਦੇ ਏਧਰ ਨੂੰ ਦੇਖਣ ਲਗ ਗਏ, ਕਦੇ ਮੱਥਾ ਟੇਕਣ ਵਾਲਿਆਂ ਨੂੰ ਦੇਖਣ ਲਗ ਗਏ, ਕਦੇ ਹੱਥ ਹਿਲਾ ਲਿਆ, ਕਦੇ ਗੋਡਾ ਹਿਲਾ ਲਿਆ। ਕਦੇ ਘੜੀ ਦੇਖਣ ਲਗ ਗਏ। ਉਹਨਾਂ ਦੀ ਰੁਚੀ ਨਹੀਂ ਲੱਗਿਆ ਕਰਦੀ। ਉਹਨਾਂ ਨੂੰ ਖੂੰਘੇ ਕਹਿੰਦੇ ਨੇ। ਚੌਥੇ ਹੋਇਆ ਕਰਦੇ ਨੇ, ਸਤਿਸੰਗ 'ਚ ਆਉਂਦੇ ਨੇ, ਪੂਰੀ ਸ਼ਰਧਾ ਦੇ ਨਾਲ, ਇਕਾਗਰਤਾ ਦੇ ਨਾਲ ਸਰਵਣ ਕਰਦੇ ਨੇ ਤੇ ਇਕ-ਇਕ ਬਚਨ ਨੂੰ ਇਸ ਤਰ੍ਹਾਂ ਦੇ ਨਾਲ ਅੰਦਰ ਲੈ ਜਾਂਦੇ ਨੇ ਜਿਵੇਂ ਕੋਈ ਬਹੁਤ ਕੀਮਤੀ ਚੀਜ਼ ਹੁੰਦੀ ਹੈ। ਫੇਰ ਉਹਨੂੰ ਅੰਦਰ ਵਿਚਾਰਦੇ ਨੇ, ਵਿਚਾਰ ਕੇ ਹਿਰਦੇ ਦੇ ਵਿਚ ਜਮ੍ਹਾਂ ਕਰ ਲੈਂਦੇ ਨੇ। ਕਹਿੰਦੇ ਉਹ ਚੁੰਘੇ ਕਹਾਉਂਦੇ ਨੇ।

ਅਸਲੀ ਅਧਿਕਾਰੀ ਓਹੀ ਕੈਟਾਗਿਰੀ ਹੋਇਆ ਕਰਦੀ ਹੈ। ਤਿੰਨ ਕੈਟਾਗਿਰੀਆਂ ਆ ਤਾਂ ਜਾਂਦੀਆਂ ਨੇ ਪੁੰਨ ਕਰਮਾਂ ਦੇ ਨਾਲ ਪਰ ਉਹਨਾਂ ਦੇ ਕਰਮ ਐਨੇ ਵੱਡੇ ਨਹੀਂ ਹੁੰਦੇ ਕਿ ਉਹਨਾਂ ਦੇ ਜੀਵਨ ਵਿਚ ਕੋਈ ਮੋੜ ਆ ਜਾਵੇ।

ਸੋ ਇਸ ਤਰ੍ਹਾਂ ਦੇ ਨਾਲ ਮਹਾਰਾਜ ਦੀ ਕ੍ਰਿਪਾ ਹੈ ਕਿ ਇਸ ਕਲਜੁਗ ਦੇ ਵਿਚ, ਰੌਲਿਆਂ-ਗੌਲਿਆਂ ਦੇ ਵਿਚ ਆਪਾਂ ਨੂੰ ਸਤਿਸੰਗ ਪ੍ਰਾਪਤ ਹੈ। ਪਿਛਲੇ ਦੀਵਾਨ ਵਿਚ ਵਿਚਾਰ ਕੀਤੀ ਸੀ ਕਿ ਇਕ ਦੁਆਬੇ ਦੇ ਪਿੰਡ ਵਿਚ ਮੰਝ ਗੋਤ ਦੇ ਰਾਜਪੂਤ ਰਹਿੰਦੇ ਸੀ। ਉਹਨਾਂ ਰਾਜਪੂਤਾਂ ਦੇ ਅੰਦਰ ਇਕ ਚੌਧਰੀ ਸੀ, ਜੋ ਸਰਵਰ ਪੀਰ ਨੂੰ ਮੰਨਿਆ ਕਰਦਾ ਸੀ। ਉਹਨਾਂ ਦਿਨਾਂ 'ਚ ਇਕ ਨਹੀਂ ਸਾਰਾ ਪੰਜਾਬ ਇਹ ਮੰਨਿਆ ਕਰਦਾ ਸੀ ਕਿਉਂਕਿ ਐਸਾ ਹੀ ਤਰੀਕਾ ਸੀ, ਬਹੁਤ ਸਾਰੇ ਏਜੰਟ ਰੱਖੇ ਹੋਏ ਸੀ, ਰੌਲਾ ਪਾਈ ਜਾਂਦੇ ਸੀ, ਕਵਿਤਾਵਾਂ ਬਣੀਆਂ ਹੋਈਆਂ ਸੀ, ਗੀਤ ਬਣੇ ਹੋਏ ਸੀ। ਉਹ ਇਕ ਕਮਿਊਨਟੀ ਸੀ ਜਿਹਨੂੰ ਭਰਾਈ ਕਹਿੰਦੇ ਹੁੰਦੇ। ਉਹਨਾਂ ਨੇ ਢੋਲ ਲੈ ਲੈਣਾ ਤੇ ਗਲੀਆਂ ਵਿਚ ਗਾਉਂਦੇ ਫਿਰਦੇ ਰਹਿੰਦੇ ਸੀ। ਸਾਧਾਰਣ ਬੋਲੀ 'ਚ ਗਾਉਂਦੇ ਸੀ ਤੇ ਵੱਡੀਆਂ-ਵੱਡੀਆਂ ਕਰਾਮਾਤਾਂ ਦਸਦੇ ਸੀ ਕਿ ਉਹਨੂੰ ਪੁੱਤਰ ਮਿਲਿਆ ਹੈ, ਉਹਨੂੰ ਜ਼ਮੀਨ ਮਿਲੀ ਹੈ, ਉਹਦੀ ਬਿਮਾਰੀ ਠੀਕ ਹੋਈ ਹੈ। ਇਸ ਤਰ੍ਹਾਂ ਦੀਆਂ ਬਾਤਾਂ ਕਰਦੇ ਸੀ। ਰੂਹਾਨੀਅਤ ਦੀ ਬਾਤ ਕੋਈ ਨਹੀਂ ਸੀ ਕਰਦੇ। ਦੁਨਿਆਵੀ ਗੱਲਾਂ ਕਰਦੇ ਸੀ। ਇਸ ਕਰਕੇ ਵਹਿਮ ਪ੍ਰਸਤੀ 'ਚ ਪਏ ਹੋਏ ਬੰਦੇ, ਸੰਗ ਬਣਾ-ਬਣਾ ਕੇ ਬਹੁਤ ਸਾਰੇ ਲੋਕ ਉਸਦੀ ਕਬਰ ਦੇ ਉਤੇ ਜਾਇਆ ਕਰਦੇ ਸੀ। ਕੋਈ ਉਪਦੇਸ਼ ਨਹੀਂ ਸੀ ਹੁੰਦਾ। ਬਸ ਉਥੇ ਜਾ ਕੇ ਰੋਟ ਭੇਟ ਕਰੀ ਜਾਣੇ, ਮੱਥੇ ਟੇਕੀ ਜਾਣੇ ਤੇ ਗੇੜੇ ਕੱਢ ਕੇ ਵਾਪਸ ਆ ਜਾਣਾ।

ਸੋ ਉਹਨਾਂ ਦਾ ਜੋ ਚੌਧਰੀ ਸੀ ਜਿਹਨੂੰ ਤੀਰਥਾ ਕਹਿੰਦੇ ਸੀ ਤੇ ਮੰਝ ਗੋਤ ਦਾ ਹੋਣ ਕਰਕੇ ਉਸਨੂੰ ਮੰਝ ਕਹਿਣ ਲਗ ਗਏ, ਉਹਦੇ ਨਾਉਂ 'ਤੇ ਹੀ ਮਾਝੇ ਦਾ ਇਕ ਟੁਕੜਾ, ਮੰਝਕੀ ਕਹਾਉਂਦਾ ਹੈ। ਇਕ ਕੰਡੀ ਕਹਾਉਂਦੈ। ਸੋ ਇਸ ਤਰ੍ਹਾਂ ਦੇ ਨਾਲ ਉਹ ਬਹੁਤ ਸਾਰੇ ਪਿੰਡਾਂ ਦੇ ਬੰਦਿਆਂ ਨੂੰ, ਸ਼ਰਧਾਲੂਆਂ ਨੂੰ ਲੈ ਕੇ ਹਰ ਸਾਲ ਜਾਇਆ ਕਰਦਾ ਸੀ। ਥੋੜ੍ਹੀ-ਥੋੜ੍ਹੀ ਦੂਰ 'ਤੇ ਜਾ ਕੇ ਚਉਂਕੀ ਭਰਦੇ ਸੀ। ਚੌਂਕੀਆਂ ਇਹ ਹੁੰਦੀਆਂ ਕਿ ਜਿਵੇਂ ਆਪਾਂ ਇਥੋਂ ਚੱਲ ਪਈਏ, ਦੋ-ਚਾਰ-ਪੰਜ ਹਜ਼ਾਰ ਬੰਦਾ। ਇਥੋਂ ਚਾਰ ਕੋਹ 'ਤੇ ਚੌਂਕੀ ਹੋਵੇ। ਫੇਰ ਚਾਰ ਕੋਹ 'ਤੇ ਹੋਵੇ, ਫੇਰ ਚਾਰ ਕੋਹ 'ਤੇ ਹੋਵੇ। ਫੇਰ ਸਾਰੀ ਰਾਤ ਕੀਰਤਨ ਕਰੀਏ। ਇਕ ਸਾਧਨ ਸੀਗਾ ਸੀ ਉਹਨਾਂ ਦਾ ਪ੍ਰਚਾਰ ਕਰਨ ਦਾ। ਉਥੇ ਉਹ ਖੇਡ ਪਾਉਂਦੇ ਸੀ। ਖੇਡ ਹੁੰਦੀ ਕਿ ਚਮੜੇ ਦੀ ਇਕ ਜਾਕਟ ਪਾ ਲੈਣੀ, ਲੋਹੇ ਦਾ ਜਿਵੇਂ ਜਿੰਦਾ ਹੁੰਦੈ, ਪਾਣੀ 'ਚੋਂ ਡੋਲ ਕੱਢਣ ਵਾਲਾ ਜਿਵੇਂ ਇਸ ਤਰ੍ਹਾਂ ਦਾ ਹੁੰਦਾ, ਉਹ ਪਿੱਠ ਦੇ ਉਤੇ ਜ਼ੋਰ ਨਾਲ ਮਾਰਦੇ ਸੀ। ਉਸ ਨਾਲ ਸੱਟ ਲਗਦੀ ਹੈ ਕਿ ਨਹੀਂ ਲਗਦੀ, ਉਹ ਪੱਕੇ ਹੋਏ-ਹੋਏ ਸੀ, ਉਹ ਇਸੇ ਗੱਲ ਨੂੰ ਕਰਾਮਾਤ ਕਹਿੰਦੇ ਸੀ ਕਿ ਐਨੀ ਜ਼ੋਰ ਦੀ ਮਾਰਦੇ ਨੇ ਕਿ ਇਹਨਾਂ ਦੇ ਸੱਟ ਨਹੀਂ ਲਗਦੀ। ਸੋ ਲੋਕ ਜਾਂਦੇ ਸੀ ਕਰਾਮਾਤਾਂ ਨੂੰ ਮੰਨਣ ਕਰਕੇ, ਰੂਹਾਨੀਅਤ ਦੀ ਕੋਈ ਸੋਝੀ ਨਹੀਂ ਸੀ।

ਸ੍ਰੀ ਗੁਰੂ ਨਾਨਕ ਪਾਤਸ਼ਾਹ ਇਸ ਹਨ੍ਹੇਰੇ ਨੂੰ ਦੂਰ ਕਰਨ ਵਾਸਤੇ ਆਏ ਕਿ ਮਨੁੱਖ ਇਨ੍ਹਾਂ ਗੱਲਾਂ ਵਾਸਤੇ ਸੰਸਾਰ ਵਿਚ ਨਹੀਂ ਆਇਆ। ਉਹਦਾ ਕੰਮ ਹੋਰ ਹੈ। ਸੋ ਸ੍ਰੀ ਗੁਰੂ ਨਾਨਕ ਪਾਤਸ਼ਾਹ ਨੇ ਜੋ ਪ੍ਰਚਾਰ ਕੀਤਾ, ਉਹ ਵੱਡੇ-ਵੱਡੇ ਮੁਖੀਆਂ ਦੇ ਕੋਲ, ਅਚਾਰੀਆਂ ਦੇ ਕੋਲ ਗਏ। ਵੱਡੇ-ਵੱਡੇ ਵਿਦਵਾਨ, ਫਿਲਾਸਫਾਂ ਦੇ ਕੋਲ ਕਿਉਂਕਿ ਫਿਲਾਸਫੀ ਦੇ ਵਿਚ ਬੜਾ ਹੇਰ-ਫੇਰ ਸੀਗਾ। ਫਰਕ ਸੀ ਬਹੁਤ ਜ਼ਿਆਦਾ ਕਿ ਉਹਨੂੰ ਇਕ ਕਰਨਾ ਸੀ ਸ੍ਰੀ ਗੁਰੂ ਨਾਨਕ ਪਾਤਸ਼ਾਹ ਨੇ। ਹੇਠਾਂ ਤੋਂ ਨਹੀਂ ਕੋਈ ਵੀ ਛੇੜਿਆ, ਸਿਰ ਤੋਂ ਫੜੇ ਨੇ। ਸਿਰ ਤੋਂ ਲੈ ਕੇ ਫੇਰ ਅਗਾਂਹਾਂ ਦਾ ਰਸਤਾ ਦਸਿਆ ਹੈ ਕਿ ਇਥੋਂ ਤੁਸੀਂ ਰੁਕੇ ਖੜ੍ਹੇ ਹੋਂ, ਇਸ ਤੋਂ ਅੱਗੇ ਆਹ ਰਾਹ ਹੈ। ਜਦੋਂ ਉਹ ਠੀਕ ਹੋ ਗਏ, ਉਹਨਾਂ ਨੇ ਫੇਰ ਪ੍ਰਚਾਰ ਸਤਿ ਦਾ ਕਰਨਾ ਹੀ ਸੀ। ਮੀਡੀਆ ਨਾ ਹੋਣ ਕਰਕੇ, ਇਹ ਬੜਾ ਔਖਾ ਸੀ।

ਪਿਛਲੀ ਉਮਰ ਸ੍ਰੀ ਗੁਰੂ ਨਾਨਕ ਪਾਤਸ਼ਾਹ ਨੇ ਸ੍ਰੀ ਕਰਤਾਰਪੁਰ ਦੇ ਅੰਦਰ ਸੈਂਟਰ ਬਣਾ ਕੇ, ਦੂਰ-ਦਰਾਜ਼ ਤੋਂ ਸੰਗਤਾਂ ਆਉਂਦੀਆਂ ਸੀ। ਫੇਰ ਉਸ ਥਾਂ ਹੀ ਆਪ ਰਹੇ। ਉਹਨਾਂ ਦੇ ਰਾਹੀਂ ਫੇਰ ਪ੍ਰਚਾਰ ਕਰਿਆ। ਉਹ ਜਾ ਕੇ ਫੇਰ ਪਿੰਡਾਂ 'ਚ ਪ੍ਰਚਾਰ ਕਰਦੇ ਸੀ। ਉਹਨਾਂ ਨੇ ਪਿੰਡਾਂ 'ਚ ਜਾ ਕੇ ਸਤਿ ਦੀ ਬਾਤ ਕਰਨੀ। ਕੁਛ-ਕੁਛ ਰੋਸ਼ਨੀ ਹੋਈ। ਸ੍ਰੀ ਗੁਰੂ ਅੰਗਦ ਸਾਹਿਬ ਮਹਾਰਾਜ, ਸ੍ਰੀ ਗੁਰੂ ਅਮਰਦਾਸ ਮਹਾਰਾਜ, ਸ੍ਰੀ ਗੁਰੂ ਰਾਮਦਾਸ ਮਹਾਰਾਜ, ਇਹ ਸਮਾਂ ਹੁਣ ਸ੍ਰੀ ਗੁਰੂ ਅਰਜਨ ਸਾਹਿਬ ਜੀ ਦਾ ਆ ਗਿਆ ਸੀ। ਉਸ ਵੇਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ

ਵੀ ਹੋਈ-ਹੋਈ ਸੀ ਤੇ ਨਾਲ ਪ੍ਰਚਾਰ ਵੀ ਬਹੁਤ ਵਧ ਗਿਆ ਸੀ। ਬੇਅੰਤ ਸਿੱਖ ਸੀਗੇ ਜਿਨ੍ਹਾਂ ਦੇ ਬਾਣੀ ਯਾਦ ਹੋ ਚੁੱਕੀ ਸੀ ਤੇ ਬਾਣੀ ਨੂੰ ਬਹੁਤ ਅੱਛੀ ਤਰ੍ਹਾਂ ਸਮਝ ਕੇ ਵਿਆਖਿਆ ਕਰ ਸਕਦੇ ਸੀਗੇ। ਵਿਆਖਿਆ ਵੀ ਉਹ ਕਰਦੇ ਸੀ ਜੋ ਗੁਰੂ ਮਹਾਰਾਜ ਆਪਣੇ ਮੁਖਾਰਬਿੰਦ ਤੋਂ ਕਰਦੇ ਸੀ। ਸੋ ਉਸ ਪ੍ਰੇਮੀ ਦਾ ਇਕ ਰਿਸ਼ਤੇਦਾਰ ਉਸ ਨੂੰ ਮਿਲਦੈ, ਬਈ ਦੇਖ ਭਾਈ ਤੀਰਥ, ਜਦੋਂ ਤੂੰ ਸੰਗ ਲੈ ਕੇ ਜਾਏਂਗਾ, ਉਸ ਵੇਲੇ ਤੂੰ ਗੁਰੂ ਮਹਾਰਾਜ ਦੇ ਜ਼ਰੂਰ ਦਰਸ਼ਨ ਕਰੀਂ। ਉਹ ਕਹਿੰਦਾ ਕਿ ਗੁਰੂ ਮਹਾਰਾਜ ਨਾਲ ਤਾਂ ਸਾਡਾ ਕੋਈ ਸਬੰਧ ਨਹੀਂ ਹੈ। ਸਾਡਾ ਤਾਂ ਸਬੰਧ ਪੀਰ ਨਾਲ ਹੈ। ਸਾਨੂੰ ਤਾਂ ਲੋੜ ਨਹੀਂ ਹੈ। ਅਸੀਂ ਕਬੀਲਦਾਰ ਬੰਦੇ ਹਾਂ, ਸਾਨੂੰ ਹਰ ਵਕਤ ਲੋੜਾਂ ਰਹਿੰਦੀਆਂ ਨੇ। ਉਹ ਸਾਡੀਆਂ ਲੋੜਾਂ ਪੂਰੀਆਂ ਕਰੀ ਜਾਂਦਾ ਹੈ। ਹੋਰ ਕੀ ਲੈਣੈ। ਤਾਂ ਉਸ ਨੇ ਸਮਝਾਇਆ ਕਿ ਭਾਈ, ਲੋੜਾਂ ਵਾਸਤੇ ਨਹੀਂ ਤੂੰ ਸੰਸਾਰ ਵਿਚ ਆਇਆ। ਤੇਰਾ ਜੀਵਨ ਕੇਵਲ ਐਨਾ ਹੀ ਨਹੀਂ ਹੈ ਕਿ ਰੋਟੀਆਂ ਖਾ ਲਈਆਂ। ਮਕਾਨ ਬਣਾ ਲਏ, ਕੱਪੜੇ ਪਹਿਨ ਲਏ, ਬਾਲ-ਬੱਚੇ ਪਾਲ ਲਏ। ਇਹ ਜੀਵਨ ਕੀ ਹੈ। ਤੂੰ ਤਾਂ ਇਕ ਬਹੁਤ ਵੱਡੇ ਕੰਮ ਵਾਸਤੇ ਸੰਸਾਰ ਵਿਚ ਆਇਆ ਹੈਂ। ਬਹੁਤ ਯਤਨ ਕਰਿਆ, ਸਮਝਾਉਣ ਦਾ। ਪਿਛਲੇ ਦੀਵਾਨ 'ਚ ਵਿਚਾਰ ਕੀਤੀ ਸੀ ਕਿ ਅਸੀਂ ਸੰਸਾਰ 'ਤੇ ਰਹਿਣਾ ਨਹੀਂ ਹੈ, ਅਸੀਂ ਇਥੇ ਕੁਛ ਕਰਨ ਵਾਸਤੇ ਆਏ ਹਾਂ।

ਸੋ ਕਾਫੀ ਸਮਾਂ ਲੰਘ ਗਿਆ, ਉਸ ਤੋਂ ਬਾਅਦ ਇਹ ਸੰਗ ਲੈ ਕੇ ਸ੍ਰੀ ਅੰਮ੍ਰਿਤਸਰ ਨੂੰ ਜਾਂਦੈ। ਕਿਉਂਕਿ ਸੰਸਕਾਰ ਪੈ ਚੁੱਕੇ ਸੀ ਤੇ ਇਹਨੇ, ਇਹ ਵਿਚਾਰ ਕੇ ਕਿ ਹੁਣ ਤਾਂ ਇਸ਼ਨਾਨ ਕਰਨ ਨੂੰ ਉਥੇ ਥਾਂ ਹੈ ਤੇ ਆਏ ਗਏ ਨੂੰ ਪ੍ਰਸ਼ਾਦਾ ਵੀ ਮਿਲਦਾ ਹੈ। ਥੋੜ੍ਹਾ ਹਟ ਕੇ ਖੇਡ ਪਾ ਲਵਾਂਗੇ ਤੇ ਨਾਲੇ ਜਿਨ੍ਹਾਂ ਨੂੰ ਲੋੜ ਹੋਏਗੀ ਗੁਰੂ ਕੇ ਲੰਗਰ 'ਚੋਂ ਪ੍ਰਸ਼ਾਦਾ ਵੀ ਛਕ ਆਉਣਗੇ ਤੇ ਇਸ਼ਨਾਨ ਵੀ ਕਰ ਆਉਣਗੇ ਜੋ ਸਰੋਵਰ ਬਣਾ ਰਹੇ ਹਨ।

ਭਾਈ ਤੀਰਥੇ ਦੇ ਮਨ ਵਿਚ ਖਿਆਲ ਆਇਆ ਕਿ ਮੈਂ ਸੁਣ ਕੇ ਤਾਂ ਦੇਖਾਂ ਕਿ ਉਹ ਕਹਿੰਦੇ ਕੀ ਨੇ। ਜਿਸ ਵਕਤ ਦਰਬਾਰ 'ਚ ਪਹੁੰਚਿਆ। ਪੰਜ-ਸੱਤ ਬੰਦੇ ਇਸ ਨਾਲ ਹੋਰ ਸੀਗੇ। ਉਸ ਵੇਲੇ ਵਿਚਾਰ ਚਲ ਰਹੀ ਸੀ ਕਿ ਇਹ ਮਾਨਸ ਜਨਮ ਬੜੀ ਮੁਸ਼ਕਲ ਦੇ ਨਾਲ ਪ੍ਰਾਪਤ ਹੋਇਆ ਹੈ। ਲੇਕਿਨ ਆਦਮੀ ਇਸ ਦੀ ਮਹੱਤਤਾ ਨੂੰ ਨਾ ਸਮਝਣ ਕਰਕੇ, ਇਸ ਨੂੰ ਇਸ ਤਰ੍ਹਾਂ ਜ਼ਾਇਆ ਕਰ ਰਿਹਾ ਹੈ ਜਿਸ ਤਰ੍ਹਾਂ ਕੋਈ ਅਣਜਾਣ ਬੰਦਾ, ਹੀਰਿਆਂ ਨੂੰ ਕੌਡੀਆਂ ਦੇ ਭਾਅ ਵੇਚ ਰਿਹਾ ਹੋਵੇ ਜਾਂ ਚੰਦਨ ਨੂੰ ਆਮ ਲੱਕੜੀ ਦੇ ਭਾਅ ਵੇਚ ਰਿਹਾ ਹੋਵੇ। ਸੋ ਐਸੀ ਵਿਚਾਰ ਸਰਵਣ ਕੀਤੀ – ***'ਰੈਣਿ ਗਵਾਈ ਸੋਇ ਕੈ ਦਿਵਸੁ ਗਵਾਇਆ ਖਾਇ ॥'*** ਦੋ ਕੰਮ ਕਰਦਾ ਹੈ ਆਦਮੀ, ਜਾਂ ਸੌਂ ਜਾਂਦਾ ਹੈ ਜਾਂ ਖਾ ਲੈਂਦਾ ਹੈ। ਤੀਸਰਾ ਕੰਮ ਇਹ ਕਰਦਾ ਹੈ ਕਿ ਖਾਣ ਵਾਸਤੇ ਰੋਟੀ ਕਮਾ ਲੈਂਦਾ ਹੈ, ਬਾਕੀ ਤਾਂ ਇਹ ਕੰਮ ਹੀ ਨਹੀਂ ਕੋਈ ਕਰਦਾ। ਮਹਾਰਾਜ ਕਹਿੰਦੇ –

*ਹੀਰੇ ਜੈਸਾ ਜਨਮੁ ਹੈ ਕਉਡੀ ਬਦਲੇ ਜਾਇ ॥ ਅੰਗ – ੧੫੬*

ਇਕ ਮਿਸਾਲ ਦੇ ਨਾਲ ਗੱਲ ਚੰਗੀ ਤਰ੍ਹਾਂ ਸਮਝ ਆ ਜਾਂਦੀ ਹੈ ਕਿ ਇਕ ਕੋਈ ਜਿੰਮੀਦਾਰ ਬਾਜਰੇ ਦੀ ਰਾਖੀ ਕਰ ਰਿਹੈ। ਕਿਉਂਕਿ ਬਹੁਤ ਸਾਰੇ ਪੰਛੀ ਚਿੜੀਆਂ, ਤੋਤੇ ਆਦਿ ਬਾਜਰੇ ਦੇ ਸਿੱਟੇ ਨੂੰ ਪੈਂਦੇ ਨੇ। ਉਸ ਵੇਲੇ ਰਾਖੀ ਕਰਨੀ ਪੈਂਦੀ ਹੈ ਜਵਾਰ ਦੀ ਵੀ ਤੇ ਬਾਜਰੇ ਦੀ ਵੀ। ਕਿਉਂਕਿ ਨੰਗਾ ਦਾਣਾ ਹੁੰਦੈ। ਬਾਕੀ ਜਿਹੜੇ ਹੁੰਦੇ ਨੇ ਉਹ ਢਕੇ ਹੁੰਦੇ ਨੇ। ਮੱਕੀ ਹੈ ਇਹਦੇ ਉਤੇ ਪੜਦਾ ਹੁੰਦੈ। ਹਰ ਪੰਛੀ ਪੜਦੇ ਨੂੰ ਨਹੀਂ ਖੋਲ੍ਹ ਸਕਦਾ। ਸੋ ਇਹਦੇ ਦਾਣੇ ਉਤੇ ਹੀ ਪਏ ਹੁੰਦੇ ਨੇ, ਸਾਰੇ ਦਾਣੇ ਚੁਗ ਜਾਂਦੇ ਨੇ। ਰਾਖੀ ਜ਼ਰੂਰ ਕਰਨੀ ਪੈਂਦੀ ਹੈ। ਸੋ ਗੁਲੇਲੇ ਬਣਾ ਲੈਣੇ ਮਿੱਟੀ ਦੇ, ਸੁੱਕਾ ਲੈਣੇ, ਸੁਕਾ ਕੇ ਜਾ ਕੇ ਅੰਦਰੋਂ ਚਲਾਈ ਜਾਣੇ। ਕਾਫੀ ਸਮਾਂ ਲੰਘ ਗਿਆ ਤੇ ਇਕ ਦਿਨ ਇਸ ਨੂੰ ਵਿਹਲ ਨਾ ਮਿਲਣ ਕਰਕੇ, ਬਹੁਤੇ ਨਾ ਬਣਾ ਸਕਿਆ, ਜਿਸ ਵਕਤ ਲੈ ਕੇ ਤੁਰਿਆ ਤਾਂ ਉਹ ਦੁਪਹਿਰ ਦੀ ਰੋਟੀ ਤੋਂ ਪਹਿਲਾਂ ਹੀ ਮੁੱਕ ਗਏ। ਘਰਵਾਲੀ ਨੇ ਕਿਹਾ, ਜੋ ਕੱਲ੍ਹ ਦੇ ਬਣਾਏ ਹੋਏ ਨੇ ਉਹ ਦੁਪਹਿਰ ਦੀ ਧੁੱਪ ਲਗ ਕੇ ਆਠਰ ਜਾਣਗੇ ਤੇ ਮੈਂ ਲੈ ਕੇ ਆਵਾਂਗੀ। ਤੂੰ ਓਨਾਂ ਚਿਰ ਹੌਲੀ-ਹੌਲੀ ਚਲਾਈ ਜਾਈਂ। ਜਿਸ ਵਕਤ ਚਲਾਂਦੇ-ਚਲਾਂਦੇ ਨੂੰ ਪਿਆਸ ਲੱਗੀ ਤਾਂ ਕੋਲ ਇਕ ਨਦੀ ਜਾਂਦੀ। ਨਾਲ ਲਗਦੀ ਖੇਤ ਦੇ, ਗਹਿਰੀ ਨਦੀ ਸੀ। ਉਥੇ ਪਾਣੀ ਪੀਣ ਚਲਿਆ ਗਿਆ। ਜਿਹੜਾ ਹੇਠਲਾ ਕੰਢਾ ਸੀ ਉਥੇ ਜਾ ਕੇ ਇਸ ਨੇ ਪਾਣੀ ਪੀਤਾ ਤੇ ਮਿੱਟੀ ਨਾਲ ਹੱਥ ਧੋਣ ਲੱਗਿਆ ਤਾਂ ਉਹਦੇ ਹੱਥ ਵਿਚ ਇਕ ਥੈਲੀ ਜਿਹੀ ਆ ਗਈ। ਕੱਢ ਕੇ ਦੇਖਦਾ ਹੈ ਤਾਂ ਕੀ ਦੇਖਦੈ, ਗੋਲ-ਗੋਲ ਚੀਜ਼ਾਂ ਪਈਆਂ ਨੇ। ਇਹਨੇ ਕਿਹਾ ਕਿ ਆਹ ਤਾਂ ਕੱਚ ਦੀਆਂ ਗੋਲੀਆਂ ਲਗਦੀਆਂ ਨੇ, ਇਹਦੇ ਨਾਲ ਕੰਮ ਚਲਾਉਂਦੇ ਹਾਂ। ਲਿਆ ਕੇ ਉਹਨੂੰ ਇਕੱਲੀ-ਇਕੱਲੀ ਨੂੰ ਚਲਾਈ ਜਾਂਦੈ। ਪੂਰੇ ਜ਼ੋਰ ਨਾਲ

ਮਾਰਦੈ ਤੇ ਉਹ ਨਦੀ ਵਿਚ ਗਿਰੀ ਜਾਂਦੀਆਂ ਨੇ ਜਾ ਕੇ। ਜਦੋਂ ਪ੍ਰਸ਼ਾਦਾ ਆਇਆ, ਉਸ ਵੇਲੇ ਘਰਵਾਲੀ ਆਈ, ਉਸ ਨੇ ਦੇਖਿਆ, ਕਹਿਣ ਲੱਗੀ, ਤੇਰਾ ਕੰਮ ਕਿਵੇਂ ਚੱਲਿਆ? ਕਹਿਣ ਲੱਗਿਆ, ਆਹ ਥੈਲੀ ਲੱਭ ਗਈ ਸੀ ਮੈਨੂੰ। ਕਹਿੰਦੀ, ਦਿਖਾ ਤਾਂ ਮੈਨੂੰ। ਉਹ ਇੱਕੋ ਹੀ ਰਹਿ ਗਿਆ ਸੀ ਆਖਰੀ। ਨਾਲੇ ਪਾਣੀ ਲੈਣ ਚਲੀ ਗਈ ਨਦੀ 'ਚ, ਨਾਲੇ ਉਹਨੂੰ ਧੋ ਕੇ ਲੈ ਆਈ। ਜਦੋਂ ਧੋਇਆ ਤਾਂ ਉਹ ਬੜਾ ਚਮਕੇ। ਕਹਿਣ ਲੱਗੀ, ਆਹ ਤਾਂ ਬਹੁਤ ਵਧੀਆ ਚੀਜ਼ ਹੈ। ਇਹ ਕੋਈ ਖਾਸ ਚੀਜ਼ ਲਗਦੀ ਹੈ। ਕਿਉਂਕਿ ਅਮੀਰ ਲੋਕਾਂ ਦੇ ਕੁਛ ਪਾਇਆ ਹੁੰਦੈ, ਉਹ ਚਮਕਦਾ ਹੁੰਦੈ। ਕਿਤੇ ਓਹੋ ਜਿਹੀ ਚੀਜ਼ ਹੀ ਨਾ ਹੋਵੇ। ਗਰੀਬ ਆਦਮੀ ਸੀ ਪਤਾ ਨਹੀਂ ਸੀ ਕਿ ਹੀਰਾ ਕੀ ਹੁੰਦੈ ਤੇ ਕੱਚ ਦਾ ਟੁਕੜਾ ਕੀ ਹੁੰਦੈ। ਸੋ ਘਰ ਵਾਪਸ ਆ ਗਈ। ਘਰ ਆ ਕੇ ਪੜੋਸਣ ਨੂੰ ਦਿਖਾਇਆ, ਉਹ ਕਹਿਣ ਲੱਗੀ ਕਿ ਇਹ ਤਾਂ ਕੁਛ ਬਹੁਤ ਕੀਮਤੀ ਲਗਦੈ। ਹੌਲੀ-ਹੌਲੀ ਰਲ ਕੇ ਜੌਹਰੀ ਕੋਲ ਚਲੇ ਗਏ। ਜੌਹਰੀ ਨੇ ਜਦੋਂ ਹੀਰਾ ਦੇਖਿਆ, ਉਸ ਵੇਲੇ ਕਹਿਣ ਲੱਗਿਆ ਕਿ ਵੇਚਣਾ ਹੈ ਤੁਸੀਂ? ਕਹਿੰਦਾ, ਇਹ ਤਾਂ ਬਹੁਤ ਕੀਮਤੀ ਹੈ। ਉਸ ਨੇ ਬਹੁਤ ਧਨ ਦੇ ਦਿਤਾ। ਕਹਿੰਦਾ, ਲੈ ਇਹਦੇ ਨਾਲ ਨਾਲੇ ਤਾਂ ਤੁਹਾਨੂੰ ਵਧੀਆ ਕੋਠੀ ਆ ਜਾਏਗੀ ਤੇ ਨਾਲੇ ਤੁਹਾਡੇ ਕੰਮ ਬਣ ਜਾਣਗੇ, ਜ਼ਮੀਨ ਜਾਇਦਾਦ ਹੋਰ ਖਰੀਦ ਲਿਓ। ਇਹ ਤਾਂ ਲੱਖਾਂ ਰੁਪਏ ਦਾ ਹੀਰਾ ਹੈ। ਬੜੀ ਖੁਸ਼ ਹੋਈ। ਲੇਕਿਨ ਘਰ ਆ ਕੇ ਉੱਚੀ-ਉੱਚੀ ਰੋਣ ਲਗ ਗਈ। ਐਨੇ ਨੂੰ ਉਹ ਵੀ ਆ ਗਿਆ। ਕਹਿੰਦਾ, ਤੂੰ ਕਿਉਂ ਰੋਂਦੀ ਹੈਂ? ਕਹਿੰਦੀ, ਤੇਰੀ ਅਕਲ ਨੂੰ ਰੋਂਦੀ ਹਾਂ। ਕਹਿੰਦਾ ਮੇਰੀ ਅਕਲ 'ਚ ਕੀ ਫਰਕ ਪੈ ਗਿਆ, ਮੈਂ ਕੋਈ ਗਲਤ ਗੱਲ ਕਰ ਦਿਤੀ? ਕਹਿੰਦੀ, ਆਹ ਦੇਖ ਜਿਹੜਾ ਤੂੰ ਮੈਨੂੰ ਦਿਤਾ ਸੀ ਨਾ ਕੱਚ ਜਿਹਾ। ਇਹ ਮੈਂ ਜੌਹਰੀ ਨੂੰ ਦਿਖਾ ਕੇ ਆਈ ਹਾਂ ਤੇ ਲੱਖਾਂ ਰੁਪਏ ਦੇ ਦਿਤੇ ਉਹਨੇ। ਕਿੰਨੀਓਂ ਜ਼ਮੀਨ ਖਰੀਦ ਲੈ, ਕਿੰਨਾ ਹੀ ਕੰਮ ਕਰ ਲੈ। ਕਿੰਨਾ ਹੀ ਵਧੀਆ ਮਕਾਨ ਬਣਾ ਲੈ। ਐਨਾ ਧਨ ਹੋ ਗਿਆ ਕਿ ਜਿਹੜਾ ਮੁਕਦਾ ਹੀ ਨਹੀਂ। ਉਹ ਵੀ ਉੱਚੀ-ਉੱਚੀ ਰੋਣ ਲਗ ਗਿਆ। ਦੋਵੇਂ ਰੋਈ ਜਾਂਦੇ ਨੇ। ਅਖੀਰ ਉਹ ਕਹਿੰਦੀ, ਮੈਂ ਤਾਂ ਰੋਂਦੀ ਹਾਂ, ਤੂੰ ਕਿਉਂ ਰੋ ਰਿਹੈਂ? ਕਹਿੰਦਾ, ਮੈਂ ਆਪਣੀ ਬੇਅਕਲੀ ਨੂੰ ਰੋਂਦਾ ਹਾਂ। ਜੇ ਮੈਨੂੰ ਪਤਾ ਹੁੰਦਾ ਇਹ ਤਾਂ ਲੱਭ ਗਈ ਸੀ ਆਪਾਂ ਨੂੰ। ਮੈਂ ਵੀ ਇਹ ਗਵਾਉਂਦਾ ਨਾ।

ਸੋ ਮਨੁੱਖ ਦੇ ਕੋਲ ਕਦਰ-ਸ਼ਨਾਸ਼ ਵਾਲੀ ਅੱਖ ਨਹੀਂ ਹੈ। ਉਹਨੂੰ ਨਹੀਂ ਪਤਾ ਕਿ ਮੈਨੂੰ ਕਿੰਨੀਆਂ ਕੀਮਤੀ ਚੀਜ਼ਾਂ ਪ੍ਰਮੇਸ਼ਰ ਨੇ ਦਿਤੀਆਂ ਨੇ ਤੇ ਮੈਂ ਕਿਵੇਂ ਗਵਾ ਰਿਹਾ ਹਾਂ। ਇਹਦੇ ਕੋਲ ਰੋਜ਼ ਦੇ 24000 ਸਵਾਸ ਨੇ। ਇਹ ਗੋਪੀਏ, ਵਿਸ਼ੇ-ਵਿਕਾਰਾਂ ਦੀ ਅੱਗ ਵਿਚ 'ਚ ਪਾ ਕੇ ਘੁੰਮਾ ਕੇ ਸੁੱਟ ਦਿੰਦਾ ਹੈ। ਨਿੰਦਿਆ, ਚੁਗਲੀ, ਈਰਖਾ, ਬਖੀਲੀ ਤੇ ਫੇਰ ਇਸ ਨੂੰ ਨਹੀਂ ਯਾਦ ਆਉਂਦਾ। ਇਹ ਨਹੀਂ ਜਾਣਦਾ ਕਿ ਸਵਾਸ ਦੀ ਕੀਮਤ ਕੀ ਹੈ। ਕੋਈ ਵੀ ਨਹੀਂ ਜਾਣਦਾ, ਕਿਸੇ ਨੂੰ ਵੀ ਨਹੀਂ ਵਿਸ਼ਵਾਸ਼ ਆਉਂਦਾ। ਕਿਉਂਕਿ ਸਾਨੂੰ ਇਸ ਗੱਲ ਦਾ ਅੰਦਾਜ਼ਾ ਨਹੀਂ ਹੈ। ਗੰਭੀਰ ਸੋਚ ਨਹੀਂ ਹੈ ਸਾਡੀ। ਸੰਜੀਦਗੀ ਨਾਲ ਅਸੀਂ ਵਿਚਾਰ ਨਹੀਂ ਕਰਦੇ, ਉਤੋਂ-ਉਤੋਂ ਵਿਚਾਰ ਕਰਦੇ ਹਾਂ, ਅੰਦਰ ਨਹੀਂ ਸਾਡੇ ਵਿਚਾਰ ਜਾਂਦੀ। ਜੇ ਅੰਦਰ ਜਾਵੇ ਤਾਂ ਸਾਡੇ ਤਾਂ ਇਕੋ ਹੀ ਬਾਣ ਲਗ ਜਾਵੇ ਸ਼ਬਦ ਦਾ। ਬਹੁਤ ਹੈ ਐਨਾ ਹੀ ਪ੍ਰਚਾਰ ਜਿੰਨਾ ਮੈਂ ਕਰਿਆ ਹੈ, ਇਸ ਤੋਂ ਵੱਧ ਲੋੜ ਹੀ ਨਹੀਂ ਹੈ।

ਬਾਬਾ ਜਵਾਲਾ ਸਿੰਘ ਜੀ ਕੋਲ ਅਸੀਂ ਮਨੀਮਾਜਰੇ ਗਏ। ਕੂਹਨੀ ਸਾਹਿਬ ਉਰਲੇ ਮੰਦਰ 'ਚ ਬੈਠੇ ਸੀ, ਅੰਨ ਪੂਰਨਾ 'ਚ। ਜਦੋਂ ਕਾਫੀ ਸਾਰੇ ਹੋ ਗਏ। ਮੰਜੇ 'ਤੇ ਪਏ ਸੀ, ਉਠ ਕੇ ਬੈਠ ਗਏ। ਸੰਤ ਮਹਿੰਦਰ ਸਿੰਘ ਓਹਨੀਂ ਫਿਰਦੇ ਸੀ। ਕਹਿੰਦੇ, ਆਹ ਕੀ ਹੈ? ਕਹਿੰਦੇ ਅਨੰਦ ਸਾਹਿਬ ਦਾ ਪਾਠ ਕਰਦਾ ਹਾਂ। ਕਹਿੰਦੇ, ਉਰੇ ਆ ਜਾ। ਮੰਜੇ 'ਤੇ ਬਿਠਾ ਲਿਆ ਸਿਰ੍ਹਾਣੇ ਵਲ। ਕਹਿੰਦੇ, ਲੈ ਹੁਣ ਕਰ। ਜਿਥੋਂ ਪੜ੍ਹਦਾ ਹੈਂ ਉਥੋਂ ਹੀ ਪੜ੍ਹ। ਉਥੇ ਆ ਗਿਆ - ***'ਸਾਚੀ ਲਿਵੈ ਬਿਨੁ ਦੇਹ ਨਿਮਾਣੀ ॥ ਦੇਹ ਨਿਮਾਣੀ ਲਿਵੈ ਬਾਝਹੁ ਕਿਆ ਕਰੇ ਵੇਚਾਰੀਆ ॥'*** ਗੁਟਕੇ 'ਤੇ ਹੱਥ ਰਖ ਦਿਤਾ। ਸਾਰਿਆਂ ਵਲ ਦੇਖੇ, ਦੇਖ ਕੇ ਕਹਿੰਦੇ, ਭਾਈ! ਇਸ ਤੋਂ ਅਗਾਂਹਾਂ ਹੋਰ ਕੀ ਗੱਲ ਕਰ ਸਕਦੇ ਹਾਂ। ਆਹੀ ਗੱਲ ਅੱਜ ਵਾਸਤੇ ਬਹੁਤ ਹੈ। ਕੱਪੜਾ ਲੈ ਕੇ ਫੇਰ ਪੈ ਗਏ। ਸਾਰੇ ਬੈਠੇ ਰਹੇ, ਇਸੀ 'ਤੇ ਵਿਚਾਰਦੇ ਰਹੇ। ਕਹਿੰਦੇ ਕਿ ਅੱਜ ਪਹਿਲੀ ਵਾਰੀ ਪਤਾ ਲੱਗਿਐ ਕਿ ਦੇਹ ਤਾਂ ਨਿਮਾਣੀ ਹੈ, ਜਿਹਦੇ ਅੰਦਰ ਲਿਵ ਨਹੀਂ ਲੱਗੀ ਹੋਈ। ਜਿਹਦਾ ਸਵਾਸ-ਸਵਾਸ ਨਾਮ ਨਹੀਂ ਚੱਲ ਰਿਹਾ। ਉਹਦੀ ਤਾਂ ਦੇਹ ਨੂੰ ਕੋਹੜ ਹੋਇਆ-ਹੋਇਆ ਹੈ। ਵਿਚਾਰੀ ਗਏ ਇਸ ਗੱਲ ਨੂੰ। ਵਿਚਾਰਦੇ-ਵਿਚਾਰਦੇ ਕਿਤੇ ਦੀ ਕਿਤੇ ਗਏ। ਬਹੁਤ ਸਾਰਿਆਂ ਨੇ ਕਰ ਲਿਆ ਕਿ ਹੁਣ ਲਿਵ ਲਾਉਣੀ ਹੈ, ਨਾਮ ਜਪਣੈ,

ਇਕੱਠੇ ਹੋ ਕੇ। ਸੋ attitude of mind ਹੁੰਦੈ। ਸੋ ਇਹਨੂੰ ਕੋਈ-ਕੋਈ ਸਮਝ ਸਕਦੈ ਕਿ ਸਵਾਸ ਕੀਮਤੀ ਹੈ। 24000 ਸਵਾਸ ਸਾਡਾ ਰੋਜ਼ ਜਾਂਦਾ ਹੈ। 100 ਸਾਲ ਦੀ ਉਮਰ ਵਾਲੇ ਨੂੰ 88 ਕਰੋੜ, 66 ਲੱਖ ਸਵਾਸ ਮਿਲਦੇ ਨੇ। ਇਹ ਕਿੰਨੇ ਜ਼ਾਇਆ ਕਰ ਦਿੰਦੇ ਨੇ। ਜੇ ਕੋਈ ਬੰਦਾ ਪੰਜ ਸਾਲ ਦੀ ਉਮਰ ਤੋਂ ਸ਼ੁਰੂ ਕਰੇ। ਗਿਆਨ ਹੋ ਜਾਵੇ ਪੰਜ ਸਾਲ ਦੇ ਬੱਚੇ ਨੂੰ। ਕਿਸਮਤ ਹੋਵੇ ਉਸ ਦੀ ਬਹੁਤ ਚੰਗੀ। ਪਿਛਲੇ ਜਨਮ ਦਾ ਤਪੱਸਵੀ ਦੁਬਾਰਾ ਆਇਆ ਹੋਵੇ ਸੰਸਾਰ 'ਤੇ ਭਜਨ ਕਰਨ ਵਾਲਾ ਬੰਦਾ। ਉਸ ਬੱਚੇ ਨੂੰ ਸੋਝੀ ਹੋਇਆ ਕਰਦੀ ਹੈ ਜਿਵੇਂ ਧਰੂੰ ਨੂੰ ਸੋਝੀ ਸੀ, ਪ੍ਰਹਿਲਾਦ ਨੂੰ ਸੋਝੀ ਸੀ। ਉਹਦੀ ਉਮਰ ਹੋਵੇ 75 ਸਾਲ ਦੀ। ਪੰਜ ਸਾਲ ਦੀ ਉਮਰ 'ਚ ਉਸ ਨੂੰ ਸੋਝੀ ਆ ਗਈ। ਫੇਰ ਲਗਾਤਾਰ ਜੇ ਢਾਈ ਘੰਟੇ ਰੋਜ਼ ਬੰਦਗੀ ਕਰਦੈ, ਇਕ ਚਿੱਤ ਹੋ ਕੇ। ਤਾਂ ਉਹਦੇ ਸਿਰਫ ਸੱਤ ਸਾਲ ਰੱਬ ਵਲ ਲੱਗੇ ਤੇ 68 ਸਾਲ ਉਹਦੇ ਜ਼ਾਇਆ ਚਲੇ ਗਏ। ਕਿਉਂਕਿ -

*ਉਮਰ ਓਹਾ ਵਿਚ ਲੇਖੇ ਦੇ*
*ਜੋ ਯਾਦ ਸਾਂਈ ਵਿਚ ਗੁਜਰੇ,*
*ਪੈਂਦੀ ਮੁਜਰੇ।*
*ਨਹੀਂ ਤਾਂ ਸਾਨੂੰ ਹਾਸਲ ਕੀ ਹੈ*
*ਇਸ ਵਿਚ ਨੀਲੇ ਹੁਜਰੇ*
*ਸੰਝ ਤੇ ਫਜਰੇ।* *ਭਾਈ ਵੀਰ ਸਿੰਘ ਜੀ*

ਸਵੇਰ ਤੇ ਸ਼ਾਮ ਸਾਨੂੰ ਕੀ ਹਾਸਲ ਹੈ ਇਹਦੇ ਵਿਚ। ਜੇ ਸਾਂਈ ਦੀ ਯਾਦ ਵਿਚ ਨਹੀਂ ਪੈਂਦੀ, ਫੇਰ ਲੇਖੇ ਵਿਚ ਨਹੀਂ ਪੈਂਦੀ। ਮਾੜਿਆਂ ਲੇਖਿਆਂ ਵਿਚ ਜਾਂਦੀ ਹੈ। ਵੈਰ, ਵਿਰੋਧ, ਕਾਮ, ਕ੍ਰੋਧ, ਲੋਭ, ਮੋਹ। ਪਰ ਸਾਨੂੰ ਤਾਂ ਹਾਲੇ ਤਕ ਨਹੀਂ ਸੋਝੀ ਆਈ। ਵਿਰਲੇ ਨੇ ਜਿਨ੍ਹਾਂ ਨੂੰ ਸੋਝੀ ਆਈ ਹੈ। ਬਹੁਤ ਵਿਰਲੇ ਪੁਰਸ਼ ਨੇ। ਜੋ ਕਹਿੰਦੇ ਨੇ ਕਿ ਅਸੀਂ ਬਾਣੀ ਪੜ੍ਹਦੇ ਹਾਂ। ਅਸੀਂ ਨਿਤਨੇਮ ਕਰਦੇ ਹਾਂ। ਫੇਰ ਉਹਦੇ ਵਿਚ ਇਹ ਦੇਖਣੈ ਹੈ ਕਿ ਉਹਦੇ ਵਿਚ ਤੁਹਾਡਾ ਮਨ ਕਿੰਨੀ ਦੇਰ ਲਗਦੈ। ਕਿੰਨੀ ਦੇਰ ਪ੍ਰਮੇਸ਼ਰ ਦੀ ਹਾਜ਼ਰੀ ਵਿਚ ਮਨ ਟਿਕਿਆ। ਕਿੰਨੀ ਗੈਰ-ਹਾਜ਼ਰੀ ਹੈ। ਗੈਰ-ਹਾਜ਼ਰੀ ਤਾਂ ਹਾਜ਼ਰੀ ਪੈਣੀ ਨਹੀਂ ਪ੍ਰੇਮੀਓਂ। ਹਾਜ਼ਰੀ ਤਾਂ ਓਹੀ ਪੈਣੀ ਹੈ ਜਿਹੜੀ ਉਹਦੀ ਯਾਦ ਵਿਚ ਲੰਘ ਜਾਂਦੀ ਹੈ। ਗੁਟਕਾ ਪੜ੍ਹਨ ਵਾਲੀ ਹਾਜ਼ਰੀ ਨਹੀਂ ਪੈਣੀ ਹੈ। ਹਾਜ਼ਰੀ ਪੈਣੀ ਹੈ ਮਨ ਦੀ। ਸਰੀਰ ਦੀ ਹਾਜ਼ਰੀ ਮੰਨੀ ਨਹੀਂ ਗਈ। ਕਿਉਂਕਿ ਸਰੀਰ ਤਾਂ ਮਿੱਟੀ ਦੀ ਇਕ ਮਟੀ ਜਿਹੀ ਹੈ, ਇਹਦੀ ਕਾਹਦੀ ਹਾਜ਼ਰੀ। ਹਾਜ਼ਰੀ ਤਾਂ ਉਸ ਦੀ ਹੈ ਜਿਹੜਾ ਇਹਦੇ ਅੰਦਰ ਰਹਿਣ ਵਾਲਾ ਨੱਠਿਆ ਫਿਰਦੈ। ਸੋ ਜੇ ਬਹੁਤ ਜ਼ਿਆਦਾ ਵੀ ਜ਼ੋਰ ਲਾ ਦਿਤਾ ਜਾਵੇ ਤਾਂ ਢਾਈ ਘੰਟੇ 'ਚ ਕਿਸੇ ਦਾ ਪੰਜ ਮਿੰਟ ਮਨ ਵੀ ਟਿਕ ਜਾਵੇ ਜਾਂ ਦਸ ਮਿੰਟ ਵੀ ਟਿਕ ਜਾਵੇ, ਫੇਰ ਕੀ ਹੋਇਆ? ਕੁਛ ਵੀ ਨਾਲ ਹੋਇਆ। ਸਾਡੇ ਤਾਂ ਪੰਜ-ਛੇ ਮਹੀਨੇ ਹੀ ਲੱਗੇ। ਇਸ ਤੋਂ ਵੱਧ ਸਾਡੀ ਉਮਰ ਹੀ ਨਹੀਂ ਰੱਬ ਦੇ ਘਰ ਦੇ ਅੰਦਰ। ਸੋ ਸਾਨੂੰ ਨਾ ਪਤਾ ਹੋਣ ਕਰਕੇ ਅਗਿਆਨਤਾ ਵਿਚ ਸਾਡਾ ਸਮਾਂ ਜਾ ਰਿਹੈ - ***'ਰੈਣਿ ਗਵਾਈ ਸੋਇ ਕੈ ਦਿਵਸੁ ਗਵਾਇਆ ਖਾਇ ॥ ਹੀਰੇ ਜੈਸਾ ਜਨਮੁ ਹੈ ਕਉਡੀ ਬਦਲੇ ਜਾਇ ॥'***

2300 ਸਾਲ ਦੀ ਗੱਲ ਹੈ ਇਕ ਵਾਰੀ ਇਥੇ ਇਕ ਬਾਦਸ਼ਾਹ ਆਇਆ, ਯੂਨਾਨ ਦਾ। ਮਕਦੂਨੀਆਂ ਉਸ ਦੀ ਰਾਜਧਾਨੀ ਸੀ। ਉਥੋਂ ਦੋ ਲੱਖ ਯੂਨਾਨੀ ਇਕੱਠਾ ਕਰਿਆ ਕਿ ਮੈਂ ਸੰਸਾਰ ਜਿੱਤਣੈ। ਸਮਾਲਟਾ ਦੇ ਜਿਹੜੇ ਸਿਪਾਹੀ ਸੀ, ਉਹ ਦੁਨੀਆਂ ਭਰ 'ਚ ਮੰਨੇ ਹੋਏ ਸੀ। ਇਕ ਜੂਲੀਅਸ ਸੀਜ਼ਰ ਦੇ, ਇਕ ਸਮਾਲਟਾ ਦੇ। ਭਾਰਤ ਵਰਸ਼ ਦੇ ਇਹ ਜਿਹੜੇ ਮਹਾਂਭਾਰਤ ਵਿਚ ਸੀ ਇਹ ਬਹੁਤ ਤਕੜੇ ਸੀ। ਉਸ ਤੋਂ ਬਾਅਦ ਕੁਛ ਰਾਜੇ ਹੋਏ ਨੇ ਭਾਰਤ ਵਰਸ਼ ਦੇ ਜਿਨ੍ਹਾਂ ਦੀਆਂ ਫੌਜਾਂ ਤਕੜੀਆਂ ਸੀ, ਅਸ਼ੋਕ ਵਰਗੇ ਦੀਆਂ। ਉਹਨਾਂ ਤੋਂ ਬਾਅਦ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਸਾਜਿਆ। ਉਸ ਵੇਲੇ ਉਹ ਸਪਿਲਟ ਦਬਾਈ ਹੋਈ ਸੀ। ਉਹ ਬਹੁਤ ਤਕੜੇ ਸੀ। ਉਹਨਾਂ ਨੇ ਯੂਰਪ ਫਤਹਿ ਕਰ ਲਿਆ, ਮਾਸਕੋ ਚਲੇ ਗਏ। ਉਸ ਤੋਂ ਚੀਨ ਵਲ ਦੀ, ਮਘੋਲ ਵਲ ਦੀ ਹੁੰਦੇ ਹੋਏ, ਈਰਾਨ ਨੂੰ ਦੱਬ ਲਿਆ, ਅਫਰੀਕਾ ਨੂੰ ਦੱਬ ਲਿਆ। ਮਿਸਰ ਵਗੈਰਾ ਸਭ ਦਬਦੇ ਤੁਰੇ ਆਏ ਤੇ ਅਫਗਾਨਿਸਤਾਨ ਜਿੱਤ ਲਿਆ। ਈਰਾਕ ਵਗੈਰਾ ਸਾਰੇ ਜਿੱਤਣ ਤੋਂ ਬਾਅਦ ਭਾਰਤ ਵਰਸ਼ ਵਿਚ ਆ ਕੇ ਪਹਿਲੀ ਲੜਾਈ ਇਹਨਾਂ ਨੇ ਟੈਕਸਲਾ ਵਿਚ ਲੜੀ। ਉਹ ਅੰਭੀ ਰਾਜਾ ਭੇਟ ਲੈ ਕੇ ਨਾਲ ਮਿਲ ਗਿਆ। ਉਹਨੇ ਹਾਰ ਮੰਨ ਲਈ। ਉਸ ਤੋਂ ਬਾਅਦ ਪੋਰਸ ਦੇ ਕੋਲ ਆ ਕੇ ਬੜਾ ਭਾਰਾ ਯੁੱਧ ਹੋਇਆ। 30,000 ਫੌਜ ਦਾ ਦੋ ਲੱਖ ਬੰਦੇ ਨਾਲ ਮੁਕਾਬਲਾ ਹੋਣ ਤੇ, ਦੋ ਲੱਖ ਬੰਦੇ ਦਾ ਦਿਲ ਹਿੱਲ ਗਿਆ ਕਿ ਇਹ ਤਾਂ ਬਹੁਤ ਬਹਾਦਰ ਨੇ। ਇਹ ਪੰਜਾਬ ਦੇ ਜਿਹੜੇ ਲੋਕ ਮੁੱਢ ਤੋਂ ਹੀ ਬਹਾਦਰੀ ਵਿਚ ਮਸ਼ਹੂਰ ਨੇ। ਜੇ ਅਗਾਂਹਾਂ ਵੀ ਇਹੋ ਜਿਹੇ ਹੋਏ ਫੇਰ ਤਾਂ ਅਸੀਂ ਘਰ ਜਾਣ ਤੋਂ ਰਹਿ ਗਏ। ਫੇਰ ਤਾਂ ਇਥੇ ਹੀ ਮਰਾਂਗੇ ਅਸੀਂ ਕਿਉਂਕਿ ਫੌਜ ਨੇ ਕਹਿ ਦਿਤਾ ਕਿ ਅਸੀਂ ਨਹੀਂ ਅਗਾਂਹਾਂ ਜਾਣਾ। ਬਿਆਸਾ ਦਰਿਆ ਨਾ ਪਾਰ ਕਰਿਆ। ਇਥੋਂ ਵਾਪਸ

ਮੁੜ ਗਿਆ। ਬਾਬਲਕੁੰਟੀ ਨੂੰ ਸਿੰਧ ਦਰਿਆ ਦੇ ਵਿਚੀਂ ਕਿਸ਼ਤੀਆਂ ਦੇ ਰਾਹੀਂ ਬੈਠ ਕੇ ਅਦਨ ਕੋਲ ਜਾ ਲੱਗਿਆ। ਉਥੋਂ ਹੋਇਆ ਕਿ ਸਮੁੰਦਰ ਦੇ ਨਾਲ-ਨਾਲ ਸਫਰ ਕਰਾਂਗੇ। ਜਿਥੇ ਨਹਿਰ ਸੋਖ ਹੈ ਉਥੋਂ ਫੇਰ ਖੁਸ਼ਕੀ ਲੈ ਲਵਾਂਗੇ, ਅੱਗੇ ਰੈਡ ਸਾਗਰ ਆ ਜਾਏਗਾ ਉਹਦੇ ਵਿਚੀਂ ਫੇਰ ਕੰਢੇ-ਕੰਢੇ ਚਲ ਕੇ ਪਹੁੰਚ ਜਾਵਾਂਗੇ। ਇਹ ਉਥੇ ਨਾਹ ਲਿਆ, ਗਰਮ-ਸਰਦ ਹੋ ਗਿਆ। ਗਰਮ ਸਰਦ ਹੋਇਆ ਤਾਂ ਬਿਮਾਰੀ ਠੀਕ ਨਾ ਹੋਵੇ। ਕੈਂਪ ਚਲਦੇ ਜਾਣ। ਇਕ ਦਿਨ ਜੋਤਸ਼ੀਆਂ ਨੂੰ ਬੁਲਾ ਕੇ ਕਹਿਣ ਲੱਗਿਆ ਕਿ ਮੇਰੀ ਉਮਰ ਕਿੰਨੀ ਰਹਿੰਦੀ ਹੈ ਤੇ ਮੇਰੀ ਮੌਤ ਕਦੋਂ ਹੋਏਗੀ, ਕਿਹੜੇ ਕਾਰਨ ਹੋਣਗੇ, ਕੀ ਹਾਲਾਤ ਹੋਣਗੇ ਜਦੋਂ ਮੇਰੀ ਮੌਤ ਹੋਏਗੀ। ਹਿਸਾਬ ਕਿਤਾਬ ਜੋੜਨ ਤੋਂ ਬਾਅਦ ਉਹਨਾਂ ਨੇ ਕਿਹਾ ਕਿ ਬਾਦਸ਼ਾਹ! ਸਾਡੇ ਜੋਤਿਸ਼ ਦੇ ਹਿਸਾਬ ਨਾਲ ਤਾਂ ਇਸ ਤਰ੍ਹਾਂ ਲਗਦਾ ਹੈ ਕਿ ਤੁਸੀਂ ਬਹੁਤ ਵੱਡੀ ਉਮਰ ਪਾਵੋਂਗੇ। ਕਿਉਂਕਿ ਅਸੀਂ ਅੰਦਾਜ਼ਾ ਲਾਇਆ ਹੈ ਕਿ ਜੋ ਹਾਲਾਤ ਇਹਦੇ ਵਿਚ ਲਿਖੇ ਹੋਏ ਨੇ, ਇਹ ਸਾਨੂੰ ਨਜ਼ਰ ਨਹੀਂ ਆ ਰਹੇ ਕਿਤੇ। ਕਹਿੰਦਾ, ਕੀ ਲਿਖੇ ਹੋਏ ਨੇ? ਕਹਿੰਦੇ, ਤੁਹਾਡੀ ਮੌਤ ਉਸ ਵੇਲੇ ਹੋਵੇਗੀ ਜਦੋਂ ਧਰਤੀ ਲੋਹੇ ਦੀ ਬਣ ਜਾਏਗੀ ਤੇ ਅਸਮਾਨ ਸੋਨੇ ਦਾ ਬਣ ਜਾਵੇਗਾ। ਸੋ ਇਹ ਤਾਂ ਸਾਨੂੰ ਸੰਭਵ ਨਹੀਂ ਲਗ ਰਿਹਾ। ਪ੍ਰਮੇਸ਼ਰ ਜਾਣਦਾ ਹੈ ਕਿ ਅੱਗੇ ਕੀ ਹੋਣੈ। ਚਲਦੇ-ਚਲਦੇ ਉਸ ਨੂੰ ਇਕ ਦਿਨ ਦੌਰਾ ਪੈ ਗਿਆ। ਸੰਭਲ ਨਾ ਸਕਿਆ, ਛੇਤੀ ਨਾਲ ਘੋੜੇ ਤੋਂ ਲਾਹ ਕੇ ਧਰਤੀ 'ਤੇ ਲੰਮਾ ਪਾ ਦਿਤਾ। ਉਹਦੇ ਜ਼ਰਾ-ਬਖਤਰ ਜਿਹੜੇ ਪਹਿਨੇ ਹੋਏ ਸੀ, ਲੋਹੇ ਦੀ ਵਰਦੀ ਉਹ ਇਹਦੇ ਹੇਠਾਂ ਵਿਛਾ ਦਿਤੀ। ਧਰਤੀ ਗਰਮ ਸੀ ਦਰਖਤ ਕੋਈ ਨੇੜੇ ਨਹੀਂ ਸੀ, ਉਪਰੋਂ ਧੁੱਪ ਪੈਂਦੀ ਸੀ। ਇਹਦੀ ਵੱਡੀ ਢਾਲ ਜਿਹਨੂੰ ਸੋਨੇ ਦੇ ਪੱਤਰੇ ਲੱਗੇ ਹੋਏ ਸੀ ਕੰਢਿਆਂ ਦੇ ਉਤੇ। ਉਹ ਢਾਲ ਬਰਛੇ 'ਤੇ ਟੰਗ ਕੇ ਇਹਦੇ ਮੂੰਹ 'ਤੇ ਪਰਛਾਵਾ ਕਰ ਦਿਤਾ। ਜਦੋਂ ਦਵਾਈਆਂ ਦੇ ਅਸਰ ਦੇ ਨਾਲ ਇਸ ਨੇ ਨੇਤਰ ਖੋਲ੍ਹੇ ਤਾਂ ਹੈਰਾਨ ਹੋ ਗਿਆ। ਇਹਨੂੰ ਤਾਂ ਸੋਨੇ ਰੰਗਾ ਅਸਮਾਨ ਨਜ਼ਰ ਆਉਣ ਲਗ ਗਿਆ। ਯਾਦਦਾਸ਼ਤ ਆ ਗਈ ਕਿ ਉਹ ਕਹਿੰਦੇ ਸੀ ਕਿ ਸੋਨੇ ਦਾ ਅਸਮਾਨ ਹੋਏਗਾ। ਇਹ ਤਾਂ ਹੋ ਗਿਆ ਸੋਨੇ ਦਾ। ਜਦੋਂ ਹੇਠਾਂ ਹੱਥ ਮਾਰਿਆ ਤਾਂ ਲੋਹੇ ਦੀ ਵਰਦੀ ਵਿਛਾਈ ਹੋਈ ਹੈ। ਉਸ ਵੇਲੇ ਰੋਣ ਲਗ ਗਿਆ ਕਿ ਮੇਰਾ ਤਾਂ ਅੰਤ ਸਮਾਂ ਆ ਗਿਆ। ਬਹੁਤ ਰੋਇਆ। ਹਕੀਮਾਂ ਨੂੰ ਵੀ ਪਤਾ ਲਗ ਗਿਆ ਕਿ ਇਹਦੀ ਜਿਹੜੀ ਸਮਾਨ ਪ੍ਰਾਣ ਦੀ ਗੰਢ ਸੀ ਨਾਭੀ ਤੋਂ ਖੁਲ੍ਹ ਗਈ। ਹੁਣ ਨਹੀਂ ਇਹ ਬਚ ਸਕਦਾ। ਕੋਈ ਤਰੀਕਾ ਨਹੀਂ ਬਚਦਾ ਜਦੋਂ ਨਾਭੀ ਤੋਂ ਪ੍ਰਾਣਾਂ ਦੀ ਗੰਢ ਖੁਲ੍ਹ ਜਾਵੇ। ਉਸ ਵੇਲੇ ਇਸ ਨੇ ਹਕੀਮਾਂ ਨੂੰ ਕਿਹਾ ਕਿ ਮੈਨੂੰ ਕੋਈ ਐਸੀ ਦਵਾਈ ਦਿਓ, ਮਹਿੰਗੀ ਤੋਂ ਮਹਿੰਗੀ ਮੈਨੂੰ ਰਾਜ਼ੀ ਕਰ ਦਿਓ, ਅੱਧਾ ਰਾਜ ਮੈਂ ਤੁਹਾਨੂੰ ਦੇ ਦੇਵਾਂਗਾ। ਉਹਨਾਂ ਨੇ ਚੁੱਪ ਧਾਰ ਲਈ। ਉਸ ਤੋਂ ਬਾਅਦ ਕਹਿਣ ਲੱਗਿਆ ਕਿ ਜਿੰਨਾਂ ਮੈਂ ਦੁਨੀਆਂ ਦਾ ਰਾਜ ਜਿੱਤਿਆ ਹੈ ਮੈਂ ਸਾਰਾ ਤੁਹਾਨੂੰ ਦੇ ਦੇਵਾਂਗਾ। ਇਕ ਵਾਰੀ ਮੇਰੀ ਮਾਂ ਨੂੰ ਮਿਲਾ ਦਿਓ ਮੈਨੂੰ, 12 ਸਾਲ ਹੋ ਗਏ ਮੈਨੂੰ ਵਿਛੜੇ ਹੋਏ ਨੂੰ। ਮੈਂ ਜਾ ਕੇ ਇਕ ਵਾਰੀ ਗੱਲ ਕਰਨੀ ਚਾਹੁੰਦਾ ਹਾਂ ਉਸ ਨਾਲ। ਉਹ ਕੀ ਕਹੇਗੀ, ਮੇਰਾ ਪੁੱਤਰ ਤਾਂ ਘਰ ਆਇਆ ਹੀ ਨਹੀਂ। ਭਾਵ ਵਿਚ ਆ ਗਿਆ, ਰੋਈ ਜਾਂਦੈ। ਕਹਿਣ ਲੱਗਿਆ, ਤੁਸੀਂ ਬੋਲਦੇ ਕਿਉਂ ਨਹੀਂ? ਇਸ ਤੋਂ ਵੱਧ ਹੋਰ ਕੀ ਚਾਹੀਦੈ ਤੁਹਾਨੂੰ? ਤੁਹਾਡੇ ਕੋਲ ਹੈ ਨਹੀਂ ਦਵਾਈ ਕੋਈ? ਉਸ ਵੇਲੇ ਵੱਡਾ ਹਕੀਮ ਜੋ ਸੀ ਉਹ ਕਹਿਣ ਲੱਗਿਆ, ਬਾਦਸ਼ਾਹ ਸਲਾਮਤ! ਇਹ ਦੁਨੀਆਂ ਦਾ ਰਾਜ ਤਾਂ ਕੀ ਜੇ ਹੁਣ ਤੁਸੀਂ ਸਾਨੂੰ ਸਵਰਗ ਦੇ ਲੋਕਾਂ ਦਾ ਰਾਜ, ਤਿੰਨਾਂ ਲੋਕਾਂ ਦਾ ਰਾਜ ਵੀ ਦੇ ਦੇਵੇਂ, ਤਾਂ ਵੀ ਤੈਨੂੰ ਅਸੀਂ ਇਕ ਸਵਾਸ ਨਹੀਂ ਫਾਲਤੂ ਦਿਵਾ ਸਕਦੇ ਕਿਉਂਕਿ ਤੁਹਾਡੇ ਸਵਾਸਾਂ ਦੀ ਗੰਢ ਖੁਲ੍ਹ ਗਈ ਹੈ।

ਉਸ ਵੇਲੇ ਬਹੁਤ ਰੋਇਆ। ਕਹਿਣ ਲੱਗਿਆ, ਮੇਰਾ ਪੰਧਨਾਮਾ ਲਿਖੋ ਛੇਤੀ। ਕਹਿਣ ਲੱਗਿਆ, ਆਉਣ ਵਾਲੀ ਦੁਨੀਆਂ ਮੇਰਾ ਨਾਉਂ ਲਿਆ ਕਰੇਗੀ ਕਿ ਉਹ ਸਾਰੀ ਦੁਨੀਆਂ 'ਚ ਮਹਾਨ ਸੀ। ਨਾਲ ਇਹ ਦਸ ਦਿਓ ਉਨ੍ਹਾਂ ਨੂੰ ਕਿ ਉਹ ਐਨਾ ਅਣਜਾਣ ਰਿਹਾ ਕਿ ਉਸਨੂੰ ਸਵਾਸਾਂ ਦੀ ਕੀਮਤ ਦਾ ਨਾ ਪਤਾ ਲੱਗਿਆ। ਜਿਸ ਵਕਤ ਕੀਮਤ ਦਾ ਪਤਾ ਲੱਗਿਆ ਉਸ ਵੇਲੇ ਉਹ ਵੇਚਾਰਾ ਹੋ ਗਿਆ। ਦਸ ਦਿਓ ਦੁਨੀਆਂ ਨੂੰ ਢੰਡੋਰਾ ਫਿਰਾ ਕੇ ਕਿ ਤੁਹਾਡਾ ਇਕ-ਇਕ ਸਵਾਸ ਤਿੰਨ ਲੋਕਾਂ ਦੇ ਰਾਜ ਤੋਂ ਵੀ ਵੱਧ ਕੀਮਤ ਰਖਦਾ ਹੈ। ਉਹਨਾਂ ਨੂੰ ਕਹਿ ਦਿਓ ਕਿ ਇਹਦੀ ਕਦਰ ਕਰਨ। ਬੜੀ ਸੋਹਣੀ ਬਾਤ ਉਸ ਨੇ ਇਤਿਹਾਸ ਦੇ ਅੰਦਰ ਲਿਆਂਦੀ। ਪਰ ਇਹ ਹੈ ਕਦਰਦਾਨਾਂ ਵਾਸਤੇ ਜਿਨ੍ਹਾਂ ਦੇ ਅੰਦਰ ਹੌਲ ਪੈ ਜਾਵੇ ਕਿ ਹੈਂ 24000 ਸਵਾਸ, ਜਿਨ੍ਹਾਂ ਦੀ ਕੀਮਤ ਕੋਈ ਨਹੀਂ ਹੈ। ਉਹ ਸਾਰੇ ਸਾਡੇ ਬਰਬਾਦ ਹੋ ਜਾਂਦੇ ਨੇ ਐਵੇਂ ਹੀ।

ਸੋ ਇਸ ਕਰਕੇ ਮਹਾਰਾਜ ਜੀ ਕਹਿੰਦੇ ਨੇ

ਪ੍ਰੇਮੀਆਂ ਤੂੰ ਗੱਲ ਸਮਝ - ***''ਰੈਣਿ ਗਵਾਈ ਸੋਇ ਕੈ ਦਿਵਸੁ ਗਵਾਇਆ ਖਾਇ ॥ ਹੀਰੇ ਜੈਸਾ ਜਨਮੁ ਹੈ ਕਉਡੀ ਬਦਲੇ ਜਾਇ ॥''***

ਦੋ ਕੰਮ ਕਰਦੈ। ਜੇ ਤਾਂ ਦੋਵੇਂ ਹੀ ਕਰਦਾ ਰਹੇ ਫੇਰ ਤਾਂ ਵਿਗੜਿਆ ਨਹੀਂ ਕੁਛ ਵੀ ਕਿਉਂਕਿ ਕਰੋੜਾਂ ਵਾਰੀ ਜੰਮਿਆਂ ਅੱਗੇ, ਕਰੋੜਾਂ ਵਾਰੀ ਮਰਿਐ। ਪਰ ਇਹ ਉਲਟੇ ਕੰਮ ਕਰਦਾ ਹੈ। ਜਦੋਂ ਜਾਗਦਾ ਹੈ, ਖਾਂਦਾ-ਪੀਂਦੈ ਕਿਸੇ ਦੀ ਨਿੰਦਿਆ ਕਰਦੈ, ਕਿਸੇ ਦੀ ਚੁਗਲੀ ਕਰਦੈ। ਛਲ ਕਰਦੈ, ਕਪਟ ਕਰਦੈ, ਮਿਲਾਵਟਾਂ ਕਰਦੈ। ਅਨੇਕਾਂ ਮਾੜੇ ਕੰਮ ਕਰਦਾ ਹੈ। ਲੁਕ-ਲੁਕ ਕੇ ਕਰਦੈ, ਸਾਮ੍ਹਣੇ ਕਰਦੈ। ਉਹ ਬੀਜ ਬੀਜ ਦਿੰਦੈ। ਉਹਨੂੰ ਵੱਢਣ ਵਾਸਤੇ ਇਹਨੂੰ ਬਹੁਤ ਲੰਮਾ ਚੱਕਰ ਕੱਟਣਾ ਪੈਂਦੈ। ਸੋ ਮਹਾਰਾਜ ਕਹਿੰਦੇ, ਸੋਚ ਤੈਨੂੰ ਬਹੁਤ ਕੀਮਤੀ ਮਾਨਸ ਸਰੀਰ ਮਿਲਿਐ।

ਸੋ ਇਹ ਸਾਰੀ ਵਿਚਾਰ ਉਸ ਪ੍ਰੇਮੀ ਨੇ ਸਰਵਣ ਕਰੀ। ਲਗਨ ਸੀ। ਪਹਿਲੇ ਦਿਨ ਨਹੀਂ ਸੀ ਆਇਆ। immune ਨਹੀਂ ਸੀ ਹੋਇਆ। ਦੋ ਤਰ੍ਹਾਂ ਦੇ ਬੰਦੇ ਹੁੰਦੇ ਨੇ, ਇਕ ਤਾਂ ਉਪਦੇਸ਼ ਸੁਣਦੇ-ਸੁਣਦੇ immune ਹੋ ਜਾਂਦੇ ਨੇ। ਜਿਵੇਂ ਆਹ ਡੀ.ਡੀ.ਟੀ ਆਈ ਸੀ ਪਹਿਲਾਂ-ਪਹਿਲਾਂ। ਪਹਿਲਾਂ ਤਾਂ ਇਹ ਅਸਰ ਕਰਦੀ ਹੁੰਦੀ ਸੀ ਮੱਛਰ ਮਰ ਜਾਂਦੇ ਹੁੰਦੇ ਸੀ। ਜੇ ਮੁਸ਼ਕ ਵੀ ਆ ਜਾਂਦਾ ਸੀ ਤਾਂ ਵੀ ਮਰ ਜਾਂਦੇ ਸੀ। ਹੁਣ ਉਤੇ ਛਿੜਕ ਦਿਓ ਤਾਂ ਵੀ ਨਹੀਂ ਮਰਦੇ। ਇਹਨੂੰ immune ਕਹਿੰਦੇ ਨੇ। ਇਵੇਂ ਜਿਵੇਂ ਬਹੁਤ ਸਾਰੇ ਬੰਦੇ ਹੁੰਦੇ ਨੇ, ਸਤਿਸੰਗ 'ਚ ਆ ਜਾਂਦੇ ਨੇ, ਗੁਰੂ ਘਰ ਦੀ ਸੇਵਾ ਕਰਦੇ ਨੇ। ਪੜ੍ਹਦੇ ਨੇ, ਲਿਖਦੇ ਨੇ, ਕਿਤਾਬਾਂ ਪੜ੍ਹਦੇ ਨੇ। ਹੋਰ ਬੇਅੰਤ ਵਿਚਾਰ ਸੁਣਦੇ ਨੇ ਉਹ immune ਹੋਏ ਹੁੰਦੇ ਨੇ। ਉਨ੍ਹਾਂ ਦੀ ਜ਼ਿੰਦਗੀ ਵਿਚ ਨਹੀਂ ਫਰਕ ਪੈਂਦਾ। ਉਨ੍ਹਾਂ ਦੇ ਜਿਵੇਂ ਮੁਰਗਾਬੀ ਦੇ ਫੰਘ ਹੁੰਦੇ ਨੇ ਚਿਉਂਕਣੇ। ਇਸ ਤਰ੍ਹਾਂ ਦੇ ਨਾਲ ਉਨ੍ਹਾਂ ਦੇ ਮਨ ਚਿਉਂਕਣੇ ਹੋ ਜਾਂਦੇ ਨੇ। ਉਨ੍ਹਾਂ 'ਤੇ ਅਸਰ ਨਹੀਂ ਹੁੰਦਾ। ਇਕ ਉਹ ਹੁੰਦੇ ਨੇ ਜਿਹੜੇ ਸਾਰੀ ਜ਼ਿੰਦਗੀ ਛੋਟੀ ਤੋਂ ਛੋਟੀ ਗੱਲ ਸੁਣ ਕੇ ਵਿਚਾਰ ਕਰਦੇ ਨੇ। ਨਿੱਕੇ ਤੋਂ ਨਿੱਕੇ ਬੰਦੇ ਦੀ ਗੱਲ ਸੁਣ ਕੇ ਵੀ ਵਿਚਾਰ ਕਰਦੇ ਨੇ ਕਿ ਇਹਨੇ ਕੋਈ ਗੱਲ ਨਵੀਂ ਦੱਸੀ। ਫੇਰ ਉਹ ਹਿਰਦੇ ਵਿਚ ਧਾਰਨ ਕਰਦੇ ਨੇ। ਸੋ ਇਸ ਤਰ੍ਹਾਂ ਦੇ ਨਾਲ ਇਹ ਨਵਾਂ ਆਇਆ ਸੀ। ਪਹਿਲੀ ਵਾਰ ਸਤਿਸੰਗ 'ਚ ਆਇਆ ਸੀ ਤੇ ਗੁਰਸਿੱਖ ਤੋਂ ਕਾਫੀ ਕੁਛ ਪਹਿਲਾਂ ਸੁਣ ਚੁੱਕਿਆ ਸੀ। ਸੋ ਇਹ ਸੋਚਣ ਲਗ ਗਿਆ ਕਿ ਹੈ ਤਾਂ ਗੱਲ ਠੀਕ। ਜੇ ਐਨਾ ਹੀ ਕੀਮਤੀ ਮਾਨਸ ਜਨਮ ਹੈ ਤਾਂ ਤਾਂ ਫੇਰ ਬਰਬਾਦ ਕਰ ਲਿਆ। ਕੋਈ ਰਸਤਾ ਵੀ ਲੱਭ ਜਾਏਗਾ? ਕੋਈ ਤਰੀਕਾ ਹੈ? ਜਿਸਦੇ ਨਾਲ ਕਿਸੇ ਕਿਨਾਰੇ ਪਹੁੰਚ ਜਾਈਏ ਤਾਂ ਉਸ ਵੇਲੇ ਦੂਸਰੀ ਵਿਚਾਰ ਇਸ ਤਰ੍ਹਾਂ ਦੇ ਨਾਲ ਸਰਵਣ ਕਰਦੈ -

*ਧਾਰਨਾ - ਬਿਨਾਂ ਗੁਰਾਂ ਤੋਂ ਮੁਕਤ ਨਾ ਹੋਵੇ,*
*ਭਾਗਾਂ ਬਿਨਾਂ ਗੁਰੂ ਨਾ ਮਿਲੇ।*

ਬਗੈਰ ਗੁਰੂ ਤੋਂ ਮੁਕਤੀ ਨਹੀਂ ਹੁੰਦੀ ਪਰ ਗੁਰੂ ਮਿਲਦੈ -

*ਜਿਨ ਮਸਤਕਿ ਧੁਰਿ ਹਰਿ ਲਿਖਿਆ*
*ਤਿਨਾ ਸਤਿਗੁਰੁ ਮਿਲਿਆ ਰਾਮ ਰਾਜੇ ॥ ਅੰਗ - ੪੫੦*

ਉਹਨੇ ਕਰਨਾ ਕੀ ਹੈ? -

*ਅਗਿਆਨੁ ਅੰਧੇਰਾ ਕਟਿਆ*
*ਗੁਰ ਗਿਆਨੁ ਘਟਿ ਬਲਿਆ ॥ ਅੰਗ- ੪੫੦*

ਅੰਦਰ ਜਿਹੜਾ ਹਨ੍ਹੇਰਾ ਪਿਆ ਹੋਇਐ ਸਾਡੇ ਕਰੋੜਾਂ-ਕਰੋੜਾਂ ਜਨਮਾਂ ਦਾ, ਉਹ ਗੁਰੂ ਤੋਂ ਬਗੈਰ ਕੱਟਣ ਨੂੰ ਕੋਈ ਸਮਰੱਥ ਨਹੀਂ ਹੁੰਦਾ ਤੇ ਫੇਰ ਜਦੋਂ ਗੁਰੂ ਮਿਲ ਜਾਂਦੈ, ਹਨ੍ਹੇਰਾ ਕੱਟ ਹੋ ਜਾਂਦੈ, ਫੇਰ ਗਿਆਨ ਦਾ ਪ੍ਰਕਾਸ਼ ਹੋ ਕੇ, ਸੂਰਜ ਚੜ੍ਹ ਜਾਂਦੈ -

*ਤਹ ਭਇਆ ਪ੍ਰਗਾਸੁ ਮਿਟਿਆ ਅੰਧਿਆਰਾ*
*ਜਿਉ ਸੂਰਜ ਰੈਣਿ ਕਿਰਾਖੀ ॥ ਅੰਗ - ੮੭*

ਜਦੋਂ ਗੁਰੂ ਮਿਲ ਗਿਆ, ਹਨ੍ਹੇਰਾ ਮਿਟ ਗਿਆ, ਜਿਵੇਂ ਸੂਰਜ ਚੜ੍ਹਨ 'ਤੇ ਰਾਤ ਦਾ ਪਤਾ ਹੀ ਨਹੀਂ ਰਹਿੰਦਾ ਕਿ ਸੀਗੀ ਵੀ ਕਾਲੀ ਬੋਲੀ ਰਾਤ? ਇਸ ਤਰ੍ਹਾਂ ਨਾਲ ਹੋ ਜਾਇਆ ਕਰਦੈ, ਪਰ ਇਹ ਭਾਗਾਂ ਦੀ ਖੇਡ ਹੈ ਤੇ ਗੁਰੂ ਤੋਂ ਬਗੈਰ ਕੋਈ ਤਰਿਆ ਨਹੀਂ-

*ਗੁਰ ਜਹਾਜ ਖੇਵਟ ਗੁਰੂ।*

ਮਲਾਹ ਹੈ ਗੁਰੂ ਜਹਾਜ਼ ਦਾ -

*ਗੁਰ ਬਿਨ ਤਰਿਆ ਨਾ ਕੋਇ॥*

ਸਾਰੀ ਸ੍ਰਿਸ਼ਟੀ ਦਾ ਧਾਰਮਿਕ ਇਤਿਹਾਸ ਦੇਖ ਲਓ, ਮੁਰਸ਼ਦੇ ਕਾਮਲ ਤੋਂ ਬਗੈਰ ਕੋਈ ਨਹੀਂ ਤਰਿਆ। ਜੇ ਸ੍ਰੀ ਗੁਰੂ ਨਾਨਕ ਪਾਤਸ਼ਾਹ ਸੰਸਾਰ 'ਚ ਆਏ ਨੇ ਤਾਂ ਗੁਰੂ ਧਾਰਨ ਦੀ ਰੀਤ ਕਰਨ ਵਾਸਤੇ ਆਪ ਨੂੰ ਅਕਾਲ ਪੁਰਖ ਦੇ ਦਰ 'ਤੇ ਜਾਣਾ ਪਿਆ। ਹੇ ਨਾਨਕ! ਤੂੰ ਇਥੇ ਕਿਸ ਤਰ੍ਹਾਂ ਆਇਆ? ਕਿਹੜਾ ਕੰਮ ਹੈ? ਕਹਿੰਦੇ, ਪਾਤਸ਼ਾਹ! ਤੁਸੀਂ ਮੈਨੂੰ ਕੰਮ ਦਿਤਾ ਹੈ ਸੰਸਾਰ ਨੂੰ ਭਰਮਾਂ, ਵਹਿਮਾਂ 'ਚੋਂ ਕੱਢਣ ਦਾ-ਤੇਰੇ ਬਾਰੇ ਦੱਸਣ ਦਾ। ਪਰ ਇਹ ਕੰਮ ਤਾਂ ਹੋ ਸਕਦਾ

ਹੈ ਜੋ ਤੇਰੀ ਮਰਿਆਦਾ ਹੈ। ਜਦੋਂ ਤਕ ਗੁਰੂ ਨਹੀਂ ਧਾਰਿਆ ਜਾਂਦਾ, ਓਨੀਂ ਦੇਰ ਤਕ ਇਹ ਕੰਮ ਸ਼ੁਰੂ ਨਹੀਂ ਕੀਤਾ ਜਾ ਸਕਦਾ। ਸੋ ਮੈਂ ਸੰਸਾਰ ਦੇ ਅੰਦਰ ਨਿਗ੍ਹਾ ਮਾਰੀ ਹੈ –

*ਬੀਜਉ ਸੂਝੈ ਕੋ ਨਹੀ ਬਹੈ ਦੁਲੀਚਾ ਪਾਇ ॥ ਅੰਗ – ੯੩੬*

ਸਾਰੇ ਸੰਸਾਰ 'ਚ ਕੋਈ ਨਹੀਂ ਹੈ ਜਿਹਨੂੰ ਸਮਰੱਥ ਕਿਹਾ ਜਾਵੇ। ਹਨ੍ਹੇਰਾ ਪੈ ਗਿਆ। ਸੋ ਮੈਂ ਆਪ ਦੇ ਦਰ 'ਤੇ ਆਪ ਨੂੰ ਹੀ ਗੁਰੂ ਧਾਰਨ ਕਰਨ ਵਾਸਤੇ ਆਇਆ ਹਾਂ –

*ਆਦਿ ਅੰਤਿ ਏਕੈ ਅਵਤਾਰਾ॥*
*ਸੋਈ ਗੁਰੂ ਸਮਝਿਯਹੁ ਹਮਾਰਾ॥*

*ਚੌਪਈ ਸਾਹਿਬ, ਪਾਤਸ਼ਾਹੀ ੧੦*

*ਅਪਰੰਪਰ ਪਾਰਬ੍ਰਹਮੁ ਪਰਮੇਸਰੁ*
*ਨਾਨਕ ਗੁਰੁ ਮਿਲਿਆ ਸੋਈ ਜੀਉ ॥ ਅੰਗ– ੫੯੯*

ਕਹਿੰਦੇ, ਸਾਨੂੰ ਤਾਂ ਨਿਰੰਕਾਰ ਹੀ ਗੁਰੂ ਮਿਲਿਆ ਏਕੰਕਾਰ, ਉਸ ਨੇ ਹੀ ਸਾਨੂੰ ਸੰਸਾਰ ਵਾਸਤੇ ਦੋ ਮੰਤਰ ਦਿਤੇ। ਪਹਿਲਾਂ ਦਿਤਾ ਆਪਣੇ ਸਰੂਪ ਦਾ ਗਿਆਨ ਕਿ ਸੰਸਾਰ ਨੂੰ ਇਹ ਦਸ ਦਿਓ ਕਿ ਮੇਰਾ ਸਰੂਪ ਜਿਹੜਾ ਹੈਗਾ ਉਹ ਕੋਈ ਆਪਣੇ ਵਰਗਾ ਨਾ ਬਣਾਓ ਮਨੁੱਖ। ਚਾਰ ਬਾਹਾਂ ਵਾਲਾ, ਜਾਂ ਦੋ ਬਾਹਾਂ ਵਾਲਾ ਹੋਏਗਾ। ਇਸ ਤਰ੍ਹਾਂ ਅੱਖਾਂ ਹੋਣਗੀਆਂ। ਨਾ, ਮੇਰਾ ਜਿਹੜਾ ਰੂਪ ਹੈ ਉਹ ੧ਓੰ ਹੈ। ਏਕੰਕਾਰ ਤੋਂ ਓਅੰਕਾਰ ਦੀ ਧੁਨੀ ਦੇ ਨਾਲ ਮੈਂ ਸੰਸਾਰ ਦੇ ਅੰਦਰ ਪ੍ਰਗਟ ਹਾਂ। ਉਸ ਧੁਨ ਤੋਂ ਹੀ ਸਾਰੀ ਸ੍ਰਿਸ਼ਟੀ ਦਾ ਵਜੂਦ ਕਾਇਮ ਹੈ – 'This is all manifest of Shabad'. ਸ਼ਬਦ ਦੇ ਦੋ ਰੂਪ ਨੇ। ਇਕ ਤਾਂ ਇਹ ਹੈ ਜਿਹੜਾ ਸਾਨੂੰ ਨਜ਼ਰ ਆਉਂਦਾ ਹੈ, ਪ੍ਰਕ੍ਰਿਤੀ ਕਹਿੰਦੇ ਹਾਂ। ਦੁਨੀਆਂ ਕਹਿੰਦੇ ਹਾਂ, ਮੈਟਰ ਕਹਿੰਦੇ ਹਾਂ। ਦੂਸਰਾ ਇਹਦਾ ਰੂਪ ਗਿਆਨ ਵਿਚ ਚਲਦਾ ਹੈ। ਉਹ ਚਲਦਾ-ਚਲਦਾ ਮਹਾਂਪੁਰਸ਼ਾਂ ਦੇ ਰਾਹੀਂ, ਵੇਦਾਂ ਦੇ ਰਾਹੀਂ, ਕੁਰਾਨ ਸ਼ਰੀਫ ਦੇ ਰਾਹੀਂ, ਬਾਈਬਲ ਦੇ ਰਾਹੀਂ, ਮਹਾਂਪੁਰਸ਼ਾਂ ਦੇ ਅਨੁਭਵ ਤੋਂ ਸ੍ਰੀ ਗੁਰੂ ਨਾਨਕ ਮਹਾਰਾਜ ਦੇ ਰਾਹੀਂ, ਉਹ ਸ਼ਬਦ ਅੱਖਰਾਂ ਵਿਚ ਸਾਕਾਰ ਹੋ ਕੇ ਓਹੀ ਓਅੰਕਾਰ ਹੈ। ਇਥੇ ਇਸ ਤਰ੍ਹਾਂ ਦੇ ਨਾਲ ਗਿਆਨ ਰੂਪ ਹੋ ਕੇ ਵਿਦਵਾਨ ਹੈ। ਇਹਦੇ ਵਿਚ ਦਰਸ਼ਨ ਦੇ ਰਿਹਾ ਹੈ ਓਹੀ ਸਰੂਪ। ਇਹ ਸ਼ੁੱਧ ਸਰੂਪ ਹੈ, ਜਿਹੜਾ ਸਾਡਾ ਹੈ ਇਹਦੇ ਵਿਚ ਤ੍ਰਿਗੁਣੀ ਮਾਇਆ ਰਲ ਗਈ। ਰਜੋ ਗੁਣ, ਤਮੋ ਗੁਣ, ਸਤੋ ਗੁਣ। ਅਸੀਂ ਅਸ਼ੁੱਧ ਹੋ ਗਏ ਤੇ ਮੈਲੇ ਹੋ ਗਏ। ਇਹ ਸ਼ੁੱਧ ਪ੍ਰਕਾਸ਼ ਹੈ ਉਸਦਾ, ਜਿੰਨਾ ਗਿਆਨ ਹੈ।

ਸੋ ਇਸ ਤਰ੍ਹਾਂ ਦੇ ਨਾਲ ਕਹਿਣ ਲੱਗੇ ਕਿ ਸੰਸਾਰ ਨੂੰ ਇਹ ਦਸਣਾ ਹੈ ਕਿ ਮੈਂ ਆਪਣੇ ਨਿਰਗੁਣ ਸਰੂਪ 'ਚੋਂ ਏਕੰਕਾਰ ਦੇ ਰੂਪ ਦੇ ਅੰਦਰ, ਸਾਕਾਰ ਰੂਪ ਧਾਰਿਆ ਹੈ। ਉਸ ਤੋਂ ਮੈਂ ਓਅੰਕਾਰ ਦੀ ਧੁਨ ਦੇ ਨਾਲ, ਓਅੰਕਾਰ ਸਰੂਪ ਧਾਰਿਆ ਸ਼ਬਦ ਦਾ, ਧੁਨ ਦਾ। ਉਸ ਧੁਨ ਦੇ ਨਾਲ ਤਿੰਨ ਲਹਿਰਾਂ ਚੱਲੀਆਂ। ਇਕ ਸੰਸਾਰ ਨੂੰ ਬਣਾਉਣ ਵਾਲੀ ਤੇ ਇਕ ਕਾਇਮ ਰੱਖਣ ਵਾਲੀ, ਇਕ ਨਾਸ਼ ਕਰਨ ਵਾਲੀ ਤੇ ਫੇਰ ਇਸ ਤਰ੍ਹਾਂ ਨਹੀਂ ਹੋਇਆ ਕਿ ਮੇਰਾ ਵਜੂਦ ਖਤਮ ਹੋ ਗਿਆ। ਨਾ ਕਹਿੰਦੇ ਫੇਰ ਸਤਿ ਹਾਂ। ਮੇਰੀ ਹਸਤੀ ਹੈ, ਮੈਂ being ਹਾਂ। ਸਤਿ being ਨੂੰ ਕਹਿੰਦੇ ਨੇ, ਹਸਤੀ ਨੂੰ। ਫੇਰ ਮੈਂ ਨਾਮ ਹਾਂ, ਉਹ ਗਿਆਨ ਹਾਂ ਜਿਥੇ ਕੋਈ ਵੀ ਭੁਲੇਖਾ ਨਹੀਂ ਹੈ। ਫੇਰ ਮੈਂ ਕਰਤਾ ਹਾਂ ਸਾਰੇ ਸੰਸਾਰ ਦੇ ਬਣਾਉਣ ਵਾਲਾ। ਫੇਰ ਮੈਂ 'ਪੁਰਖ' ਹਾਂ, ਮੈਂ ਮਿਸਤਰੀ ਕੁਰਸੀ ਬਣਾ ਕੇ, ਕੁਰਸੀ 'ਚੋਂ ਮਿਸਤਰੀ ਨਜ਼ਰ ਨਹੀਂ ਆਉਂਦਾ। ਉਹਦਾ art ਤਾਂ ਨਜ਼ਰ ਆਉਂਦੈ ਪਰ ਮਿਸਤਰੀ ਨਹੀਂ ਨਜ਼ਰ ਆਉਂਦਾ। ਹੈ ਨਹੀਂ ਉਹਦੇ ਵਿਚ। ਮਕਾਨ ਬਣਾ ਕੇ ਰਾਜ ਨਜ਼ਰ ਨਹੀਂ ਆਉਂਦਾ ਉਹਦੇ ਵਿਚ। ਸੰਸਾਰ ਦੀਆਂ ਚੀਜ਼ਾਂ ਬਣਾ ਕੇ ਬਣਾਉਣ ਵਾਲਾ ਉਹਦੇ ਵਿਚ ਨਹੀਂ ਹੁੰਦਾ। ਮੈਂ 'ਪੁਰਖੁ' ਹਾਂ, ਮੈਂ ਬਣਾਉਣ ਤੋਂ ਬਾਅਦ ਸਾਰਿਆਂ ਦੇ ਘਟ-ਘਟ ਵਿਚ ਵਿਆਪਕ ਹਾਂ। ਕਿਤੇ ਮੈਂ ਦੂਰ ਨਹੀਂ ਜਾਂਦਾ, ਮੇਰੇ 'ਚ ਸੰਸਾਰ ਹੈ, ਸੰਸਾਰ ਵਿਚ ਮੈਂ ਹਾਂ। ਆਹ ਸਮਝੋ ਤੁਸੀਂ –

*ਬ੍ਰਹਮ ਮਹਿ ਜਨੁ ਜਨ ਮਹਿ ਪਾਰਬ੍ਰਹਮੁ ॥*
*ਏਕਹਿ ਆਪਿ ਨਹੀ ਕਛੁ ਭਰਮੁ ॥ ਅੰਗ – ੨੮੭*

ਉਹ ਵਾਹਿਗੁਰੂ ਹੈ, ਸੰਸਾਰ ਦੇ ਵਿਚ ਹੈ। ਲੇਕਿਨ ਜਿਹੋ ਜਿਹਾ ਸਾਨੂੰ ਦਿਸਦਾ ਹੈ ਉਹੋ ਜਿਹਾ ਹੈ ਨਹੀਂ। ਉਹਦੇ ਵਿਚ ਹੀ ਸਾਰੇ ਨੇ। ਉਹ ਅਖੰਡ ਜੋਤੀ ਹੈ। ਜੇ ਕੁਰਸੀ ਅਸੀਂ ਦੇਖਦੇ ਹਾਂ, ਕੁਰਸੀ ਵਰਗਾ ਨਹੀਂ ਉਹਦੇ 'ਚ ਬਣਿਆ ਉਹ। ਜੇ ਮਨੁੱਖ ਦੇਖ ਰਹੇ ਹਾਂ, ਮਨੁੱਖ ਵਰਗਾ ਨਹੀਂ ਉਹ ਬਣਿਆ। ਉਹ ਤਾਂ ਜਿਵੇਂ ਹਵਾ ਹੈ, ਅਕਾਸ਼ ਹੈ; ਇਹਨਾਂ ਨੇ ਸਾਡਾ ਰੂਪ ਨਹੀਂ ਧਾਰਿਆ, ਉਹ ਅਖੰਡ ਜੋਤੀ ਹੈ ਉਸੇ ਤਰ੍ਹਾਂ ਦੇ ਨਾਲ। ਲੇਕਿਨ ਬਿਆਧੀ ਕਰਕੇ ਜੋ ਅਕਾਸ਼ ਸਾਨੂੰ ਘੜੇ ਵਿਚ ਨਜ਼ਰ ਆਉਂਦਾ ਹੈ ਉਹ ਘੜੇ ਦਾ ਸਰੀਰ ਹੋਣ ਕਰਕੇ ਸਾਨੂੰ ਘੜੇ ਵਰਗਾ ਨਜ਼ਰ ਆਉਣ ਲਗ ਜਾਂਦੈ। ਅਕਾਸ਼ ਕਹਿੰਦੇ ਨੇ space ਨੂੰ। ਮਕਾਨ ਦੇ ਅੰਦਰ ਜੋ ਅਕਾਸ਼ ਨਜ਼ਰ

ਆਉਂਦੈ, ਜਿਹੋ ਜਿਹਾ ਮਕਾਨ ਦਾ ਨਕਸ਼ਾ ਹੋਏਗਾ, ਉਹੋ ਜਿਹਾ ਨਜ਼ਰ ਆਉਂਦਾ ਹੈ। ਲੇਕਿਨ ਅਕਾਸ਼ ਤਾਂ ਅਖੰਡ ਹੈ, ਮਕਾਨ ਗਿਰ ਜਾਵੇ ਅਕਾਸ਼ ਨੇ ਕਿਤੇ ਬਾਹਰ ਨਿਕਲ ਜਾਣੈ, ਬਈ ਹਵਾ ਹੈ। ਇਸ ਤਰ੍ਹਾਂ ਮੈਂ 'ਪੁਰਖੁ' ਹਾਂ ਹਰੇਕ ਦੇ ਅੰਦਰ ਸਮਾਇਆ ਹੋਇਆ ਹਾਂ, ਫੇਰ ਮੈਂ ਨਿਰਭਉ ਹਾਂ, ਮੈਨੂੰ ਕਾਲ ਦਾ ਡਰ ਨਹੀਂ ਕਿਉਂਕਿ ਕਾਲ ਮੈਂ ਬਣਾਇਆ ਹੈ। ਮੇਰੀ ਬਣਾਈ ਹੋਈ ਚੀਜ਼ ਕੁਦਰਤ ਹੈ। ਕੁਦਰਤ ਤਕ ਕਾਲ ਚਲਦੈ। ਇਹ ਸਦਾ ਕਾਇਮ ਰਹਿਣ ਵਾਲੀ ਚੀਜ਼ ਨਹੀਂ ਇਹਦੇ 'ਚ ਹਰ ਛਿਨ ਵਿਚ ਤਬਦੀਲੀ ਹੋ ਰਹੀ ਹੈ। ਫੇਰ ਮੈਂ ਨਿਰਵੈਰ ਹਾਂ ਮੇਰਾ ਵੈਰ ਕਿਸੇ ਨਾਲ ਨਹੀਂ। ਮੇਰਾ ਆਪਣਾ ਆਪ ਹੈ ਸਾਰਾ, ਮੇਰੇ ਤੋਂ ਦੂਜਾ ਬਾਹਰ ਕੋਈ ਚੀਜ਼ ਨਹੀਂ। ਇਸ ਵਾਸਤੇ ਜਦੋਂ ਦੂਜਾ ਨਹੀਂ ਹੈ ਤਾਂ ਵੈਰ ਕੋਈ ਨਹੀਂ -

*ਆਪੇ ਪਟੀ ਕਲਮ ਆਪਿ ਉਪਰਿ ਲੇਖੁ ਭਿ ਤੂੰ ॥*
*ਏਕੋ ਕਹੀਐ ਨਾਨਕਾ ਦੂਜਾ ਕਾਹੇ ਕੂ ॥ ਅੰਗ- ੧੨੯੧*

ਉਸ ਤੋਂ ਬਾਅਦ ਕਹਿੰਦੇ, ਫੇਰ ਮੈਂ 'ਅਕਾਲ ਮੂਰਤਿ' ਹਾਂ। ਮੇਰੀ ਜਿਹੜੀ ਹਸਤੀ ਹੈ ਉਹ ਕਾਲ ਤੋਂ ਰਹਿਤ ਹੈ। ਕਿਸੇ ਜਨਮ 'ਚ ਮੈਂ ਨਹੀਂ ਆਉਂਦਾ, ਕਿਸੇ ਜੂਨ ਵਿਚ ਨਹੀਂ ਆਉਂਦਾ। ਕਿਸੇ ਤਰੀਕੇ ਨਾਲ ਵੀ। ਨਾ ਮੈਂ ਦਰਖਤ ਬਣਾਂ, ਨਾ ਮੈਂ ਮੱਛੀ ਬਣਾਂ, ਨਾ ਮੈਂ ਪਸ਼ੂ ਬਣਾਂ, ਨਾ ਮੈਂ ਮਨੁੱਖ ਬਣਾਂ। ਮੇਰਾ ਪ੍ਰਕਾਸ਼ ਸਭ ਦੇ ਅੰਦਰ ਹੈ। ਜਿਥੇ ਮੈਲ ਨਹੀਂ ਹੋਏਗੀ, ਭਰਮ ਨਹੀਂ ਹੋਏਗਾ; ਉਹ ਜਿਹੜਾ ਸਰੀਰ ਹੈ ਉਹ ਮੇਰਾ ਹੀ ਧਾਰਨ ਕਰਿਆ ਹੋਇਆ ਪ੍ਰਗਟ ਰੂਪ 'ਚ ਹੈ, ਉਥੇ ਮੈਂ ਹੀ ਹੁੰਦਾ ਹਾਂ। ਫੇਰ 'ਸੈਭੰ' ਹਾਂ, ਮੈਨੂੰ ਕਿਸੇ ਗਿਆਨ ਦੀ ਲੋੜ ਨਹੀਂ, ਕਿਸੇ ਕਰਮ ਦੀ, ਨਾ ਉਪਾਸ਼ਨਾ ਦੀ, ਨਾ ਗਿਆਨ ਦੀ, ਨਾ ਵਿਗਿਆਨ ਦੀ, ਆਪਣੇ ਆਪ ਹੀ ਮੈਨੂੰ ਸਭ ਕੁਛ ਦਾ ਪਤਾ ਹੈ। ਫੇਰ 'ਗੁਰ ਪ੍ਰਸਾਦਿ' ਇਹਦੇ ਦੋ ਅਰਥ ਨੇ ਕਿ ਇਕ ਤਾਂ ਹੈ ਕਿ ਮੇਰੇ ਤੋਂ ਵੱਡਾ ਕੋਈ ਨਹੀਂ, ਮੈਂ ਆਪੇ ਹੀ ਆਪ ਹਾਂ। ਵੱਡੇ ਛੋਟੇ ਦਾ ਸਵਾਲ ਉਥੇ ਹੁੰਦੈ ਜਿਥੇ ਕੋਈ ਦੂਜਾ ਹੋਵੇ ਕਿ ਆਹ ਛੋਟਾ ਹੈ ਆਹ ਵੱਡਾ ਹੈ। ਮੈਂ ਆਪੇ ਹੀ ਹਾਂ। ਪਰ ਜਦੋਂ ਸੰਸਾਰ ਨਾਲ ਮੇਚਾ ਮੇਚੋਂਗੇ ਫੇਰ ਮੈਂ ਵੱਡਾ ਹਾਂ ਸਾਰੀ ਕੁਦਰਤ ਤੋਂ। ਫੇਰ ਮੈਂ ਨਿਰਾ ਹੀ ਕ੍ਰਿਪਾ ਦਾ ਘਰ ਹਾਂ। ਦੂਸਰਾ ਮੈਂ ਇਹਦਾ ਅਰਥ ਦਿੰਦਾ ਹਾਂ ਕਿ ਗੁਰੂ ਜੋ ਹੈ ਉਹਦੀ ਕ੍ਰਿਪਾ ਦੇ ਨਾਲ ਮੇਰਾ ਸਰੂਪ ਜਿਹੜਾ ਤੈਨੂੰ ਦਸਿਆ ਹੈ, ਉਹ ਪ੍ਰਗਟ ਹੋ ਸਕਦੈ। ਆਦਮੀ ਦੇ ਅੰਦਰ ਕਿਉਂਕਿ ਉਹਨੇ ਬੁੱਧੀ ਮੰਡਲ ਤਕ ਸਮਝਣਾ ਹੈ। ਇਸ ਤੋਂ ਅਗਾਂਹਾਂ ਉਨਮਨੀ ਅਵਸਥਾ 'ਚ ਗੁਰੂ ਦੀ ਕ੍ਰਿਪਾ ਤੋਂ ਬਗੈਰ ਅਨੁਭਵ ਦੇ ਦੇਸ਼ ਵਿਚ ਨਹੀਂ ਪਹੁੰਚ ਸਕਦਾ ਬੰਦਾ। ਹੇ ਨਾਨਕ! ਹੁਣ ਤੂੰ ਇਸ ਦੇ ਉਤੇ ਮੋਹਰ ਲਾ। ਸ੍ਰੀ ਗੁਰੂ ਨਾਨਕ ਦੇਵ ਜੀ ਨੇ -

*ਆਦਿ ਸਚੁ ਜੁਗਾਦਿ ਸਚੁ ॥*
*ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥*

ਹੇ ਪ੍ਰਭੂ! ਜਦੋਂ ਕੁਛ ਵੀ ਨਹੀਂ ਸੀ ਉਦੋਂ ਤੂੰ ਸੀ। ਜਦੋਂ ਕਾਲ ਤੂੰ ਰਚਿਆ, ਉਸ ਵੇਲੇ ਵੀ ਤੂੰ ਸੀ। ਹੁਣ ਵੀ ਤੂੰ ਹੈਂ, ਜਦੋਂ ਕੁਛ ਵੀ ਨਹੀਂ ਹੋਏਗਾ, ਫੇਰ ਵੀ ਤੂੰ ਹੋਏਂਗਾ। ਸੋ ਮੰਤਰ ਆਪ ਨੇ 'ਵਾਹਿਗੁਰੂ' ਦਿਤਾ। ਕਹਿੰਦੇ, ਵਾਹਿਗੁਰੂ ਮੰਤਰ ਜੋ ਹੈ, ਇਹ ਸਾਰੇ ਮੰਤਰ ਜਦੋਂ ਖਤਮ ਹੋ ਜਾਣੇ ਨੇ। ਉਥੇ ਇਕ ਭਾਵ ਵਿਸਮਾਦ ਦਾ ਰਹਿ ਜਾਣਾ ਹੈ। ਉਹ ਵਿਸਮਾਦ ਦੇ ਵਿਚ ਕੁਦਰਤੀ ਅਵਾਜ਼ ਵਾਹ-ਵਾਹ ਦੀ ਆਉਣੀ ਹੈ। ਸੋ ਇਹ ਮੈਂ ਤੈਨੂੰ ਪਰਾ ਪੂਰਬਲਾ ਨਾਮ ਆਪਣਾ ਤੈਨੂੰ ਦਿੰਨਾਂ। ਇਹ ਮੇਰਾ ਸਤਿ ਨਾਮ ਹੈ।

ਸੋ ਇਸ ਤਰ੍ਹਾਂ ਮੁਹੰਮਦ ਸਾਹਿਬ ਨੇ ਉਨ੍ਹਾਂ ਨੂੰ ਵੀ ਗਿਆਨ ਉਤੋਂ ਆਇਆ ਸੀ। ਉਹਨਾਂ ਨੇ ਅਗਾਂਹਾਂ ਫੇਰ ਚਲਾਇਆ। ਇਸ ਤਰ੍ਹਾਂ ਦੇ ਨਾਲ ਗੁਰੂ ਜਹਾਜ਼ ਹੈ ਗੁਰੂ ਤੋਂ ਬਗੈਰ ਕੋਈ ਤਰਿਆ ਨਹੀਂ ਕਰਦਾ-

*ਗੁਰੁ ਜਹਾਜੁ ਖੇਵਟੁ ਗੁਰੂ ਗੁਰ ਬਿਨੁ ਤਰਿਆ ਨ ਕੋਇ ॥*
*ਗੁਰ ਪ੍ਰਸਾਦਿ ਪ੍ਰਭੁ ਪਾਈਐ ਗੁਰ ਬਿਨੁ ਮੁਕਤਿ ਨ ਹੋਇ ॥*
*ਅੰਗ- ੧੪੦੧*

ਗੁਰੂ ਦੀ ਕ੍ਰਿਪਾ ਹੋ ਜਾਵੇ ਤਾਂ ਪ੍ਰਭੂ ਦਾ ਮਿਲਾਪ ਹੁੰਦੈ। ਗੁਰੂ ਤੋਂ ਬਗੈਰ ਕਿਸੇ ਦੀ ਵੀ ਮੁਕਤੀ ਨਹੀਂ ਹੁੰਦੀ ਤੇ ਗੁਰੂ ਕੋਲ ਬੇਅੰਤ ਨਾਮ ਦਾ ਧਨ ਹੈ -

*ਗੁਰ ਸਾਗਰੋ ਰਤਨਾਗਰੁ ਤਿਤੁ ਰਤਨ ਘਣੇਰੇ ਰਾਮ ॥*
*ਅੰਗ- ੪੩੬*

ਬੇਅੰਤ ਸ਼ਕਤੀਆਂ ਉਪਦੇਸ਼, ਬੇਅੰਤ ਗੁਰੂ ਦੇ ਕੋਲ ਨੇ -

*ਕਰਿ ਮਜਨੋ ਸਪਤ ਸਰੇ ਮਨ ਨਿਰਮਲ ਮੇਰੇ ਰਾਮ ॥*
*ਅੰਗ - ੪੩੭*

ਜੇ ਗੁਰੂ ਦੀ ਬਾਣੀ ਵਿਚ ਮਨ ਦਾ ਇਸ਼ਨਾਨ ਕਰਾ ਲਓ ਕਹਿੰਦੇ, ਨਿਰਮਲ ਹੋ ਜਾਂਦੈ। ਇਹਦੀ ਸਾਰੀ ਮੈਲ ਲਹਿ ਜਾਂਦੀ ਹੈ -

*ਗੁਰੁ ਸਰਵਰੁ ਮਾਨ ਸਰੋਵਰੁ ਹੈ ਵਡਭਾਗੀ ਪੁਰਖ ਲਹੰਨ੍ਹਿ ॥*
*ਅੰਗ- ੭੫੭*

ਵੱਡੇ ਭਾਗਾਂ ਵਾਲੇ ਪੁਰਖ ਨੇ ਜਿਨ੍ਹਾਂ ਦੇ ਮੱਥੇ 'ਤੇ ਭਾਗ ਲਿਖੇ ਹੋਏ ਨੇ। ਸਾਰਿਆਂ ਨੂੰ ਤਾਂ ਗੁਰੂ ਮਿਲਦਾ ਨਹੀਂ -

*ਸੇਵਕ ਗੁਰਮੁਖਿ ਖੋਜਿਆ ਸੇ ਹੰਸੁਲੇ ਨਾਮੁ ਲਹੰਨਿ ॥*

*ਅੰਗ - ੭੫੭*

ਉਹ ਜਦੋਂ ਆਪਣੀ ਖੋਜ ਕਰਦੇ ਨੇ ਹੰਸ ਰੂਪ ਹੋ ਕੇ, ਫੇਰ ਉਨ੍ਹਾਂ ਨੂੰ ਬ੍ਰਹਮਗਿਆਨ ਰੂਪੀ ਮੋਤੀ ਮਿਲਦੇ ਨੇ, ਹੀਰੇ ਮਿਲਦੇ ਨੇ। ਸੋ ਗੁਰੂ ਦੇ ਬਰਾਬਰ ਸੰਸਾਰ ਅੰਦਰ ਕੋਈ ਚੀਜ਼ ਨਹੀਂ ਹੈ। ਤੀਰਥ ਨੇ ਬਹੁਤ ਵੱਡੇ ਨੇ -

*ਤੀਰਥ ਕੀਏ ਏਕ ਫਲ,*
*ਸੰਤ ਮਿਲੇ ਫਲ ਚਾਰ।*
*ਗੁਰੂ ਮਿਲੇ ਫਲ ਅਨੇਕ ਹੈਂ,*
*ਕਹਤ ਕਬੀਰ ਬਿਚਾਰ।*

ਤੀਰਥ ਜੋ ਹਨ ਉਹ ਮਨ ਦੀ ਮੈਲ ਦੂਰ ਕਰਨ ਨੂੰ ਨਹੀਂ।

ਇਕ ਵਾਰੀ ਕਬੀਰ ਸਾਹਿਬ ਨੂੰ ਬਹੁਤ ਸਾਰੇ ਸਾਧੂਆਂ ਦੀ ਮੰਡਲੀ ਬੇਨਤੀ ਕਰਨ ਲੱਗੀ ਕਿ ਮਹਾਰਾਜ ਆਪ ਵੀ ਤੀਰਥ ਯਾਤਰਾ ਕਰ ਆਓ ਸਾਡੇ ਨਾਲ, ਕਹਿੰਦੇ ਸਾਨੂੰ ਤਾਂ ਫੁਰਸਤ ਨਹੀਂ ਹੈ। ਉਥੇ ਕੀ ਹੁੰਦੈ?

ਕਹਿੰਦੇ, ਮਹਾਰਾਜ! ਬੜਾ ਭਾਰਾ ਪੁੰਨ ਹੋ ਜਾਂਦੈ। ਉਹ ਕਹਿੰਦੇ, ਸਾਡੇ ਖਿਆਲ ਵਿਚ ਹੈ ਕਿ ਮਨ ਦੀ ਮੈਲ ਨਹੀਂ ਲਹਿੰਦੀ। ਤੀਰਥ ਨਾਹ ਕੇ ਸੁਭਾਅ ਨਹੀਂ ਆਦਮੀ ਦਾ ਬਦਲਦਾ ਤੇ ਅਖੀਰ ਉਹਨਾਂ ਨੇ ਜਦੋਂ ਬਹੁਤ ਗੱਲ ਕਰੀ। ਉਹਨਾਂ ਇਕ ਕੌੜ-ਤੂੰਬੀ ਫੜਾ ਦਿਤੀ ਕਹਿਣ ਲੱਗੇ ਕਿ ਆਹ ਲੈ ਜਾਇਓ, ਹਰ ਤੀਰਥ ਦੇ ਵਿਚ ਇਹਨੂੰ ਚੰਗੀ ਤਰ੍ਹਾਂ ਇਸ਼ਨਾਨ ਕਰਾਇਓ। 68 ਤੀਰਥਾਂ ਦਾ ਇਸ਼ਨਾਨ ਕਰਕੇ ਸਾਲ ਦੋ ਸਾਲ 'ਚ, ਸਾਧੂਆਂ ਦੀ ਮੰਡਲੀ ਵਾਪਸ ਆਈ ਤਾਂ ਕਬੀਰ ਸਾਹਿਬ ਦੀ ਅਮਾਨਤ ਵਾਪਸ ਮੋੜੀ। ਕਬੀਰ ਸਾਹਿਬ ਕਹਿਣ ਲੱਗੇ, ਭਾਈ! ਇਹਨੂੰ 68 ਤੀਰਥਾਂ ਦੇ ਵਿਚ ਇਸ਼ਨਾਨ ਕਰਾ ਲਿਆ? ਕਹਿੰਦੇ ਜੀ, ਹਾਂ ਅਸੀਂ ਤਾਂ ਬਹੁਤ ਮਲ-ਮਲ ਕੇ ਕਰਾਇਆ ਹੈ। ਕਹਿੰਦੇ, ਫੇਰ ਤਾਂ ਇਹ ਪਰਮ ਪਵਿੱਤਰ ਹੋ ਗਈ। ਪ੍ਰਸ਼ਾਦ ਬਣ ਗਿਆ ਇਹ, ਤੋੜਦੇ ਰਹੇ, ਤੋੜ ਕੇ ਕਹਿਣ ਲੱਗੇ, ਲਓ ਪ੍ਰਸ਼ਾਦ ਵਰਤਾ ਦਿਓ। ਜਦੋਂ ਪ੍ਰਸ਼ਾਦ ਵਰਤਾਇਆ ਕਹਿੰਦੇ, ਛਕੋ, ਮਹਾਂਪੁਰਸ਼ੋ। ਜਿਹੜਾ ਮੂੰਹ ਵਿਚ ਪਾਵੇ, ਥੁੱਕ ਦੇਵੇ ਕਿ ਇਹ ਤਾਂ ਕੌੜੀ ਪਈ ਹੈ। ਕਬੀਰ ਸਾਹਿਬ ਕਹਿਣ ਲੱਗੇ ਕਿ ਤੀਰਥ ਕਰੇ ਸੀ ਇਹਨੇ ਐਨੇ ਪਰ ਇਹਦਾ ਸੁਭਾਅ ਤਾਂ ਨਾ ਬਦਲਿਆ। ਇਸੇ ਤਰ੍ਹਾਂ ਦੇ ਨਾਲ ਜੋ ਮਨੁੱਖ ਹੈ ਇਹਦਾ ਵੀ ਸੁਭਾਅ ਨਹੀਂ ਬਦਲਿਆ ਕਰਦਾ। ਇਸ ਤਰ੍ਹਾਂ ਨਾਲ ਫੁਰਮਾਨ ਕਰਦੇ ਨੇ -

*ਧਾਰਨਾ - ਅਠਸਠਿ ਤੀਰਥ ਨਹਾ ਕੇ*
*ਤੂੰਬੀ ਅਜੇ ਵੀ ਰਹਿ ਗਈ ਕੌੜੀ।*

ਅਠਾਹਠ ਤੀਰਥਾਂ ਦਾ ਇਸ਼ਨਾਨ ਕਰਾਇਆ ਹੈ, ਪਰ ਇਹਦੇ ਸੁਭਾਅ ਤਾਂ ਬਦਲਿਆ ਨਹੀਂ। ਕਹਿਣ ਲੱਗੇ, ਸੰਤਹੁ! ਇਸੇ ਤਰ੍ਹਾਂ ਦੇ ਨਾਲ ਮਨੁੱਖ ਤੀਰਥਾਂ 'ਤੇ ਨਾਹੁੰਦਾ ਫਿਰਦਾ ਹੈ, ਇਸ ਖਿਆਲ ਨਾਲ ਕਿ ਮੈਲ ਲਹਿ ਜਾਏਗੀ। ਸਰੀਰ ਦੀ ਮੈਲ ਦਾ ਤਾਂ ਸਵਾਲ ਹੀ ਪੈਦਾ ਨਹੀਂ ਹੁੰਦਾ, ਹੁਣ ਲਾਹ ਲਓ, ਥੋੜ੍ਹੀ ਦੇਰ ਨੂੰ ਫੇਰ ਮੈਲ ਆ ਜਾਂਦੀ ਹੈ ਕਿਉਂਕਿ ਸਾਢੇ ਤਿੰਨ ਕਰੋੜ ਇਹਦੇ ਵਿਚ ਰੋਮ ਹੈ। ਹਰ ਛਿਨ ਜਿਹੜਾ ਉਪਾਨ ਪ੍ਰਾਣ ਹੈ ਉਹ ਅੰਦਰਲੀ ਮੈਲ ਬਾਹਰ ਸੁੱਟੀ ਜਾਂਦਾ ਹੈ। ਇਹ ਤਾਂ ਰੋਮਾਂ ਤੋਂ ਬਾਹਰ ਆਉਂਦੀ ਹੈ, ਕੇਸ ਤੁਸੀਂ ਘੁੱਟ ਕੇ ਬੰਨ੍ਹ ਲਓ, ਬਿਲਕੁਲ ਨੰਗੇ ਨਾ ਕਰੋ ਦਸ ਦਿਨ ਤੋਂ ਬਾਅਦ ਦੇਖੋ, ਹੱਥ ਨਹੀਂ ਲਗਦਾ, ਮੈਲ ਕਿੱਥੋਂ ਆ ਗਈ? ਉਹ ਅੰਦਰੋਂ ਨਿਕਲਦੀ ਹੈ। ਕੇਸ ਖਿੱਚ ਰਹੇ ਨੇ। ਚਿਮਨੀਆਂ ਨੇ ਇਹ ਦਿਮਾਗ ਦੀਆਂ। ਸੋ ਨਾਹੁੰਣ ਦੇ ਨਾਲ ਬੰਦਾ ਨਿਰਮਲ ਨਹੀਂ ਹੋ ਸਕਦਾ। ਇਹਨੂੰ ਨਿਰਮਲ ਕਰਨ ਲਈ ਕੇਵਲ ਗੁਰੂ ਸਮਰੱਥ ਹੈ ਹੋਰ ਕੋਈ ਨਹੀਂ ਹੈ। ਸੋ ਇਹ ਸਾਰਿਆਂ ਨਾਲੋਂ ਵੱਡਾ ਤੀਰਥ ਹੈ -

*ਧਾਰਨਾ - ਤੀਰਥ ਕੋਈ ਨਾ ਬਰਾਬਰ ਹੋਰ ਗੁਰਾਂ ਦੇ,*
*ਜਿਹੜਾ ਕੱਟੇ ਮੈਲ ਮਨ ਦੀ।*

*ਗੁਰ ਸਮਾਨਿ ਤੀਰਥੁ ਨਹੀ ਕੋਇ ॥ ਅੰਗ - ੧੩੨੮*

ਸਾਰੇ ਸੰਸਾਰ ਦੇ ਤੀਰਥਾਂ ਦੀ ਬੜੀ ਮਹੱਤਤਾ ਹੈ। ਆਪਣੀ-ਆਪਣੀ ਮਹੱਤਤਾ ਹੈ, ਇਕ ਫਲ ਮਿਲ ਜਾਂਦਾ ਹੈ ਉਥੇ - 'ਤੀਰਥ ਕੀਏ ਏਕ ਫਲ' ਜੇ ਸੰਤ ਮਿਲੇ ਜਾਵੇ, 'ਸੰਤ ਮਿਲੇ ਫਲ ਚਾਰ।' -

*ਚਾਰਿ ਪਦਾਰਥ ਜੇ ਕੋ ਮਾਗੈ ॥*
*ਸਾਧ ਜਨਾ ਕੀ ਸੇਵਾ ਲਾਗੈ ॥ ਅੰਗ- ੨੬੬*

ਕੋਈ ਵੀ ਫਲਾਂ ਦਾ ਅੰਤ ਨਹੀਂ ਰਹਿੰਦਾ। ਇਕ ਫਲ ਥੋੜ੍ਹਾ ਸਾਨੂੰ ਬੇਅੰਤ ਫਲ ਚਾਹੀਦੇ ਨੇ। ਸਾਰੇ ਗੁਰੂ ਦੇ ਕੋਲ ਨੇ -

*ਗੁਰ ਸਮਾਨਿ ਤੀਰਥੁ ਨਹੀ ਕੋਇ ॥*
*ਸਰੁ ਸੰਤੋਖੁ ਤਾਸੁ ਗੁਰੁ ਹੋਇ ॥ ੧ ॥ ਰਹਾਉ ॥*
*ਗੁਰੁ ਦਰੀਆਉ ਸਦਾ ਜਲੁ ਨਿਰਮਲੁ*
*ਮਿਲਿਆ ਦੁਰਮਤਿ ਮੈਲੁ ਹਰੈ ॥ ਅੰਗ - ੧੩੨੮*

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦਰਿਆ

ਰੂਪ ਹੈ। ਇਹ ਸਦਾ ਹੀ ਨਿਰਮਲ ਹੈ ਇਹਦੇ ਵਿਚ ਕੋਈ ਖੋਟ ਹੀ ਨਹੀਂ ਕਿਸੇ ਪੁਆਇੰਟ ਦੇ ਉਤੇ। ਜਿਹੜਾ ਮਿਲ ਗਿਆ ਇਸ ਬਾਣੀ ਨੂੰ ਮਨ ਤੋਂ, ਹਿਰਦੇ ਤੋਂ, ਧੁਰ ਅੰਦਰੋਂ ਉਹਦੇ ਮਨ ਦੀ ਮੈਲ ਲਹਿਣੀ ਸ਼ੁਰੂ ਹੋ ਜਾਣੀ ਹੈ –

*ਭਰੀਐ ਹਥੁ ਪੈਰੁ ਤਨੁ ਦੇਹ ॥*
*ਪਾਣੀ ਧੋਤੈ ਉਤਰਸੁ ਖੇਹ ॥*
*ਮੂਤ ਪਲੀਤੀ ਕਪੜੁ ਹੋਇ ॥*
*ਦੇ ਸਾਬੂਣੁ ਲਈਐ ਓਹੁ ਧੋਇ ॥*
*ਭਰੀਐ ਮਤਿ ਪਾਪਾ ਕੈ ਸੰਗਿ ॥*
*ਓਹੁ ਧੋਪੈ ਨਾਵੈ ਕੈ ਰੰਗਿ ॥* ਅੰਗ – ੪

ਕੀਰਤਨ ਕਰਨਾ, ਬਾਣੀ ਪੜ੍ਹਨੀ, ਬੰਦਗੀ ਕਰਨੀ, ਪ੍ਰਮੇਸ਼ਰ ਨੂੰ ਯਾਦ ਕਰਨਾ ਇਹਦੇ ਮਨ ਦੀ ਮੈਲ ਦੂਰ ਹੁੰਦੀ ਹੈ। ਹੋਰ ਕੋਈ ਤਰੀਕਾ ਨਹੀਂ। ਐਸਾ ਜ਼ਰੂਰ ਭਾਗਾਂ ਦੇ ਨਾਲ ਪ੍ਰਾਪਤ ਹੁੰਦੈ –

*ਗੁਰੁ ਸਮਰਥੁ ਅਪਾਰੁ ਗੁਰੁ ਵਡਭਾਗੀ ਦਰਸਨੁ ਹੋਇ ॥*
ਅੰਗ – ੫੨

ਜਿੰਨਾਂ ਚਿਰ ਭਾਗ ਨਹੀਂ ਜਾਗਦੇ, ਕੋਲ ਹੀ ਰਹਿ ਜਾਂਦਾ ਹੈ ਬੰਦਾ।

ਸ੍ਰੀ ਗੁਰੂ ਨਾਨਕ ਪਾਤਸ਼ਾਹ ਆਪ ਨੇ ਕਿਵੇਂ ਸੰਸਾਰ ਦਾ ਉਧਾਰ ਕਰਿਆ। ਕੋਲ ਹੀ ਸੀ ਬੰਦੇ ਬਹੁਤ ਸਾਰੇ ਜਿਹੜੇ ਮੰਨਦੇ ਹੀ ਨਹੀਂ ਸੀ। ਕੋਈ ਕੁਰਾਹੀਆ ਕਹਿੰਦੇ ਸੀ –

*ਕੋਈ ਆਖੈ ਭੂਤਨਾ ਕੋ ਕਹੈ ਬੇਤਾਲਾ ॥*
*ਕੋਈ ਆਖੈ ਆਦਮੀ ਨਾਨਕੁ ਵੇਚਾਰਾ ॥* ਅੰਗ– ੯੯੧

ਮਹਾਰਾਜ ਕਹਿੰਦੇ, ਮੇਰਾ ਨਾਉਂ ਇਹਨਾਂ ਨੇ ਭੂਤਨਾ ਪਾ ਲਿਆ, ਬੇਤਾਲਾ ਪਾ ਲਿਆ। ਕਿਹੋ ਜਿਹੇ ਗਲਤ ਨਾਉਂ ਪਾਉਂਦੇ ਸੀ। ਕੋਲ ਹੀ ਸੀ। ਕਿਉਂਕਿ ਭਾਗ ਨਹੀਂ ਸੀ ਜਾਗੇ। ਬਗਲੇ ਨੂੰ ਨਹੀਂ ਪਤਾ ਹੁੰਦਾ ਕਿ ਮਾਨ ਸਰੋਵਰ ਦੇ ਅੰਦਰ ਮੋਤੀ ਵੀ ਹੈਗੇ। ਉਹ ਤਾਂ ਉਥੇ ਕੰਢੇ ਬੈਠੇਗਾ ਦੇਖੇਗਾ ਕਿ ਕੋਈ ਡੱਡੀ ਵੀ ਹੈਗੀ ਕੋਲ? ਕਿਉਂਕਿ ਉਹਨਾਂ ਦੀ ਖੁਰਾਕ ਹੈ –

*ਬਗੁਲਾ ਕਾਗੁ ਨ ਰਹਈ ਸਰਵਰਿ*
*ਜੇ ਹੋਵੈ ਅਤਿ ਸਿਆਣਾ ॥*
*ਓਨਾ ਰਿਜਕੁ ਨ ਪਇਓ ਓਥੈ*
*ਓਨ੍ਾ ਹੋਰੋ ਖਾਣਾ ॥* ਅੰਗ– ੯੫੬

ਇਕ ਪ੍ਰੇਤ ਸੁਲੇਮਾਨ, ਸੰਤ ਮਹਾਰਾਜ ਜੀ (ਸ੍ਰੀਮਾਨ ਸੰਤ ਈਸ਼ਰ ਸਿੰਘ ਜੀ ਮਹਾਰਾਜ ਰਾੜਾ ਸਾਹਿਬ ਵਾਲੇ) ਨੇ ਉਹਨੂੰ ਮਨੁੱਖ ਦਾ ਜਾਮਾ ਦਿਵਾਇਆ ਸੀ। ਉਹਦੇ ਨਾਲ ਮੇਰੀ ਕਾਫੀ ਗੱਲਬਾਤ ਹੋਈ। ਮੈਂ ਕਿਹਾ ਕਿ ਤੂੰ ਇਸ ਤਰ੍ਹਾਂ ਦਸ ਜਦੋਂ ਸ੍ਰੀ ਗੁਰੂ ਨਾਨਕ ਪਾਤਸ਼ਾਹ ਸੀ ਤੇਰੀ ਉਮਰ ਕਿੰਨੀ ਸੀ। ਕਹਿੰਦਾ, ਉਦੋਂ 500 ਸਾਲ ਦਾ ਸੀਗਾ ਪ੍ਰੇਤ। ਮੈਂ ਕਿਹਾ ਕਿ ਤੂੰ ਆਇਆਂ ਹੈ ਮਹਾਂਪੁਰਸ਼ਾਂ ਦੇ ਕੋਲ ਕਿ ਮੇਰੀ ਗਤੀ ਕਰੋ। ਸ੍ਰੀ ਗੁਰੂ ਨਾਨਕ ਪਾਤਸ਼ਾਹ ਦੇ ਕੋਲ ਕਿਉਂ ਨਾ ਗਿਆ।

ਕਹਿਣ ਲੱਗਿਆ, ਮੇਰਾ ਸਮਾਂ ਨਹੀਂ ਸੀ ਆਇਆ ਉਸ ਵੇਲੇ। ਸਮਾਂ ਹੁਣ ਆਇਆ ਹੈ। ਮੇਰੀ ਉਮਰ 1000 ਸਾਲ ਦੀ ਹੋਣ ਵਾਲੀ ਹੋ ਗਈ।

ਫੇਰ ਮੈਨੂੰ ਕਹਿਣ ਲੱਗਿਆ, ਕਿਤੇ ਸਾਰੇ ਲੋਕ ਥੋੜ੍ਹਾ ਸ੍ਰੀ ਗੁਰੂ ਨਾਨਕ ਸਾਹਿਬ ਨੂੰ ਮੰਨਦੇ ਸੀ। ਬਹੁਤ ਦੁਨੀਆਂ ਸੀ ਜਿਹੜੀ ਉਹਨਾਂ ਨੂੰ ਕੁਰਾਹੀਆ ਕਹਿੰਦੀ ਸੀ। ਕੋਈ ਕੁਛ ਕਹਿੰਦਾ ਸੀ, ਵਿਰੋਧ ਕਰਦੇ ਸੀ। ਸਾਰੇ ਤਾਂ ਨਹੀਂ ਸੀ ਮੰਨਦੇ। ਓਹੀ ਮੰਨਦੇ ਸੀ ਜਿਨ੍ਹਾਂ ਦੇ ਭਾਗ ਸੀਗੇ।

ਸੋ ਇਸ ਤਰ੍ਹਾਂ ਭਾਗਾਂ ਬਿਨਾਂ ਨਹੀਂ ਹੁੰਦਾ –

*ਗੁਰੁ ਸਮਰਥੁ ਅਪਾਰੁ ਗੁਰੁ ਵਡਭਾਗੀ ਦਰਸਨੁ ਹੋਇ ॥*
*ਗੁਰੁ ਅਗੋਚਰੁ ਨਿਰਮਲਾ ਗੁਰ ਜੇਵਡੁ ਅਵਰੁ ਨ ਕੋਇ ॥*
ਅੰਗ – ੫੨

ਸਾਰਿਆਂ ਤੋਂ ਵੱਡਾ ਜੇ ਕੋਈ ਹੈ ਉਹ ਗੁਰੂ ਹੈ–

*ਗੁਰੁ ਕਰਤਾ ਗੁਰੁ ਕਰਣਹਾਰੁ ਗੁਰਮੁਖਿ ਸਚੀ ਸੋਇ ॥*
*ਗੁਰ ਤੇ ਬਾਹਰਿ ਕਿਛੁ ਨਹੀ ਗੁਰੁ ਕੀਤਾ ਲੋੜੇ ਸੁ ਹੋਇ॥*
ਅੰਗ– ੫੨

ਜਿਹੜਾ ਕੁਛ ਕਰਨਾ ਚਾਹੁੰਦੈ। ਸਭ ਕੁਛ ਉਹਦੇ ਅਖਤਿਆਰ ਹੁੰਦੈ –

*ਗੁਰੁ ਤੀਰਥੁ ਗੁਰੁ ਪਾਰਜਾਤੁ ਗੁਰੁ ਮਨਸਾ ਪੂਰਣਹਾਰੁ ॥*
*ਗੁਰੁ ਦਾਤਾ ਹਰਿ ਨਾਮੁ ਦੇਇ ਉਧਰੈ ਸਭੁ ਸੰਸਾਰੁ ॥*
ਅੰਗ – ੫੨

'ਪਾਰਜਾਤੁ' ਬਿਰਖ ਹੁੰਦੈ, ਉਹਦੇ ਕੋਲ ਜਾ ਕੇ ਫੁਰਨਾ ਕਰ ਲਓ ਕਿ ਮੈਨੂੰ ਫਲਾਣੀ ਚੀਜ਼ ਮਿਲ ਜਾਵੇ ਉਸੇ ਵੇਲੇ ਮਿਲ ਜਾਂਦੀ ਹੈ। ਉਹ ਮੰਡਲ ਹੈ, ਇੰਦਰ ਲੋਕ ਤੋਂ ਸ਼ੁਰੂ ਹੁੰਦੈ ਉਹ ਮੰਡਲ। ਕੋਈ ਮਨਸਾ ਧਾਰ ਲਓ, ਗੁਰੂ ਨੇ ਪੂਰੀ ਕਰ ਦੇਣੀ ਹੈ। ਉਹਦੇ ਕੋਲ ਨਾਮ ਹੁੰਦੈ ਤੇ ਐਨਾ ਹੁੰਦੈ ਕਿ ਸਾਰੇ ਸੰਸਾਰ ਦਾ ਉਹ ਉਧਾਰ ਕਰ ਸਕਦੈ –

*ਗੁਰੁ ਸਮਰਥੁ ਗੁਰੁ ਨਿਰੰਕਾਰੁ ਗੁਰੁ ਊਚਾ ਅਗਮ ਅਪਾਰੁ ॥*

*ਗੁਰ ਕੀ ਮਹਿਮਾ ਅਗਮ ਹੈ ਕਿਆ ਕਥੇ ਕਥਨਹਾਰੁ ॥*
*ਅੰਗ - ੫੨*

ਸੋ ਮਹਾਰਾਜ ਨੇ ਪੂਰੀ ਤਰ੍ਹਾਂ ਖੋਲ੍ਹ ਕੇ ਵਿਆਖਿਆ ਕੀਤੀ ਕਿ ਪ੍ਰਮੇਸ਼ਰ ਹਰੇਕ ਦੇ ਅੰਦਰ ਹੈ। ਪਾਪੀਆਂ ਦੇ ਵੀ ਅੰਦਰ ਹੈ, ਜਾਨਵਰਾਂ ਦੇ ਵੀ ਅੰਦਰ ਹੈ, ਹਰੇਕ ਦੇ ਅੰਦਰ ਪ੍ਰੀਪੂਰਨ ਹੈ ਪ੍ਰਮੇਸ਼ਰ। ਮਨੁੱਖ ਦਾ ਤੇ ਜਾਨਵਰ ਦਾ ਕੇਵਲ ਐਨਾ ਕੁ ਫਰਕ ਹੈ ਕਿ ਕਈ ਗੱਲਾਂ 'ਚ ਜਾਨਵਰ ਮਨੁੱਖ ਨਾਲੋਂ ਹੁਸ਼ਿਆਰ ਹੈ। ਤੁਸੀਂ ਰੋਜ਼ ਦੇਖਦੇ ਹੋਂ ਪੜ੍ਹੇ ਲਿਖੇ ਬੰਦਿਆਂ ਨੂੰ ਪਤਾ ਹੈ ਕਿ ਜਿਹੜੇ ਧਿਆਨ ਦਿੰਦੇ ਨੇ, ਕੁੱਤੇ ਨੂੰ ਕਿਸੇ ਬੰਦੇ ਨਾਲ ਜਾਣ-ਪਛਾਣ ਕਰਾ ਦਿਓ, ਉਹ ਬੰਦਾ ਘਰ 'ਚੋਂ ਕੋਈ ਚੀਜ਼ ਲੈ ਕੇ ਚਲਿਆ ਜਾਵੇ। ਕੁੱਤਾ ਉਹਦੇ ਹੱਥਾਂ ਨੂੰ ਸੁੰਘ ਕੇ, ਜਿਥੇ ਹੱਥ ਲਾਏ ਨੇ ਉਹਦੇ ਪਿਛੇ ਹੀ ਤੁਰ ਪਏਗਾ, ਪਿੱਛੇ-ਪਿੱਛੇ ਤੁਰਿਆ ਜਾਏਗਾ, ਪੰਜਾਹ ਮੀਲ 'ਤੇ ਵੀ ਜਾ ਕੇ ਫੜ ਲਏਗਾ ਕਿ ਆਹ ਬੰਦਾ ਸੀਗਾ। ਮਨੁੱਖ ਕੋਲ ਤਾਂ ਇਹ ਜਾਚ ਨਹੀਂ ਹੈ। ਡਰੱਗ ਦੀ ਸਮਗਲਿੰਗ ਕਰਦੇ ਨੇ ਲੋਕ, ਅਮਰੀਕਾ ਵਿਚ ਮੈਂ ਦੇਖਿਆ ਹੈ, ਉਥੇ ਲੰਮੇ-ਲੰਮੇ ਕੰਨਾਂ ਵਾਲੇ ਕੁੱਤੇ ਨੇ, ਡੱਬੇ ਖੜੱਬੇ ਜਿਹੇ ਉਹ ਅਰਾਮ ਨਾਲ ਤੁਰੇ ਫਿਰਦੇ ਨੇ ਕੁਛ ਨਹੀਂ ਕਰਦੇ। ਜਿਹਦੇ ਕੋਲ ਡਰੱਗ ਹੁੰਦੀ ਹੈ ਉਹਨੂੰ ਭੌਂਕਣਾ ਸ਼ੁਰੂ ਕਰ ਦਿੰਦੇ ਨੇ। ਇਕ ਬੰਦੇ ਨੇ ਡਰੱਗ, ਜਿਹੜਾ ਗੱਡੀ ਦਾ ਫਾਲਤੂ ਟਾਇਰ ਹੁੰਦਾ ਹੈ, stepney, ਉਹਦੀ ਟਿਊਬ ਵਿਚ ਪਾਈ ਹੋਈ ਸੀ। ਉਹ ਰੱਖੀ ਹੋਈ ਸੀ ਕਾਰ 'ਚ। ਕਾਰ ਦੇ ਕੋਲ ਉਹਨਾਂ ਨੇ ਭੌਂਕਣਾ ਸ਼ੁਰੂ ਕਰ ਦਿਤਾ। ਪੁਲਿਸ ਦਾ ਜਿਹੜਾ ਵੱਡਾ ਆਫੀਸਰ ਸੀ ਉਹ ਕਹਿਣ ਲੱਗਿਆ ਕਿ ਇਥੇ ਡਰੱਗ ਹੈ ਕਿਸੇ ਦੀ ਕਾਰ ਵਿਚ। ਕੁੱਤੇ ਨੂੰ ਛੱਡਿਆ ਉਹ ਜਾ ਕੇ ਪੌਂਚੇ ਮਾਰਨ ਲਗ ਗਿਆ। ਦਰਵਾਜ਼ਾ ਖੁਲ੍ਹਾ ਦਿਤਾ ਉਹਨਾਂ ਨੇ, ਅੰਦਰ ਵੜਿਆ ਪਿਛਲੀ ਸੀਟ ਦੇ ਥੱਲੇ ਪੌਂਚੇ ਮਾਰੇ। ਪਿੱਛੇ ਡਿੱਗੀ ਖੋਲ੍ਹ ਦਿਤੀ, ਡਿੱਗੀ 'ਚ ਜਾ ਕੇ ਟਾਇਰਾਂ 'ਚ ਜਾ ਕੇ ਪੌਂਚੇ ਮਾਰੇ। ਟਾਇਰ ਖੋਲ੍ਹਿਆ, ਟਿਊਬ ਖੋਲ੍ਹੀ, ਉਹਦੇ 'ਚ ਡਰੱਗ ਪਈ। ਮਨੁੱਖ ਨੂੰ ਤਾਂ ਨਹੀਂ ਇਸ ਗੱਲ ਦਾ ਪਤਾ ਲਗਦਾ। ਮਨੁੱਖ ਨਾਲੋਂ ਤਾਂ ਇਨ੍ਹਾਂ ਗੱਲਾਂ 'ਚ ਕੁੱਤਾ ਸਿਆਣਾ ਹੈ। ਕੀੜੀ ਬਾਹਰ ਕਿਤੇ ਹੋਵੇ, ਕੋਈ ਚੀਜ਼ ਕਿਤੇ ਰੱਖ ਦਿਓ ਧਨੀਆਂ ਵਗੈਰਾ, ਉਥੋਂ ਹੀ ਉਸ ਪਾਸੇ ਨੂੰ ਰੁਖ ਕਰ ਲੈਂਦੀ ਹੈ। ਲੇਕਿਨ ਇਨ੍ਹਾਂ ਕੋਲ ਇਕ ਚੀਜ਼ ਨਹੀਂ ਹੈ ਜਿਸਨੂੰ ਬੁੱਧੀ ਕਹਿੰਦੇ ਨੇ। ਬੁੱਧੀ ਮਨੁੱਖ ਕੋਲ ਹੈ। 83 ਲੱਖ 99 ਹਜ਼ਾਰ 999 ਜੂਨਾਂ 'ਚ ਜਿੰਨੇ ਵੀ ਜੀਵ ਨੇ ਸਭ 'ਚ ਹੋਰ ਚੀਜ਼ਾਂ ਤਾਂ ਹੈਗੀਆਂ। ਡੌਲਫੀਨ ਮੱਛੀ ਹੈ 50 ਅੱਖਰ ਬੋਲਦੀ ਹੈ ਉਹ। ਉਹਦੀ ਬੋਲੀ ਨੂੰ ਡੀ-ਕੋਡ ਕਰ ਰਹੇ ਨੇ ਕਿ ਅੱਖਰ ਸਮਝ ਵਿਚ ਆ ਜਾਵੇ ਕਿ ਕਹਿੰਦੀ ਕੀ ਹੈ ਇਹ। ਬੜੀ ਉਸ ਉਪਰ ਖੋਜ ਕਰ ਰਹੇ ਨੇ। ਲੇਕਿਨ ਉਹਦੇ ਕੋਲ ਵੀ ਬੁੱਧੀ ਨਹੀਂ ਹੈ ਜਿਹੜੀ ਮਨੁੱਖ ਕੋਲ ਹੈ। ਇਹ ਕੇਵਲ ਮਨੁੱਖ ਨੂੰ ਮਿਲੀ ਹੈ। ਇਸੇ ਕਰਕੇ 84 ਲੱਖ ਜੂਨੀਆਂ ਦਾ ਸਰਦਾਰ ਇਸ ਨੂੰ ਆਖਿਆ ਜਾਂਦਾ ਹੈ। ਇਹਦੇ ਕੋਲ ਇਕ ਦੁਆਰਾ ਹੈ ਜਿਹਨੂੰ ਦਸਵਾਂ ਦੁਆਰ ਕਹਿੰਦੇ ਨੇ -

*ਨਉ ਦਰਵਾਜੇ ਕਾਇਆ ਕੋਟੁ ਹੈ ਦਸਵੈ ਗੁਪਤੁ ਰਖੀਜੈ ॥*
*ਅੰਗ - ੯੫੪*

ਉਹ ਗੁਪਤ ਪਿਐ ਸਾਧਸੰਗਤ ਜੀ! ਕਿਸੇ ਨੂੰ ਨਹੀਂ ਪਤਾ ਕਿ ਮੇਰੇ ਇਕ ਹੋਰ sense ਹੈਗੀ ਜਿਹਨੂੰ sixth sence ਕਹਿੰਦੇ ਨੇ, ਤੀਸਰਾ ਤਿਲ ਕਹਿੰਦੇ ਨੇ, ਬਿਅੰਨ ਅੱਖੜੀਆਂ ਕਹਿੰਦੇ ਨੇ, ਸ਼ਿਵ ਨੇਤਰ, ਦਸਮ ਦੁਆਰ ਕਹਿੰਦੇ ਨੇ। ਬਹੁਤ ਨਾਮ ਨੇ ਉਹਦੇ ਰੱਖੇ ਹੋਏ। ਉਹ ਗੁਪਤ ਪਿਆ ਹੈ ਸਾਰਿਆਂ ਦੇ। ਨਾ ਸਾਨੂੰ ਉਹਨੂੰ ਖੋਲ੍ਹਣ ਦਾ ਸ਼ੌਂਕ ਹੈ ਨਾ ਸਾਨੂੰ ਇਹ ਪਤਾ ਹੈ ਕਿ ਉਹਨੂੰ ਖੋਲ੍ਹਣ 'ਤੇ ਹੁੰਦਾ ਕੀ ਹੈ। ਉਹਨੂੰ ਜਿਹੜਾ ਤਾਲਾ ਲੱਗਿਆ ਹੋਇਆ ਹੈ -

*ਜਿਸ ਕਾ ਗ੍ਰਿਹੁ ਤਿਨਿ ਦੀਆ ਤਾਲਾ*
*ਕੁੰਜੀ ਗੁਰ ਸਉਪਾਈ ॥*
*ਅਨਿਕ ਉਪਾਵ ਕਰੇ ਨਹੀ ਪਾਵੈ*
*ਬਿਨੁ ਸਤਿਗੁਰ ਸਰਣਾਈ ॥* *ਅੰਗ - ੨੦੫*

ਹੁਣ ਤਾਲਾ ਤਾਂ ਲਗਾ ਦਿਤਾ। ਹੁਣ ਗੁਰੂ ਕੋਲ ਤਾਂ ਜਾਂਦਾ ਨਹੀਂ, ਕਹਿੰਦਾ ਤੀਰਥ ਕਰ ਲਊਂ, ਦਾਨ ਕਰ ਲਊਂ, ਜਪ ਕਰ ਲਊਂ, ਤਪ ਕਰ ਲਊਂ, ਕਰ ਲੈ ਜੋ ਕੁਛ ਕਰਨਾ ਹੈ ਇਹ ਤਾਂ ਗੁਰੂ ਤੋਂ ਬਗੈਰ ਖੁਲ੍ਹਣਾ ਹੀ ਨਹੀਂ ਹੈ। ਕਿਉਂਕਿ ਕੁੰਜੀ ਉਹਦੇ ਕੋਲ ਹੈ। ਜੇ ਜਿੰਦਾ ਜੰਗਾਲ ਜਾਵੇ ਫੇਰ ਆਪ ਕੀ ਕਰਦੇ ਹਾਂ। ਪਹਿਲਾਂ ਉਹਦੇ ਵਿਚ ਮਿੱਟੀ ਦਾ ਤੇਲ ਪਾਉਂਦੇ ਹਾਂ। ਉਹ ਉਸ ਵਿਚ ਜਾ ਕੇ ਜੰਗਾਲ ਨੂੰ ਕੱਟਦੈ, ਫੇਰ ਅਸੀਂ ਝੜਾਂ ਨੂੰ ਮਿਲਾਉਂਦੇ ਹਾਂ, ਝੜਾਂ ਫੇਰ ਹਿੱਲਜੁਲ (movement) ਕਰਨ ਲਗ ਜਾਂਦੀਆਂ ਨੇ।

*' ਚਲਦਾ...........।'*

***(ਵੀਡੀਓ ਫਿਲਮ ਦੀਵਾਨ ਨੰ: 118)***

# ਚਿਤ ਨਾ ਭਯੋ ਹਮਰੋ ਆਵਨ ਕਹ
## (ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰੂ ਚੇਲਾ)

*ਸੰਤ ਵਰਿਆਮ ਸਿੰਘ ਜੀ,*
*ਬਾਨੀ, ਟਰੱਸਟ ਰਤਵਾੜਾ ਸਾਹਿਬ*

ਸ਼ਾਨ...............................................................।

*ਸਤਿਨਾਮੁ ਸ੍ਰੀ ਵਾਹਿਗੁਰੂ,*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ!*

*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ ॥*
*ਅੰਗ - ੨੫੬*

*ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥*
*ਅੰਗ - ੨੮੯*

*ਧਾਰਨਾ - ਤੇਰੇ ਨਾਮ ਦਾ ਦਾਨ ਮੇਰੇ ਸਾਹਿਬਾ,*
*ਦੋਵੇਂ ਹੱਥ ਜੋੜ ਮੰਗਦਾ।*

*ਹਰਿ ਸਮਰਥ ਕੀ ਸਰਨਾ ॥*
*ਜੀਉ ਪਿੰਡੁ ਧਨੁ ਰਾਸਿ ਮੇਰੀ*
*ਪ੍ਰਭ ਏਕ ਕਾਰਨ ਕਰਨਾ ॥ ੧ ॥*
*ਸਿਮਰਿ ਸਿਮਰਿ ਸਦਾ ਸੁਖੁ ਪਾਈਐ ਜੀਵਣੈ ਕਾ ਮੂਲੁ ॥*
*ਰਵਿ ਰਹਿਆ ਸਰਬਤ ਠਾਈ ਸੂਖਮੋ ਅਸਥੂਲ ॥ ੧ ॥*
*ਆਲ ਜਾਲ ਬਿਕਾਰ ਤਜਿ ਸਭਿ ਹਰਿ ਗੁਨਾ ਨਿਤ ਗਾਉ ॥*
*ਕਰ ਜੋੜਿ ਨਾਨਕੁ ਦਾਨੁ ਮਾਂਗੈ ਦੇਹੁ ਅਪਨਾ ਨਾਉ ॥*
*ਅੰਗ - ੯੮੮*

*ਧਾਰਨਾ - ਪਿਆਰੇ ਜੀ, ਦੋਵੇਂ ਹੱਥ ਜੋੜ ਮੰਗਦਾ,*
*ਮੈਨੂੰ ਦੇਵਹੁ ਆਪਣਾ ਨਾਮ।*
*ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ*
*ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ...........॥*
*ਧਾਰਨਾ - ਸੁਣ ਲਓ ਪਿਆਰਿਓ ਕਥਾ, ਦਸਵੇਂ ਗੁਰਾਂ ਦੀ।*

ਸਾਧਸੰਗਤ ਜੀ! ਗੱਜ ਕੇ ਬੋਲਣਾ ਸਤਿਨਾਮੁ ਸ੍ਰੀ ਵਾਹਿਗੁਰੂ। ਕਾਰੋਬਾਰ ਸੰਕੋਚਦੇ ਹੋਏ ਆਪ ਗੁਰੂ ਦਰਬਾਰ 'ਚ ਪਹੁੰਚੇ ਓਂ। ਅੱਜ ਮਹਾਨ ਪਵਿੱਤਰ ਦਿਹਾੜਾ ਸਾਰੇ ਸੰਸਾਰ ਵਾਸਤੇ ਜਾਂ ਐਉਂ ਸਮਝ ਲਓ ਸਾਰੀ ਪ੍ਰਕ੍ਰਿਤੀ ਵਾਸਤੇ ਕਿ ਅੱਜ ਦੇ ਦਿਨ ਉਹ ਮਹਾਂ ਪਿਆਰ ਕਰਨ ਵਾਲੇ, ਦਰਦਾਂ ਦੇ ਭਰੇ ਦਿਲਾਂ ਵਾਲੇ ਗੁਰੂ ਦਸ਼ਮੇਸ਼ ਪਿਤਾ ਦਾ ਪ੍ਰਕਾਸ਼ ਹੋਇਆ। ਉਸ ਉਤਸਵ ਨੂੰ ਮਨਾਉਣ ਵਾਸਤੇ ਆਪ ਕਾਰੋਬਾਰ ਸੰਕੋਚਦੇ ਹੋਏ ਦੂਰ ਦਰਾਜ਼ ਤੋਂ ਅਨੇਕਾਂ ਕਿਸਮ ਦੀਆਂ ਸਵਾਰੀਆਂ ਦੇ ਰਾਹੀਂ ਗੁਰੂ ਦਰਬਾਰ 'ਚ ਪਹੁੰਚੇ ਓਂ। ਸੋ ਹੁਣ ਜੋ ਥੋੜ੍ਹਾ ਸਮਾਂ ਆਪਾਂ ਨੂੰ ਪ੍ਰਾਪਤ ਹੋਇਆ ਹੈ, ਉਹ ਧਿਆਨ ਦੇ ਕੇ ਚਿੱਤ ਬਿਰਤੀਆਂ ਨੂੰ ਇਕਾਗਰ ਕਰਕੇ ਪੂਰਾ-ਪੂਰਾ ਲਾਭ ਉਠਾਓ। ਜਦੋਂ ਅਸੀਂ ਨੇਤਰਾਂ ਦੇ ਨਾਲ ਗੁਰੂ ਸਰੂਪ ਦਾ ਦਰਸ਼ਨ ਕਰਾਂਗੇ, ਕੰਨਾਂ ਦੇ ਨਾਲ ਗੁਰੂ ਉਸਤਤ, ਗੁਰੂ ਜਸ ਸਰਵਣ ਕਰਾਂਗੇ, ਰਸਨਾ ਦੇ ਨਾਲ ਸ਼ਬਦ 'ਚ ਬੋਲਾਂਗੇ। ਹਿਰਦੇ ਵਿਚ ਵਿਚਾਰ ਕਰਾਂਗੇ। ਉਸ ਵੇਲੇ ਮਹਾਰਾਜ ਫੁਰਮਾਨ ਕਰਦੇ ਨੇ ਫਲ ਕੀ ਹੁੰਦਾ ਹੈ? -

*ਕਈ ਕੋਟਿਕ ਜਗ ਫਲਾ ਸੁਣਿ ਗਾਵਨਹਾਰੇ ਰਾਮ ॥*
*ਅੰਗ - ੫੪੬*

ਕਈ ਕਰੋੜ ਜਗਾਂ ਦਾ ਫਲ ਮਿਲ ਜਾਂਦਾ ਹੈ। ਜਿਹਨੇ ਕੁਛ ਮੰਗਣਾ ਹੈ ਮੰਗ ਲਓ। ਪਰ ਇਹ ਜਿਹੜਾ ਤਰੀਕਾ ਦੱਸਿਆ ਹੈ ਇਹ ਵਰਤ ਕੇ, ਚਿੱਤ ਬਿਰਤੀ ਇਕਾਗਰ ਹੋ ਜਾਵੇ। ਗੁਰੂ ਦੇ ਨਾਲ ਬਿਰਤੀ ਜੁੜ ਜਾਵੇ, ਮੰਗ ਲਓ ਸੰਸਾਰ ਮੰਗ ਲਓ। ਸੰਸਾਰ ਮੰਗਣ ਦੇ ਨਾਲ ਤਾਂ ਕੁਛ ਵਿਗੜਦਾ ਹੀ ਨਹੀਂ ਹੈ। ਕੁਛ ਨਹੀਂ ਘਟਦਾ -

*ਸਾਚੇ ਸਾਹਿਬਾ ਕਿਆ ਨਾਹੀ ਘਰਿ ਤੇਰੈ ॥*
*ਘਰਿ ਤ ਤੇਰੈ ਸਭੁ ਕਿਛੁ ਹੈ ਜਿਸੁ ਦੇਹਿ ਸੁ ਪਾਵਏ ॥*
*ਅੰਗ - ੯੧੭*

ਲੇਕਿਨ ਮੰਗਣਾ ਕੀ ਹੈ, ਨਾਮ ਮੰਗੋ ਉਸ ਤੋਂ। ਬਾਕੀ ਨੂੰ ਤਾਂ ਮਹਾਰਾਜ ਕਹਿੰਦੇ -

*ਆਲ ਜਾਲ ਬਿਕਾਰ ਤਜਿ ਸਭਿ ਹਰਿ ਗੁਨਾ ਨਿਤ ਗਾਉ ॥*
*ਕਰ ਜੋੜਿ ਨਾਨਕੁ ਦਾਨੁ ਮਾਂਗੈ ਦੇਹੁ ਅਪਨਾ ਨਾਉ ॥*
*ਅੰਗ - ੯੮੮*

ਬਾਕੀਆਂ ਨੂੰ ਛੱਡ ਦੇ ਆਲ ਜਾਲ ਨੂੰ। ਕੁਛ ਨਹੀਂ ਹੈ। ਹਰੀ ਦੇ ਗੁਣ ਗਾਓ।

ਸੋ ਗੁਰੂ ਮਹਾਰਾਜ ਦਸ਼ਮੇਸ਼ ਪਿਤਾ ਦੀਆਂ ਖੁਸ਼ੀਆਂ ਅੱਜ ਸੰਸਾਰ ਦੇ ਉਤੇ ਬੇਅੰਤ-ਬੇਅੰਤ ਨੇ। ਸੋ ਉਨ੍ਹਾਂ ਦੇ ਜੀਵਨ ਦੇ ਕੁਛ ਪੱਖਾਂ ਦੀ ਵਿਚਾਰ ਕਰਨ ਵਾਸਤੇ ਆਪਾਂ ਇੱਥੇ ਆਏ ਹਾਂ, ਧਿਆਨ ਦੇ ਨਾਲ ਸਰਵਣ ਕਰਿਓ ਕਿਉਂਕਿ ਗੁਰੂ ਦਸਵੇਂ ਪਾਤਸ਼ਾਹ ਦਾ ਸਮੁੱਚਾ ਜੀਵਨ ਕਹਿਣ ਵਾਸਤੇ ਕੋਈ ਵੀ ਦੁਨੀਆਂ ਦੇ ਅੰਦਰ ਨਹੀਂ ਆਇਆ ਜਿਹੜਾ ਸਮਰੱਥ ਹੋਵੇ। ਆਪ ਨੇ

ਜ਼ਿੰਦਗੀ ਦੇ ਹਰ ਪੱਖ ਦੇ ਵਿੱਚ ਕੁਝ ਨਾ ਕੁਝ ਕੀਤਾ ਹੈ। ਰਸਤਾ ਦਿਖਾਇਆ ਹੈ ਹਰ ਪੱਖ ਦੇ ਵਿੱਚ। ਸੋ ਐਨੇ ਪੱਖ ਨੇ ਦੁਨੀਆਂ ਦੇ ਅੰਦਰ ਕਿ ਵਿਚਾਰ ਨਹੀਂ ਕੀਤੀ ਜਾ ਸਕੀ। ਲਿਟਰੇਚਰ ਕਿੰਨਾ ਰਚਿਆ ਹੈ ਕਿ ਓਹਦਾ ਹਿਸਾਬ ਕਿਤਾਬ ਹੀ ਨਹੀਂ ਲਾਇਆ ਜਾ ਸਕਦਾ। 102 ਲਿਖਾਰੀ ਗੁਰੂ ਮਹਾਰਾਜ ਦੇ ਦਰਬਾਰ ਵਿੱਚ ਸਨ। 52 ਕਵੀ ਤੇ 50 ਲਿਖਣ ਵਾਲੇ। ਹਰ ਵਕਤ ਉਨ੍ਹਾਂ ਦਾ ਕੰਮ ਸੀ ਕਿ ਲਿਖਦੇ ਰਹਿਣਾ, ਲਿਖਦੇ ਰਹਿਣਾ। ਸਾਰੇ ਪੁਰਾਣੇ ਗ੍ਰੰਥ ਅਰਬੀ ਦੇ, ਪਸ਼ਤੋ ਦੇ, ਸੰਸਕ੍ਰਿਤ ਦੇ, ਹਿੰਦੀ ਦੇ, ਹੋਰ ਅਨੇਕਾਂ ਭਾਸ਼ਾਵਾਂ ਦੇ ਜੋ ਉਸ ਵੇਲੇ ਭਾਰਤ ਵਰਸ਼ ਵਿੱਚ ਪ੍ਰਚਲਿਤ ਸਨ, ਗੁਰੂ ਮਹਾਰਾਜ ਨੇ ਉਨ੍ਹਾਂ ਸਾਰਿਆਂ ਦਾ ਅਨੁਵਾਦ ਕੀਤਾ। ਲੇਕਿਨ ਇਹ ਦੂਸਰੀ ਗੱਲ ਹੈ ਕਿ ਸਾਡੇ ਹੱਥ 'ਚੋਂ ਨਿਕਲ ਗਏ ਤੇ ਅੱਜ ਅਸੀਂ ਗੁਰੂ ਦਸਵੇਂ ਪਾਤਸ਼ਾਹ ਦਾ ਲਿਖਿਆ ਹੋਇਆ ਨਾ ਪੜ੍ਹ ਸਕਦੇ ਹਾਂ ਨਾ ਸਮਝ ਸਕਦੇ ਹਾਂ। ਸਮਾਂ ਨਹੀਂ ਸਾਡੇ ਕੋਲ। ਕਿਉਂਕਿ ਬਹੁ ਭਾਸ਼ਾ 'ਚ ਲਿਖਿਆ ਹੋਇਆ ਹੋਣ ਕਰਕੇ ਵਿਦਵਾਨ ਪੁਰਸ਼ ਤਾਂ ਸਮਝ ਜਾਂਦਾ ਹੈ ਦੂਸਰੇ ਆਮ ਪੁਰਸ਼ ਨੂੰ ਨਹੀਂ ਪਤਾ ਲਗਦਾ ਕਿ ਮਹਾਰਾਜ ਨੇ ਐਨੇ ਔਖੇ ਲਫਜ਼ ਲਿਆਂਦੇ ਕਿੱਥੋਂ ਅਰ ਲੱਖਾਂ ਦੀ ਤਾਦਾਦ 'ਚ। ਕਿਸੇ ਬੰਦੇ ਦੇ ਪੰਜ ਹਜ਼ਾਰ ਡਿਕਸ਼ਨਰੀ ਦਾ ਸ਼ਬਦ ਯਾਦ ਹੋਵੇ, ਉਹ great-great person (ਅਤੀ ਮਹਾਨ ਪੁਰਸ਼) ਗਿਣਿਆ ਜਾਂਦਾ ਹੈ। ਲੇਕਿਨ ਗੁਰੂ ਦਸ਼ਮੇਸ਼ ਪਿਤਾ ਦੇ ਸ਼ਬਦ ਵੱਖਰੇ-ਵੱਖਰੇ ਕਰਕੇ ਰੱਖੋ ਪਤਾ ਹੀ ਨਹੀਂ ਲਗਦਾ ਕਿ ਐਨੇ ਅੱਖਰ ਆ ਕਿੱਥੋਂ ਗਏ। ਸੋ ਇਸ ਕਰਕੇ ਉਨ੍ਹਾਂ ਦੀ ਮਹਾਨਤਾ ਹਰ ਪਾਸੇ ਹੈ। ਸੋ ਮਹਾਰਾਜ ਇਹ ਕਹਿੰਦੇ ਨੇ ਕਿ ਸਾਡਾ ਆਉਣਾ ਕਿਵੇਂ ਹੋਇਆ। ਹੁਣੇ ਇੱਥੇ ਪਹਿਲਾਂ ਸ਼ਬਦ ਪੜ੍ਹਿਆ ਜਾ ਰਿਹਾ ਸੀ ਤੇ ਮਹਾਰਾਜ ਆਪਣੇ ਹੱਥਾਂ ਨਾਲ ਲਿਖਦੇ ਨੇ, ਕਿਸੇ ਦੀ ਸੁਣੀ ਸੁਣਾਈ ਬਾਤ ਨਹੀਂ ਹੈ, ਗੁਰੂ ਮਹਾਰਾਜ ਨੇ ਆਪਣੀ ਗੱਲ ਆਪ ਲਿਖੀ ਹੈ, ਆਪ ਫੁਰਮਾਨ ਕਰਦੇ ਨੇ -

*ਅਬ ਮੈ ਅਪਨੀ ਕਥਾ ਬਖਾਨੋ।*
*ਤਪ ਸਾਧਤ ਜਿਹਿ ਬਿਧਿ ਮੋਹਿ ਆਨੋ।*

ਪਿਛਲੇ ਜਨਮ ਦੇ ਅੰਦਰ ਮੈਂ -

*ਹੇਮ ਕੁੰਟ ਪਰਬਤ ਹੈ ਜਹਾਂ।*
*ਸਪਤ ਸ੍ਰਿੰਗ ਸੋਭਿਤ ਹੈ ਤਹਾਂ।*
*ਤਹ ਹਮ ਅਧਿਕ ਤਪੱਸਿਆ ਸਾਧੀ।*
*ਮਹਾਕਾਲ ਕਾਲਿਕਾ ਅਰਾਧੀ।*

ਕਹਿੰਦੇ ਉਹ ਜਿਹੜਾ ਪਰਬਤ ਸੀ ਉਥੇ ਅਸੀਂ ਤਪ ਕਰ ਰਹੇ ਸੀ।

*ਹੇਮ ਕੁੰਟ ਪਰਬਤ ਹੈ ਜਹਾਂ।*
*ਸਪਤ ਸ੍ਰਿੰਗ ਸੋਭਿਤ ਹੈ ਤਹਾਂ।*

ਸੱਤ ਚੋਟੀਆਂ ਸੋਭਦੀਆਂ ਨੇ, ਪਤਾ ਦਿੱਤਾ ਤੇ ਉਨ੍ਹਾਂ ਨੂੰ ਸਪਤ ਸ੍ਰਿੰਗ ਕਹਿੰਦੇ ਨੇ। ਦੂਸਰੀ ਨਿਸ਼ਾਨੀ ਇਹ ਦਿੱਤੀ ਕਿ ਉਸ ਥਾਂ ਦੇ ਉਤੇ ਜਦੋਂ ਮਹਾਂਭਾਰਤ ਦਾ ਯੁੱਧ ਜਿੱਤਿਆ ਗਿਆ ਤਾਂ ਉਸ ਵੇਲੇ ਪਾਂਡਵਾਂ ਨੇ ਰਾਜ ਕਰਿਆ ਸਾਰਾ। ਰਾਜਸੀ ਯੱਗ ਕਰਿਆ। ਸਾਰਾ ਹਿੰਦੋਸਤਾਨ ਭਾਰਤ ਵਰਸ਼ ਉਨ੍ਹਾਂ ਦੇ ਅਧਿਕਾਰ ਦੇ ਥੱਲੇ ਆ ਗਿਆ। ਉਸ ਵੇਲੇ ਹਿੰਦੋਸਤਾਨ ਜਿਹਨੂੰ ਭਾਰਤ ਕਹਿੰਦੇ ਸੀ ਉਦੋਂ ਇਹਦੇ ਵਿੱਚ ਈਰਾਨ, ਬ੍ਰਹਮਾ, ਅਰਬ, ਲੰਕਾ ਵਗੈਰਾ ਵੀ ਵਿੱਚ ਹੁੰਦਾ ਸੀ। ਅੱਡ ਰਾਜ ਨਹੀਂ ਸੀ ਹੁੰਦੇ। ਸਾਰਾ ਪਹਾੜ ਹੁੰਦਾ ਸੀ। ਉਹਦਾ ਰਾਜ ਲੈ ਕੇ ਚਿੱਤ ਨਾ ਉਨ੍ਹਾਂ ਦਾ ਲੱਗਿਆ। ਉਦਾਸ ਹੋ ਗਏ। ਉਹ ਬੰਦੇ ਨਜ਼ਰ ਨਹੀਂ ਆਉਂਦੇ ਜਿਨ੍ਹਾਂ ਨੂੰ ਜਾ ਕੇ ਨਮਸ਼ਕਾਰਾਂ ਕਰਿਆ ਕਰਦੇ ਸੀ। ਨਾ-ਸ਼ਸਤਰ ਗੁਰੂ ਦਰੋਣਾਚਾਰੀਆ ਨਜ਼ਰ ਆ ਰਿਹਾ ਹੈ, ਨਾ ਭੀਸ਼ਮ ਪਿਤਾਮਾ ਕੁਲ ਦਾ ਦਾਦਾ ਨਜ਼ਰ ਆ ਰਿਹਾ ਹੈ। ਨਾ ਕੋਈ ਹੋਰ ਚੰਗੇ-ਚੰਗੇ ਰਾਜੇ, ਜਿਨ੍ਹਾਂ ਨਾਲ ਮਿਤਰਤਾ ਸੀ ਕੋਈ ਨਜ਼ਰ ਨਹੀਂ ਆ ਰਿਹਾ। ਇਸ ਲੜਾਈ ਦੇ ਅੰਦਰ 45 ਲੱਖ ਬੰਦਾ ਯੁੱਧ ਕਰਨ ਵਾਸਤੇ ਆਇਆ ਜਿਹਨੂੰ 18 ਕੂਹਣੀਆਂ ਕਹਿੰਦੇ ਸੀ, 45 ਲੱਖ ਦੇ ਵਿਚੋਂ ਸਿਰਫ ਸੱਤ ਬੰਦੇ ਬਚੇ ਸੀ, ਬਾਕੀ ਸਾਰੇ ਮਾਰੇ ਗਏ। ਬਹਾਦਰ ਸੂਰਮੇ ਆਪਣੇ ਵੀ ਤੇ ਉਨ੍ਹਾਂ ਦੇ ਵੀ ਮਾਰੇ ਗਏ। ਐਨੇ ਬੰਦਿਆਂ ਦਾ ਜਦ ਖੂਨ ਹੋ ਜਾਵੇ, ਤਖਤ ਤਾਂ ਫੇਰ ਇਹ ਖੂਨ ਦਾ ਬਣਿਆ ਹੋਇਆ ਤਖਤ ਹੋ ਗਿਆ, ਉਹਦੇ ਉਤੇ ਜੀਅ ਕੀ ਲੱਗਣਾ ਹੈ, ਉਦਾਸ ਹੋ ਗਏ ਤੇ ਇਸਦੇ ਪਸ਼ਚਾਤਾਪ ਵਾਸਤੇ, ਪਰਾਸ਼ਚਿਤ ਵਾਸਤੇ ਉਨ੍ਹਾਂ ਨੇ ਵੱਡਾ ਭਾਰਾ ਯੱਗ ਕਰਿਆ। ਉਹਦੇ ਨਾਲ ਵੀ ਦਿਲ ਨਾ ਲੱਗਿਆ, ਕਿਉਂਕਿ ਆਪਣੇ ਵੀ ਪੁੱਤਰ ਮਾਰੇ ਗਏ ਸਭ। ਪੰਜ ਪੁੱਤਰ ਇੱਕ ਮਾਰੇ ਗਏ ਤੇ ਇੱਕ ਅਰਜਨ ਦਾ ਪੁੱਤਰ ਮਾਰਿਆ ਗਿਆ। ਸੋ ਦਿਲ ਨਾ ਲੱਗਿਆ, ਉਹ ਤਪ ਕਰਨ ਵਾਸਤੇ ਇਨ੍ਹਾਂ ਪਰਬਤਾਂ 'ਤੇ ਚਲੇ ਗਏ। ਦਰੋਪਤੀ ਨਾਲ ਚਲੀ ਗਈ, ਪੰਜੋ ਪਾਂਡਵ ਚਲੇ ਗਏ ਤੇ ਉਸ ਤੋਂ ਬਾਅਦ ਇਤਿਹਾਸ

ਵਿਚ ਉਨ੍ਹਾਂ ਦਾ ਕਿਤੇ ਨਾਮ ਨਹੀਂ ਆਉਂਦਾ। ਕਿਸੇ ਨੇ ਮੁੜ ਕੇ ਦੇਖੇ ਨਹੀਂ। ਕਿਸੇ ਪੱਤਰੇ 'ਤੇ ਨਹੀਂ ਆਉਂਦਾ ਕਿ ਉਹ ਮੁੜ ਕੇ ਆ ਗਏ ਸੰਸਾਰ ਦੇ ਅੰਦਰ। ਉਥੇ ਹੀ ਉਨ੍ਹਾਂ ਦੇ ਸਰੀਰ ਬਰਫਾਂ 'ਚ ਗਲ ਗਏ। ਸੋ ਮਹਾਰਾਜ ਕਹਿੰਦੇ ਉਹ ਜਗ੍ਹਾ ਹੈ –

*ਪੰਡੁ ਰਾਜ ਜਹ ਜੋਗ ਕਮਾਵਾ।*
*ਤਹ ਹਮ ਅਧਿਕ ਤਪੱਸਿਆ ਸਾਧੀ।*
*ਮਹਾਕਾਲ ਕਾਲਿਕਾ ਅਰਾਧੀ।*

ਜਿਹੜਾ ਕਾਲ ਦਾ ਵੀ ਕਾਲ ਕਰਨ ਵਾਲਾ ਮਹਾਂਕਾਲ ਹੈ, time & space ਨੂੰ ਵੀ ਜਿਹੜਾ ਖਤਮ ਕਰ ਦਿੰਦਾ ਹੈ, ਇਹ ਗੱਲ ਸਾਇੰਟੇਫਿਕ ਹੈ, ਆਪਣੇ ਸਮਝ ਆਉਣ ਤੋਂ ਬਾਹਰਲੀ ਬਾਤ ਹੈ। ਸਾਇੰਸ ਨੂੰ ਵੀ ਨਹੀਂ ਪਤਾ ਕਿ ਸਮਾਂ ਵੀ ਕਦੇ ਖਤਮ ਹੋ ਜਾਂਦਾ ਹੈ? ਲੇਕਿਨ ਹੁਣ ਪਤਾ ਲੱਗ ਗਿਆ ਕਿ ਸਮਾਂ ਪੈਦਾ ਕੀਤਾ ਗਿਆ ਹੈ, space (ਪੁਲਾੜ) ਵੀ ਬਣਾਈ ਗਈ ਹੈ। ਵਾਹਿਗੁਰੂ ਵਿੱਚ ਨਾ space ਹੈ ਨਾ ਸਮਾਂ ਹੈ। ਦੋਵੇਂ ਚੀਜ਼ਾਂ ਨਹੀਂ ਹਨ, ਇਹ ਤਾਂ ਸਾਡੇ ਕੋਲ ਸਮਾਂ ਹੈ, ਸਾਡੀ ਉਮਰ ਘਟਦੀ ਹੈ, ਬਚਪਨ ਹੁੰਦਾ ਹੈ, ਜਵਾਨ ਹੁੰਦੇ ਹਾਂ, ਬੁਢਾਪਾ ਆ ਜਾਂਦਾ ਹੈ, ਮਰ ਜਾਂਦੇ ਹਾਂ। ਸਮੇਂ ਦਾ ਸਾਡੇ ਉਤੇ ਅਸਰ ਹੁੰਦਾ ਹੈ। ਲੇਕਿਨ ਮਹਾਂਕਾਲ 'ਤੇ ਸਮੇਂ ਦਾ ਅਸਰ ਨਹੀਂ ਹੁੰਦਾ। ਮਹਾਰਾਜ ਕਹਿੰਦੇ ਜਿਹੜਾ ਕਾਲ ਦਾ ਵੀ ਮਹਾਂਕਾਲ ਹੈ ਅਸੀਂ ਉਹਦੀ ਤਪਸਿਆ ਸਾਧੀ ਹੈ ਤੇ ਵਾਹਿਗੁਰੂ ਦਾ ਐਨਾ ਭਜਨ ਕਰਿਆ, ਐਨਾ ਨਾਮ ਜਪਿਆ, ਐਨੇ ਪਿਆਰ ਦੇ ਵਿੱਚ ਅਸੀਂ ਗੁਲਤਾਨ ਹੋ ਗਏ ਸਾਨੂੰ ਆਪਣੀ ਸੁੱਧ ਬੁੱਧ ਕੋਈ ਨਾ ਰਹੀ ਤੇ ਸਾਨੂੰ ਜਿਹੜਾ ਮੈਂ ਸੀ, ਮੇਰਾ ਆਪਾ ਰੱਬ ਵਰਗਾ ਹੀ ਹੋ ਗਿਆ, ਰੱਬ ਉਹਦੇ ਵਿੱਚ ਰਲ ਗਿਆ, ਮੇਰੇ ਦੋ ਰੂਪ ਨਾ ਰਹੇ ਤੇ ਮੈਂ ਅਕਾਲ ਦੇ ਨਾਲ ਰਲ ਗਿਆ।

*ਧਾਰਨਾ – ਹੋ ਗਿਆ ਇੱਕ ਰੂਪ, ਆਪਾ ਨਾਲ ਅਕਾਲ ਦੇ।*
*ਇਹ ਬਿਧਿ ਕਰਤ ਤਪੱਸਿਆ ਭਯੋ।*
*ਦ੍ਵੈ ਤੇ ਏਕ ਰੂਪ ਹੈ ਗਯੋ।*
*ਤਾਤ ਮਾਤ ਮੁਰ ਅਲਖ ਅਰਾਧਾ।*
*ਬਹੁ ਬਿਧਿ ਜੋਗ ਸਾਧਨਾ ਸਾਧਾ।*
*ਤਿਨ ਜੋ ਕਰੀ ਅਲਖ ਕੀ ਸੇਵਾ।*
*ਤਾ ਤੇ ਭਏ ਪ੍ਰਸੰਨ ਗੁਰ ਦੇਵਾ।*
*ਤਿਨ ਪ੍ਰਭ ਜਬ ਆਇਸ ਮੁਹਿ ਦੀਆ।*
*ਤਬ ਹਮ ਜਨਮ ਕਲੂ ਮਹਿ ਲੀਆ।*

ਗੁਰੂ ਮਹਾਰਾਜ ਕਹਿਣ ਲੱਗੇ ਕਿ ਅਸੀਂ ਤਪ ਕਰ ਰਹੇ ਸੀ। ਹੁਣ ਮੇਰਾ ਤੇ ਵਾਹਿਗੁਰੂ ਦਾ ਇੱਕੋ ਹੀ ਰੂਪ ਹੋ ਗਿਆ–

*ਜਿਉ ਜਲ ਮਹਿ ਜਲੁ ਆਇ ਖਟਾਨਾ ॥*
*ਤਿਉ ਜੋਤੀ ਸੰਗਿ ਜੋਤਿ ਸਮਾਨਾ ॥ ਅੰਗ – ੨੭੮*

ਜਿਵੇਂ ਦਰਿਆ ਜਾ ਕੇ ਸਮੁੰਦਰ 'ਚ ਪੈ ਜਾਵੇ, ਫੇਰ ਉਸ ਦਰਿਆ ਨੂੰ ਜੇ ਭਾਲੀਏ ਕਿ ਕਿੱਥੇ ਕੁ ਚਲਿਆ ਗਿਆ ਉਹ ਤਾਂ ਉਹਦੇ ਨਾਲ ਰਲ ਗਿਆ। ਜੋਤ ਦੇ ਨਾਲ ਜੋਤ ਰਲ ਗਈ। ਕਹਿੰਦੇ ਐਨਾ ਡੂੰਘਾ ਧਿਆਨ ਚਲਿਆ ਗਿਆ, ਐਨੀ ਸਰੂਪ ਦੇ ਵਿੱਚ ਪਹੁੰਚ ਹੋ ਗਈ, ਵਾਸਾ ਮਿਲ ਗਿਆ ਕਿ ਇੱਕੋ ਰੂਪ ਬਣ ਗਿਆ ਸੀ। ਇਧਰਲੇ ਪਾਸੇ ਜੋ ਸਾਡੇ ਮਾਤਾ ਸੀ ਉਨ੍ਹਾਂ ਨੇ ਬਹੁਤ ਘੋਰ ਤਪਸਿਆ ਕਰੀ ਸੀ, ਇਸ ਜਨਮ ਦੇ ਅੰਦਰ 26 ਸਾਲ ਮਾਤਾ ਗੁਜਰੀ ਜੀ ਗੁਰੂ ਨੌਂਵੇਂ ਪਾਤਸ਼ਾਹ ਮਹਾਰਾਜ ਭੌਰੇ ਵਿੱਚ ਤਪ ਕਰਦੇ ਸੀ ਤੇ ਆਪ ਦਰਵਾਜ਼ੇ 'ਤੇ ਬੈਠੇ ਰਹਿੰਦੇ ਸੀ। ਜਿੰਨਾਂ ਨਾਮ ਉਨ੍ਹਾਂ ਨੇ ਜਪਿਆ, ਓਨਾਂ ਹੀ ਮਾਤਾ ਜੀ ਨੇ ਜਪਿਆ, ਮਾਤਾ ਜੀ ਕੋਈ ਘੱਟ ਨਹੀਂ ਸੀਗੇ। ਬੰਦਗੀ ਦੇ ਵਿੱਚ ਕੋਈ ਕਸਰ ਨਹੀਂ ਸੀ। ਦੋਹਾਂ ਨੇ ਕਹਿੰਦੇ ਵਾਹਿਗੁਰੂ ਦੀ ਅਰਾਧਨਾ ਕਰੀ, ਕਈ ਤਰੀਕਿਆਂ ਨਾਲ ਭਜਨ ਬੰਦਗੀ ਕਰੀ, ਇਸ ਜਨਮ ਵਿੱਚ ਵੀ ਤੇ ਪਹਿਲੇ ਵਿੱਚ ਵੀ। ਸੋ ਉਸ ਵੇਲੇ ਹੋਰ ਕੋਈ ਮਾਂ ਨਹੀਂ ਸੰਸਾਰ ਦੇ ਅੰਦਰ ਕੋਈ ਵੀ ਜਿਹੜੀ ਗੁਰੂ ਦਸਵੇਂ ਪਾਤਸ਼ਾਹ ਨੂੰ ਜਨਮ ਦੇ ਦਿੰਦੀ। ਕਿਉਂਕਿ ਤਪ ਵਾਲੀ ਮਾਂ ਹੋਵੇ ਤਾਂ ਮਹਾਂਪੁਰਸ਼ਾਂ ਦਾ ਜਨਮ ਹੋਇਆ ਕਰਦਾ ਹੈ। ਕੋਈ ਵੱਡਾ ਗੁਣ ਹੋਣਾ ਚਾਹੀਦਾ ਹੈ ਮਾਂ ਵਿੱਚ। ਉਸ ਦੀ ਕੁੱਖ 'ਚ ਆ ਕੇ ਨਿਵਾਸ ਕਰਦੀਆਂ ਨੇ ਵੱਡੀਆਂ ਰੂਹਾਂ, ਇਸੇ ਕਰਕੇ ਉਹ ਮਾਵਾਂ ਨੂੰ ਧੰਨ ਕਹਿੰਦੇ ਨੇ ਕਿ ਧੰਨ ਹੈ ਤੂੰ, ਤੇਰੇ ਤਪ ਕਰਕੇ ਜਨਮ ਲਿਆ ਹੈ ਇਸਨੇ। ਤਪ ਤੋਂ ਹੀਣੀ ਮਾਂ ਦੇ ਹੋਰ ਤਰ੍ਹਾਂ ਦੇ ਪੁੱਤਰ ਹੁੰਦੇ ਨੇ ਨਾਸਤਕ ਵਗੈਰਾ। ਇਸੇ ਕਰਕੇ ਉਹਨੂੰ ਕਹਿੰਦੇ ਨੇ ਕਿ ਤੂੰ ਵਿਧਵਾ ਹੋ ਜਾਂਦੀ ਤਾਂ ਚੰਗਾ ਸੀ। ਐਸੇ ਪੁੱਤਰਾਂ ਦਾ ਜਨਮ ਤਾਂ ਨਾ ਹੁੰਦਾ ਜਿਹੜੇ ਸੰਸਾਰ ਨੂੰ ਖਰਾਬ ਕਰਦੇ ਨੇ।

*ਤਿਨ ਜੋ ਕਰੀ ਅਲਖ ਕੀ ਸੇਵਾ।*
*ਤਾ ਤੇ ਭਏ ਪ੍ਰਸੰਨ ਗੁਰ ਦੇਵਾ।*

ਵਾਹਿਗੁਰੂ ਪ੍ਰਸੰਨ ਹੋ ਗਿਆ –

*ਤਿਨ ਪ੍ਰਭ ਜਬ ਆਇਸ ਮੁਹਿ ਦੀਆ।*

*ਤਬ ਹਮ ਜਨਮ ਕਲੂ ਮਹਿ ਲੀਆ।*

ਮੈਨੂੰ ਹੁਕਮ ਦੇ ਦਿੱਤਾ ਕਿ ਤੁਸੀਂ ਸੰਸਾਰ 'ਚ ਜਾਓ ਹੁਣ। ਅਸੀਂ ਕਿਸੇ ਕਰਮ ਦੇ ਬੰਨ੍ਹੇ ਹੋਏ ਨਹੀਂ ਆਏ। ਸਾਨੂੰ ਅਕਾਲ ਪੁਰਖ ਨੇ ਭੇਜਿਆ ਹੈ ਤੇ ਬਹੁਤ ਗੱਲਾਂ ਸਮਝਾ ਕੇ ਭੇਜਿਆ ਹੈ। ਸੰਸਾਰ ਦੀ ਹਾਲਤ ਦੇਖ ਕੇ ਕਿ ਇਸ ਵੇਲੇ ਜੋ ਕਲਜੁਗ ਦਾ ਜ਼ੋਰ ਚੱਲ ਰਿਹਾ ਹੈ ਇਹਦੇ ਵਿੱਚ ਦੋ ਪੱਖ ਨੇ, ਇੱਕ ਤਾਂ ਉਹ ਸੀ ਜੋ ਰੂਹਾਨੀ ਪੱਖ ਸੀ, ਪਾਖੰਡ ਵਗੈਰਾ; ਉਹ ਤਾਂ ਗੁਰੂ ਨਾਨਕ ਸਾਹਿਬ ਤੋਂ ਲੈ ਕੇ ਦੱਸ ਜਾਮਿਆਂ 'ਚ, ਨੌਂ ਜਾਮਿਆਂ 'ਚ ਜੋਤ ਨੇ ਕੰਮ ਕਰਕੇ ਭਰਮ ਤੇ ਵਹਿਮ ਹਟਾ ਦਿੱਤੇ ਸੀ, ਹੁਣ ਇੱਕ ਐਸੇ ਜਾਮੇ ਦੀ ਲੋੜ ਸੀ ਜਿਹੜਾ ਅਮੋੜ ਬੰਦਿਆਂ ਨੂੰ ਵੀ ਮੋੜ ਸਕੇ। ਜਿਸਦਾ ਜਲਵਾ ਜਿਸਦਾ ਰੋਹਬ ਉਨ੍ਹਾਂ ਦੇ ਉਤੇ ਵੀ ਕਾਇਮ ਹੋ ਜਾਵੇ। ਸੋ ਅਕਾਲ ਪੁਰਖ ਨੇ ਇਸ ਤਰ੍ਹਾਂ ਦੀਆਂ ਗੱਲਾਂ ਸਮਝਾ ਕੇ ਜਦੋਂ ਭੇਜਿਆ, ਮਹਾਰਾਜ ਕਹਿੰਦੇ –

*ਚਿਤ ਨਾ ਭਯੋ ਹਮਰੋ ਆਵਨ ਕਹ।*
*ਚੁਭੀ ਰਹੀ ਸੁਰਤਿ ਪ੍ਰਭ ਚਰਨਨ ਮਹ।*

ਕਿਉਂਕਿ ਪਰਮ ਅਨੰਦ ਨੂੰ ਛੱਡ ਕੇ ਜਦੋਂ ਅਸੀਂ ਨਾਟਕ ਦੇਖਿਆ ਬਈ ਯੁੱਧ ਹੀ ਯੁੱਧ ਨੇ, ਥਾਂ-ਥਾਂ 'ਤੇ ਤੁਰੇ ਫਿਰਨਾ ਹੈ, ਬੱਚੇ ਵੀ ਸ਼ਹੀਦ ਕਰ ਦੇਣੇ ਨੇ, ਪਿਤਾ ਵੀ ਸ਼ਹੀਦ ਕਰਾ ਦੇਣਾ ਹੈ, ਮਾਤਾ ਵੀ ਸ਼ਹੀਦ ਕਰਾ ਦੇਣੇ ਨੇ, ਬੇਅੰਤ ਪਿਆਰੇ ਜਿਹੜੇ ਸਿੰਘ ਨੇ, ਸਾਥੀ ਨੇ ਉਹ ਸਭ ਸ਼ਹੀਦ ਹੋ ਜਾਣੇ ਨੇ ਤੇ ਭੁੰਜੇ ਸੌਣਾ ਹੈ, ਰੋੜਾਂ ਦੀ ਸੇਜ 'ਤੇ, ਸਾਰਾ ਜਦੋਂ ਹਾਲ ਦੇਖਿਆ, ਮਹਾਰਾਜ ਕਹਿੰਦੇ ਉਸ ਵੇਲੇ ਸਾਡੇ ਚਿੱਤ ਵਿੱਚ ਪ੍ਰਭੂ ਦੇ ਪਿਆਰ ਦਾ ਜੋ ਅਨੰਦ ਸੀ ਉਹਨੂੰ ਛੱਡਣ ਨੂੰ ਜੀਅ ਨਾ ਕਰਿਆ।

*ਚਿਤ ਨਾ ਭਯੋ ਹਮਰੋ ਆਵਨ ਕਹ।*
*ਚੁਭੀ ਰਹੀ ਸ੍ਰੁਤਿ ਪ੍ਰਭ ਚਰਨਨ ਮਹ।*
*ਜਿਉ ਤਿਉ ਪ੍ਰਭ ਹਮ ਕੋ ਸਮਝਾਯੋ।*
*ਇਮ ਕਹਿ ਕੇ ਇਹ ਲੋਕ ਪਠਾਯੋ।*

ਜਿਵੇਂ ਤਿਵੇਂ ਸਮਝਾਉਣਾ ਕੀਤਾ ਕਿ ਹੁਣ ਤੁਹਾਨੂੰ ਜਾਣਾ ਹੀ ਪੈਣਾ ਹੈ ਤੇ ਜਦੋਂ ਮੈਂ ਇਧਰ ਦੇਖ ਲਵਾਂ ਉਸ ਵੇਲੇ ਇਧਰਲਾ ਬਹੁਤ ਬੁਰਾ ਹਾਲ ਹੈ, ਬੜਾ ਹੀ ਜ਼ਾਲਮ ਬਾਦਸ਼ਾਹ ਸੰਸਾਰ ਦੇ ਪਟ 'ਤੇ ਔਰੰਗਜ਼ੇਬ ਆਇਆ ਹੋਇਆ ਹੈ ਜਿਹਨੇ ਇਹ ਪ੍ਰਣ ਕਰ ਲਿਆ ਸੀ ਕਿ ਸਵਾ ਮਣ ਜਨੇਊ ਜਦੋਂ ਤੱਕ ਨਹੀਂ ਲਹਿੰਦੇ ਮੈਂ ਖਾਣਾ ਨਹੀਂ ਖਾਣਾ। ਆਪਣੇ ਪਿਤਾ ਨੂੰ ਕਤਲ ਕਰਾ ਦਿੱਤਾ, ਭਰਾਵਾਂ ਨੂੰ ਕਤਲ ਕਰਾ ਦਿੱਤਾ। ਵੱਡੇ-ਵੱਡੇ ਸਰਮੱਦ ਵਰਗੇ ਪੀਰਾਂ ਨੂੰ ਕਤਲ ਕਰਾ ਦਿਤਾ। ਮੁਸਲਮਾਨਾਂ ਨੂੰ ਵੀ ਕਰਾ ਦਿੱਤਾ ਹਿੰਦੂ ਸੰਤਾਂ ਨੂੰ ਵੀ ਕਰਾ ਦਿੱਤਾ। ਜ਼ੋਰ ਜ਼ਬਰ ਦੇ ਨਾਲ ਚਲਾਉਂਦਾ ਸੀ ਆਪਣੀ ਮਰਜ਼ੀ ਦੇ ਮੁਤਾਬਿਕ ਜਿਹੜੇ ਸਾਧੂ ਸੀ ਸੁਤੰਤਰ ਹੁੰਦੇ ਨੇ ਚਾਹੇ ਉਹ ਕਿਸੇ ਵੀ ਧਰਮ ਦੇ ਹੋਣ। ਉਨ੍ਹਾਂ ਨੂੰ ਜੇ ਕੋਈ ਆਪਣੀ ਮਰਜ਼ੀ ਨਾਲ ਚਲਾਵੇ ਤਾਂ ਜ਼ਬਰ ਹੋ ਜਾਇਆ ਕਰਦਾ ਹੈ। ਜੋ ਸੂਫੀ ਪੀਰ ਸਨ ਉਹ ਪ੍ਰਮੇਸ਼ਰ ਦਾ ਨੂਰ ਸਭ ਵਿੱਚ ਦੇਖਦੇ ਸਨ। ਸਾਰਿਆਂ ਦੇ ਅੰਦਰ ਪ੍ਰਭੂ ਦੀ, ਅੱਲਾਹ ਦੀ ਜੋਤ ਦੇਖਦੇ ਸੀ। ਸੋ ਉਨ੍ਹਾਂ ਨੂੰ ਵੀ ਉਹ ਲਾਈਨਾਂ 'ਚੋਂ ਬਾਹਰ ਨਹੀਂ ਸੀ ਨਿਕਲਣ ਦਿੰਦਾ। ਗਿਆਨ ਦੀ ਅਵਸਥਾ 'ਚ ਨਹੀਂ ਸੀ ਪਹੁੰਚਣ ਦਿੰਦਾ। ਜਦੋਂ ਇਹ ਸਾਰਾ ਹਾਲ ਦੇਖਿਆ corruption (ਭ੍ਰਿਸ਼ਟਾਚਾਰ) ਹੀ corruption ਹੋ ਗਈ ਤੇ ਹੋ ਵੀ ਧਰਮ ਦੇ ਨਾਉਂ 'ਤੇ ਹੋ ਗਈ, ਜਦੋਂ ਧਰਮ ਦੇ ਨਾਉਂ 'ਤੇ ਬੰਦੇ ਮਾਰੇ ਜਾਣ ਲੱਗ ਜਾਣ ਫੇਰ ਬਚਾਉ ਕਿੱਥੇ ਹੋਇਆ ਕਰਦਾ ਹੈ, ਕਿਤੇ ਵੀ ਨਹੀਂ ਹੋਇਆ ਕਰਦਾ। ਮਹਾਰਾਜ ਕਹਿੰਦੇ ਜੇ ਪਰਮਾਰਥ ਵਾਸਤੇ ਹੀ ਪਾਪ ਕਰਨ ਲਗ ਜਾਵੇ, ਫੇਰ ਤਾਂ ਧਰਮਰਾਜ ਡਰ ਕੇ ਅਕਾਲ ਪੁਰਖ ਕੋਲ ਚਲਿਆ ਜਾਂਦਾ ਹੈ, ਕਿਉਂ ਡਰਦਾ ਹੈ, ਕਿਉਂਕਿ ਉਹ ਐਨਾ ਵੱਡਾ ਅਪਰਾਧ ਕਰ ਦਿੰਦੇ ਨੇ ਧਰਮ ਦੇ ਨਾਮ 'ਤੇ ਕਿ ਧਰਮਰਾਜ ਨੂੰ ਇਹ ਨਹੀਂ ਪਤਾ ਲਗਦਾ ਹੈ ਕਿ ਇਨ੍ਹਾਂ ਨੂੰ ਕਿਹੜੇ ਨਰਕ ਵਿੱਚ ਮੈਂ ਸੁੱਟਾਂ। ਅਕਾਲ ਪੁਰਖ ਨੂੰ ਪੁੱਛਦੇ ਨੇ ਕਿ ਮੈਨੂੰ ਕੋਈ ਨਵਾਂ ਨਰਕ ਬਣਾ ਕੇ ਦਿਓ, ਪਹਿਲੇ ਨਰਕ ਜਿਹੜੇ ਨਿੰਦਕਾਂ ਦੇ, ਹਤਿਆਰਿਆਂ ਦੇ, ਠੱਗਾਂ ਦੇ ਚੋਰਾਂ ਦੇ, ਬੇਮੁੱਖਾਂ ਦੇ ਉਨ੍ਹਾਂ 'ਚ ਇਨ੍ਹਾਂ ਦੀ ਥਾਂ ਨਹੀਂ ਹੈ। ਇਨ੍ਹਾਂ ਨੇ ਧਰਮ ਦੇ ਨਾਉਂ 'ਤੇ ਪਾਪ ਕਰੇ ਨੇ, ਲੇਕਿਨ ਪਾਪ ਕਰਨ ਵਾਲਾ ਇਹ ਸਮਝਦਾ ਹੈ ਕਿ ਮੈਂ ਪੁੰਨ ਕਰਿਆ ਹੈ। ਫਰਕ ਐਨਾ ਹੀ ਸੀ ਸੋਚ ਦਾ ਸਾਰਾ ਹੀ।

ਸੋ ਮਹਾਰਾਜ ਕਹਿੰਦੇ ਇਹ ਸਾਰੀਆਂ ਚੀਜ਼ਾਂ ਦੇਖ ਕੇ ਸਾਡਾ ਚਿੱਤ ਨਾ ਕਰੇ, ਉਸ ਵੇਲੇ ਅਕਾਲ ਪੁਰਖ ਨੇ ਸਾਨੂੰ ਹੁਕਮ ਦਿੱਤਾ ਇਸ ਤਰ੍ਹਾਂ ਦੇ ਨਾਲ ਪੜ੍ਹੋ ਪਿਆਰ ਨਾਲ –

*ਧਾਰਨਾ – ਮੈ ਅਪਨਾ ਸੁਤ ਤੁਹਿ ਨਿਵਾਜਾ*
*ਧਰਮ ਚਲਾਓ ਜਗ 'ਤੇ।*
*ਮੈ ਅਪਨਾ ਸੁਤ ਤੁਹਿ ਨਿਵਾਜਾ*

*ਪੰਥ ਪ੍ਰਚੁਰ ਕਰਬੇ ਕਉ ਸਾਜਾ।*
*ਜਹਾ ਤਹਾ ਤੈ ਧਰਮੁ ਚਲਾਇ।*
*ਕਬੁਧਿ ਕਰਨ ਤੇ ਲੋਕ ਹਟਾਇ।*

*ਅਕਾਲ ਪੁਰਖ ਬਾਚ॥ ਚੌਪਈ॥*

ਕਹਿਣ ਲੱਗੇ ਮੈਂ ਆਪ ਨੂੰ ਆਪਣਾ ਪੁੱਤਰ ਨਿਵਾਜ ਕੇ ਭੇਜ ਰਿਹਾ ਹਾਂ, ਨਿਵਾਜਿਸ਼ ਪਹਿਲਾਂ ਹੋਈ ਹੈ।

ਸੰਸਾਰ ਦੇ ਉਤੇ ਬਹੁਤ ਮਹਾਂਪੁਰਖ ਆਏ ਨੇ, ਜਦੋਂ ਤੋਂ ਸੰਸਾਰ ਰਚਿਆ ਹੈ ਉਦੋਂ ਤੋਂ ਆਉਂਦੇ ਹੀ ਰਹਿੰਦੇ ਨੇ ਤੇ ਜੇ ਅਸੀਂ ਵੱਡਿਆਂ-ਵੱਡਿਆਂ ਦੇ ਬਾਰੇ ਪੜ੍ਹੀਏ ਤਾਂ ਈਸਾਈ ਧਰਮ ਦੇ ਜੋ ਮੁਖੀ ਸਨ, ਈਸਾ ਜੀ, ਉਨ੍ਹਾਂ ਨੂੰ ਪ੍ਰਮੇਸ਼ਰ ਦਾ ਸੁਨੇਹਾ ਇੱਕ ਫਰਿਸ਼ਤੇ ਦੇ ਰਾਹੀਂ ਪ੍ਰਾਪਤ ਹੋਇਆ ਤੇ ਨਾਲ ਪ੍ਰਮੇਸ਼ਰ ਵਲੋਂ ਸ਼ਕਤੀ ਆਈ। ਫਰਿਸ਼ਤੇ ਨੇ ਆ ਕੇ ਕਿਹਾ ਕਿ ਤੁਸੀਂ ਆਹ ਕੰਮ ਸੰਸਾਰ ਦੇ ਉਤੇ ਕਰੋ। ਨੇਕ ਕੰਮ, ਨੇਕ ਬੁੱਧੀ ਦੁਨੀਆਂ ਨੂੰ ਬਖਸ਼ੋ। ਇਸੇ ਤਰ੍ਹਾਂ ਇਸਲਾਮ ਦੇ ਪੈਗੰਬਰ ਮੁਹੰਮਦ ਸਾਹਿਬ ਜੀ ਨੂੰ ਫਰਿਸ਼ਤੇ ਦੇ ਰਾਹੀਂ ਸੁਨੇਹਾ ਆਇਆ। ਉਸ ਤੋਂ ਬਾਅਦ ਉਨ੍ਹਾਂ ਨੂੰ ਬੁਲਾਇਆ ਗਿਆ। ਸੱਤਵੇਂ ਅਸਮਾਨ 'ਤੇ ਪ੍ਰਮੇਸ਼ਰ ਦੇ ਆਮ੍ਹਣੇ-ਸਾਮ੍ਹਣੇ ਗੱਲਬਾਤ ਹੋਈ। ਹੋਰ ਬੇਅੰਤ ਮਹਾਤਮਾ ਹੋਏ ਨੇ ਵੱਡਿਆਂ-ਵੱਡਿਆਂ ਦਾ ਮੈਂ ਜ਼ਿਕਰ ਕਰਦਾ ਹਾਂ। ਗੁਰੂ ਦਸ਼ਮੇਸ਼ ਪਿਤਾ ਨੂੰ ਦਰਗਾਹ ਦੇ ਵਿੱਚ ਜਦੋਂ ਤੁਰਨ ਤੋਂ ਪਹਿਲਾਂ ਨਿਵਾਜਿਸ਼ ਹੋਈ। ਈਸਾ ਜੀ ਨੂੰ ਪ੍ਰਮੇਸ਼ਰ ਕਹਿੰਦੇ ਨੇ, ਜਦੋਂ ਉਨ੍ਹਾਂ ਨੇ ਸੰਸਾਰ ਦਾ ਕੰਮ ਦੇਖਿਆ ਕਿ ਬਹੁਤ ਜ਼ਾਲਮ ਨੇ, ਬਾਦਸ਼ਾਹ ਤਾਂ ਸੁਣਦੇ ਹੀ ਨਹੀਂ ਕਿਸੇ ਦੀ ਗੱਲ ਉਸ ਵੇਲੇ ਆਇਆ ਕਿ ਮੈਂ ਤੈਨੂੰ ਆਪਣਾ ਪੁੱਤਰ ਬਣਾਉਂਦਾ ਹਾਂ। ਪੁੱਤਰ ਦੀ ਪਦਵੀ ਦਿੰਦਾ ਹਾਂ।

ਗੁਰੂ ਦਸ਼ਮੇਸ਼ ਪਿਤਾ ਨੂੰ ਜਦੋਂ ਤੋਰਿਆ ਹੈ ਸੰਸਾਰ 'ਤੇ ਉਸ ਵੇਲੇ ਇਹ ਗੱਲ ਕਹੀ –

*ਮੈ ਅਪਨਾ ਸੁਤ ਤੁਹਿ ਨਿਵਾਜਾ।*

ਮੈਂ ਆਪਣਾ ਪੁੱਤਰ ਨਿਵਾਜ ਕੇ ਤੈਨੂੰ ਭੇਜਦਾ ਹਾਂ। ਵੈਸੇ ਪ੍ਰਮੇਸ਼ਰ ਦਾ ਕੋਈ ਪੁੱਤਰ ਨਹੀਂ, ਸਾਰੇ ਹੀ ਪੁੱਤਰ ਨੇ ਜਿੰਨਾਂ ਸੰਸਾਰ ਹੈ। ਨਾ ਕੋਈ ਮਾਂ ਹੈ ਉਹਦੀ, ਨਾ ਕੋਈ ਪਿਉ ਹੈ, ਨਾ ਕੋਈ ਭਰਾ ਹੈ, ਨਾ ਕੋਈ ਪੁੱਤਰ ਹੈ। ਉਹ ਨਿਵਾਜਦਾ ਹੈ। ਪੁੱਤਰ ਦਾ ਦਰਜਾ ਦਿੰਦਾ ਹੈ। ਕਹਿੰਦੇ ਮੈਂ ਪੁੱਤਰ ਦਾ ਦਰਜਾ ਦੇ ਕੇ ਭੇਜਦਾ ਹਾਂ। ਉਥੇ ਜਾ ਕੇ ਧਰਮ ਚਲਾਉਣਾ ਹੈ, ਧਰਮ ਦੀ ਗੱਲ ਹੁਣ ਸਮਝ 'ਚ ਨਹੀਂ ਆਉਂਦੀ ਸਾਡੇ ਕਿ ਧਰਮ ਕਿਹੜਾ ਚਲਾਉਣਾ ਸੀਗਾ। ਇੱਕ ਪਾਸੇ ਤਾਂ ਇਸੇ ਕਥਾ ਦੇ ਅੰਦਰ ਗੁਰੂ ਮਹਾਰਾਜ ਆਪਣੇ ਦਸਤ-ਏ-ਮੁਬਾਰਕ ਨਾਲ ਲਿਖਦੇ ਨੇ ਕਿ ਜਿੰਨੇ ਵੀ ਸਿਆਣੇ ਆਏ ਉਨ੍ਹਾਂ ਨੇ ਆਪਣਾ-ਆਪਣਾ ਧਰਮ ਚਲਾ ਦਿੱਤਾ। ਰੱਬ ਦਾ ਰਾਹ ਨਾ ਕਿਸੇ ਨੇ ਦੱਸਿਆ ਤੇ ਆਪਣੇ ਆਪ ਨੂੰ ਵਿੱਚ ਰੱਖ ਲਿਆ ਕਿ ਮੈਨੂੰ ਵੀ ਮੰਨੋ। ਮੇਰੇ ਰਾਹੀਂ ਤੁਸੀਂ ਰੱਬ ਕੋਲ ਪਹੁੰਚ ਸਕਦੇ ਓਂ ਤੇ ਜਦੋਂ ਆਪ ਨੇ ਇਹ ਗੱਲ ਕਹਿ ਦਿੱਤੀ ਤਾਂ ਫੇਰ ਕਿਹੜਾ ਧਰਮ ਰਹਿ ਗਿਆ। ਜਦੋਂ ਇੱਕ ਪਾਸੇ ਤਾਂ ਹੁਕਮ ਹੈ ਕਿ ਆਪਣੇ ਪਿੱਛੇ ਨਹੀਂ ਕੋਈ ਲਾਉਣਾ। ਮਹਾਰਾਜ ਕਹਿੰਦੇ ਦੇਖੋ ਅਸੀਂ ਆਪਣੇ ਪਿੱਛੇ ਨਹੀਂ ਲਾਉਂਦੇ –

*ਜੋ ਹਮ ਕੋ ਪਰਮੇਸਰ ਉਚਰਿ ਹੈਂ।*
*ਤੇ ਸਭ ਨਰਕ ਕੁੰਡ ਮਹਿ ਪਰਿ ਹੈਂ।*
*ਮੋ ਕੋ ਦਾਸ ਤਵਨ ਕਾ ਜਾਨੋ।*
*ਯਾ ਮੈ ਭੇਦ ਨ ਰੰਚ ਪਛਾਨੋ।*

*ਅਕਾਲ ਪੁਰਖ ਬਾਚ॥ ਚੌਪਈ॥*

ਦੇਖਿਓ ਮੈਨੂੰ ਨਾ ਕਿਤੇ ਰੱਬ ਕਹਿਣ ਲੱਗ ਜਾਇਓ ਕਿਤੇ ਭੁੱਲ ਕੇ, ਪ੍ਰਮੇਸ਼ਰ ਤਾਂ ਓਹੀ ਹੈ ਜਿਹੜਾ ਸਾਰੇ ਪਰੀਪੂਰਨ ਹੈ। ਉਹਦੇ ਮੈਂ ਲੜ ਲਾਉਣ ਵਾਸਤੇ ਆਇਆ ਹਾਂ ਤੇ ਇੱਕ ਰਸਤਾ ਪ੍ਰਚਲਤ ਕਰਨ ਵਾਸਤੇ ਆਇਆ ਹਾਂ ਜਿਹਨੂੰ ਧਰਮ ਦਾ ਰਾਹ ਕਹਿੰਦੇ ਨੇ। ਧਰਮ ਦੇ ਰਾਹ ਦੀਆਂ values (ਕੀਮਤਾਂ) ਹੁੰਦੀਆਂ ਨੇ। ਇਨਸਾਨੀ ਕੀਮਤਾਂ ਹੁੰਦੀਆਂ ਨੇ। ਉਹ ਮਨੁੱਖ ਦੇ ਵਿਚੋਂ ਗਾਇਬ ਹੋ ਗਈਆਂ ਸੀ। ਉਹ ਮਨੁੱਖ ਦੇ ਵਿੱਚ ਦੁਬਾਰਾ ਭਰਨੀਆਂ ਸੀ। ਖਿਮਾ ਰਹੀ ਨਹੀਂ, ਦਇਆ ਨਹੀਂ ਸੀ ਰਹੀ, ਸਤਿ ਦਾ ਜੀਵਨ ਨਹੀਂ ਸੀ ਰਿਹਾ, ਅਹਿੰਸਾ ਖਤਮ ਹੋ ਗਈ ਸੀ, ਬ੍ਰਹਮਚਰੀਆ ਨਹੀਂ ਸੀ ਰਿਹਾ, ਤਪ, ਦਾਨ ਨਹੀਂ ਸੀ ਰਿਹਾ, ਸਤਿ, ਸੰਤੋਖ, ਸੀਲ, ਸੌਚ ਨਹੀਂ ਸੀ ਰਹੀ। ਇਹ ਸਾਰੀਆਂ ਜਿਹੜੀਆਂ values (ਕੀਮਤਾਂ) ਨੇ ਇਸ ਤੋਂ ਆਦਮੀ ਖਾਲੀ ਹੋ ਗਿਆ ਸੀ ਅਕਾਲ ਪੁਰਖ ਨੇ ਕਿਹਾ ਕਿ ਮਨੁੱਖ ਖਾਲੀ ਹੋ ਕੇ ਦੁਖੀ ਹੋ ਰਿਹਾ ਹੈ। ਜਦੋਂ ਤੱਕ ਇਹਦੇ ਅੰਦਰ ਇਹ ਗੁਣ ਨਹੀਂ ਹੋਣਗੇ, ਇਹ ਲੰਘੇਗਾ ਨਹੀਂ। ਧਰਮ ਨੂੰ ਇਹਨੇ ਇੱਕ ਰੂਪ-ਰੇਖਾ ਬਣਾ ਲਿਆ। ਧਰਮ ਨੂੰ ਸਮਝਿਆ ਨਹੀਂ ਹੈ, ਜੇ ਗੁਰੂ ਨਾਨਕ ਪਾਤਸ਼ਾਹ ਨੂੰ ਜਨੇਊ ਪਾਉਣ ਵਾਸਤੇ ਆਖਿਆ ਪਾਧੇ ਨੇ, ਇਕੱਠ ਹੋਇਆ ਬਹੁਤ ਵੱਡਾ ਤਾਂ ਗੁਰੂ ਨਾਨਕ ਨੇ ਕਿਹਾ ਕਿ ਆਹ

ਜਨੇਊ ਕੀ ਕੰਮ ਕਰਦਾ ਹੈ, ਧਾਗਾ ਪਾ ਕੇ ਗਲ ਵਿੱਚ ਮੇਰਾ ਕੀ ਬਣ ਜਾਏਗਾ, ਕਹਿੰਦੇ ਯਗੋ ਪਵਿਤ ਜਿਹੜਾ ਪਾਉਣਾ ਹੈ ਇਹਦੇ ਨਾਲ ਤੂੰ ਹਿੰਦੂ ਬਣ ਜਾਏਂਗਾ। ਹਾਲੇ ਤੱਕ ਤੂੰ ਕੁਛ ਵੀ ਨਹੀਂ ਹੈਗਾ ਤੇ ਤੇਰੀ ਜਾਤ ਖੱਤਰੀ ਦੀ ਹੈ ਤੇ ਜਦੋਂ ਜਨੇਊ ਪਾਏਂਗਾ ਤਾਂ ਤੈਨੂੰ ਸਭਾ ਸੁਸਾਇਟੀ ਨੇ ਮਾਣ ਦੇਣਾ ਹੈ, ਨਹੀਂ ਤਾਂ ਤੈਰਾ ਬਾਈਕਾਟ ਕਰ ਦੇਣਗੇ, ਤੇਰੇ ਨਾਲ ਕਿਸੇ ਨੇ ਬੋਲਣਾ ਨਹੀਂ। ਮਹਾਰਾਜ ਕਹਿੰਦੇ, ਇਹ ਤਾਂ ਫੇਰ ਕੋਈ ਨਹੀਂ, ਧਾਗਾ ਪਾ ਕੇ ਆਦਮੀ ਬਦਲ ਗਿਆ? ਬੰਦਾ ਤਾਂ ਓਹੀ ਡਾਕੇ ਮਾਰਨ ਵਾਲਾ, ਚੋਰੀਆਂ ਕਰਨ ਵਾਲਾ, ਠੱਗੀਆਂ ਕਰਨ ਵਾਲਾ ਤੇ ਇੱਕ ਧਾਗਾ ਪਾ ਲਿਆ ਉਹਨੇ ਗਲ ਵਿੱਚ ਉਹ ਪਵਿੱਤਰ ਹੋ ਗਿਆ? ਕਹਿੰਦੇ ਇਹ ਤਾਂ ਗੱਲ ਪਾਧਾ ਜੀ! ਮਨ ਨੂੰ ਨਹੀਂ ਲਗਦੀ ਕਿ ਧਾਗਾ ਪਾ ਲਓ ਤੇ ਉਹ ਪਵਿੱਤਰ ਹੋ ਗਿਆ। ਜਨੇਊ ਪਾ ਲਿਆ ਤੇ ਉਹ ਪਵਿੱਤਰ ਹੋ ਗਿਆ। ਨਹੀਂ ਕਹਿੰਦੇ, ਇਹਦੇ ਵਿੱਚ ਗੜਬੜ ਹੋਈ ਹੋਈ ਹੈ। ਇਹਦਾ ਮਤਲਬ ਇਹ ਨਹੀਂ ਸੀ, ਇਹ ਤਾਂ ਕੋਈ ਪ੍ਰਤੀਕ ਸੀ ਕਿਸੇ ਚੀਜ਼ ਦਾ ਤੇ ਪਾਧੇ ਨੇ ਕਿਹਾ ਕਿ ਫੇਰ ਉਹ ਜਨੇਊ ਕਿਹੜਾ ਪਾਉਣਾ ਚਾਹੀਦਾ ਹੈ। ਮਹਾਰਾਜ ਕਹਿੰਦੇ ਦੇਖ ਜੇ ਜਨੇਊ ਪਾਉਣਾ ਹੈ ਤਾਂ ਦਇਆ ਦੀ ਕਪਾਹ ਲੈ, ਸੰਤੋਖ ਦਾ ਸੂਤ ਲੈ ਤੇ ਜਤ ਦੀਆਂ ਗੱਠਾਂ ਦੇਹ ਤੇ ਸਤਿ ਦਾ ਵੱਟ ਚਾੜ੍ਹ। ਹੁਣ ਸਤਿ ਦਾ ਜੀਵਨ 'ਤੇ ਜਤ ਇੰਦਰਿਆਂ ਦਾ ਜਤ ਸਾਰਿਆਂ ਦਾ –

*ਪਰ ਤ੍ਰਿਅ ਰੂਪੁ ਨ ਪੇਖੈ ਨੇਤ੍ਰ ॥*

*................................*

*ਕਰਨ ਨ ਸੁਨੈ ਕਾਹੂ ਕੀ ਨਿੰਦਾ ॥* *ਅੰਗ – ੨੭੪*

*ਮਿਥਿਆ ਨਾਹੀ ਰਸਨਾ ਪਰਸ ॥* *ਅੰਗ – ੨੭੪*

ਨਾ ਜ਼ੁਬਾਨ ਦੇ ਉਤੇ ਝੂਠ ਲੱਗੇ, ਨਾ ਕੰਨ ਕਿਸੇ ਦੀ ਨਿੰਦਿਆ ਸੁਣਨ ਤੇ ਨਾ ਜੀਭ ਕਿਸੇ ਦੀ ਨਿੰਦਿਆ ਚੁਗਲੀ ਦੀ ਬਾਤ ਕਰੇ ਤੇ ਨਾ ਅੱਖਾਂ ਬੇਗਾਨਾ ਰੂਪ ਦੇਖ ਕੇ ਆਪਣੇ ਆਪ ਨੂੰ ਛੱਡਣ।

*ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ ॥*

*ਅੰਗ – ੪੭੧*

ਕਹਿੰਦੇ ਜੇ ਤੇਰੇ ਕੋਲ ਇਹ ਹੈਗਾ ਤਾਂ ਮੈਨੂੰ ਦੇ ਦੇ। ਸੋ ਗੁਰੂ ਨਾਨਕ ਵੀ values ਆਦਮੀ ਦੇ ਅੰਦਰ ਪਾਉਣ ਆਏ ਸੀ। ਮਨੁੱਖੀ ਕੀਮਤ (Human values) ਅਲੋਪ ਹੋ ਚੁੱਕੀਆਂ ਸੀ, ਗੁਰੂ ਦਸ਼ਮੇਸ਼ ਪਿਤਾ ਵੀ ਇਹ ਪਾਉਣ ਆਏ ਸੀ ਇਹ ਨਹੀਂ ਸੀ ਕਿ ਮਨੁੱਖ ਦੀ ਸ਼ਕਲ ਬਦਲ ਦਿਓ, ਉਹ ਇਨਸਾਨੀ ਕੀਮਤਾਂ ਆਦਮੀ ਦੇ ਅੰਦਰ ਪਾਉਣ ਆਏ ਸੀ ਤੇ ਪ੍ਰਮੇਸ਼ਰ ਨੇ ਜਿਵੇਂ ਪੈਦਾ ਕੀਤਾ ਸੀ ਮਨੁੱਖ ਨੇ ਉਹਦੇ ਵਿੱਚ ਭੰਨ ਤੋੜ ਕਰ ਲਈ। ਕੇਸ ਜਮਾਂਦਰੂ ਆਉਂਦੇ ਨੇ ਸਾਡੇ, ਅਸੀਂ ਤਾਂ ਨਹੀਂ ਲਾਉਂਦੇ। ਉਹਦੀ ਹੁਕਮ ਅਦੂਲੀ ਕਰ ਲਈ। ਇਹ ਗੱਲ ਸਮਝਾਉਣੀ ਸੀ ਮਹਾਰਾਜ ਨੇ ਸਾਰੀ ਕਿ natural life (ਕੁਦਰਤੀ ਜੀਵਨ) ਕਿਵੇਂ ਜੀਊਂਈ ਜਾਂਦੀ ਹੈ, Nature (ਕੁਦਰਤ) ਦੇ ਨਾਲ ਅਸੀਂ ਕਿਵੇਂ ਰਲ ਕੇ ਚਲ ਸਕਦੇ ਹਾਂ ਕਿਉਂਕਿ ਕੁਦਰਤ ਨੇ ਕੋਈ ਗੱਲ ਗਲਤ ਨਹੀਂ ਕਰੀ। ਉਹ ਸਾਡੇ ਭਲੇ ਵਾਸਤੇ ਹੀ ਕਰਦੀ ਹੈ। ਜੋ ਸਾਡੇ ਸਰੀਰ ਦੀ ਬਣਤਰ, ਜੋ ਬੀਬੀਆਂ ਦੇ ਸਰੀਰ ਦੀ ਬਣਤਰ ਉਹ ਕੁਦਰਤ ਨੇ ਬਣਾਈ ਹੈ, ਇਹਨੂੰ ਭੰਨ-ਤੋੜ ਕਰੀਏ ਫੇਰ ਗਲਤ ਹੋ ਜਾਂਦਾ ਹੈ। ਸੋ ਇਹ ਸਾਰੀਆਂ ਚੀਜ਼ਾਂ, values (ਕਦਰਾਂ-ਕੀਮਤਾਂ) ਦੱਸਣ ਵਾਸਤੇ ਮਹਾਰਾਜ ਨੂੰ ਹੁਕਮ ਹੋਇਆ –

*ਜਹਾ ਤਹਾ ਤੇ ਧਰਮੁ ਚਲਾਇ।*

*ਕਬੁਧਿ ਕਰਨ ਤੇ ਲੋਕ ਹਟਾਇ।*

ਜਿਹੜੀ ਮਾੜੀ ਬੁੱਧੀ ਹੈ ਉਹ ਬੁੱਧੀ ਨੂੰ ਦੂਰ ਕਰੋ, ਜਿਹੜੇ ਗਲਤ ਨਿਹਚੇ ਨੇ ਉਨ੍ਹਾਂ ਨੂੰ ਦੂਰ ਕਰੋ। ਮਹਾਰਾਜ ਕਹਿਣ ਲੱਗੇ, ਜਦੋਂ ਅਸੀਂ ਧਿਆਨ ਕਰਕੇ ਦੇਖਿਆ ਸਾਨੂੰ ਨਜ਼ਰ ਆਇਆ ਕਿ ਹਰੀ ਦੀ ਜੋਤ ਤਾਂ ਅਲੋਪ ਹੋ ਗਈ ਸਾਰਿਆਂ ਦੇ ਹਿਰਦਿਆਂ ਦੇ ਵਿਚੋਂ ਤੇ ਮਾਇਆ ਦਾ ਗੁਬਾਰ ਹਰ ਹਿਰਦੇ ਵਿੱਚ ਛਾਇਆ ਹੋਇਆ –

*ਧਾਰਨਾ – ਜੋਤ ਹਰੀ ਦੀ ਨਜ਼ਰ ਨਾ ਆਵੇ,*

*ਮਾਇਆ ਦਾ ਗੁਬਾਰ ਛਾ ਗਿਆ।*

ਕਿਸੇ ਨੇ ਕਿਹਾ ਕਿ ਸਾਡੇ ਮੰਦਰ ਦੇ ਵਿੱਚ ਰੱਬ ਰਹਿੰਦਾ ਹੈ ਹੋਰ ਕਿਤੇ ਨਹੀਂ, ਕਿਸੇ ਨੇ ਕਿਹਾ ਮਸਜਿਦ ਵਿੱਚ ਰੱਬ ਰਹਿੰਦਾ ਹੋਰ ਬਾਹਰ ਕਿਤੇ ਨਹੀਂ। ਰੱਬ ਤਾਂ ਸਭ ਦੇ ਦਿਲ ਵਿੱਚ ਰਹਿੰਦਾ ਹੈ ਕੋਈ ਥਾਂ ਐਸਾ ਨਹੀਂ ਜਿੱਥੇ ਪ੍ਰਮੇਸ਼ਰ ਨਾ ਹੋਵੇ। ਕਿਸੇ ਨੇ ਰਾਮ ਨੂੰ ਰੱਬ ਕਹਿ ਦਿੱਤਾ, ਕਿਸੇ ਨੇ ਕ੍ਰਿਸ਼ਨ ਮਹਾਰਾਜ ਜੀ ਨੂੰ ਰੱਬ ਕਹਿ ਦਿੱਤਾ, ਕੋਈ ਮੱਛ ਅਵਤਾਰ ਨੂੰ ਮੰਨਦਾ ਹੈ, ਕੋਈ ਕੱਛ ਅਵਤਾਰ ਨੂੰ ਮੰਨਦਾ ਹੈ, ਆਪਣੀ-ਆਪਣੀ ਮਾਨਤਾ ਸ਼ੁਰੂ ਹੋ ਗਈ। ਮਹਾਰਾਜ ਕਹਿੰਦੇ, ਛੱਡ ਦੇ ਚੀਜ਼ਾਂ, ਸਭ ਫੋਕਟ ਨੇ, ਜਿਵੇਂ ਬਦਾਮ ਦਾ ਛਿਲਕਾ ਕੁੱਟ ਕੇ ਕੱਢ ਦੇਈਏ ਬਾਹਰ ਤੇ ਕੋਈ ਸਾਂਭ-ਸਾਂਭ ਕੇ ਰੱਖੀ ਜਾਵੇ, ਉਹਨੂੰ ਸਿਆਣਾ ਤਾਂ ਕਿਹਾ ਨਹੀਂ ਜਾਂਦਾ, ਉਹਨੂੰ ਫੋਕਟ

ਕਹਿੰਦੇ ਨੇ। ਨਿੰਬੂ ਨਿਚੋੜ ਲਿਆ ਤੇ ਉਹ ਫੋਕਟ ਨੂੰ ਸਾਂਭੀ ਫਿਰਦਾ ਹੈ, ਸੰਤਰਾ ਖਾ ਲਿਆ ਫੋਕਟ ਨੂੰ ਸਾਂਭੀ ਫਿਰਦਾ ਹੈ, ਸੇਬ ਖਾ ਲਿਆ ਉਪਰਲੀ ਛਿੱਲ ਨੂੰ ਸਾਂਭੀ ਫਿਰਦਾ ਹੈ। ਮਹਾਰਾਜ ਕਹਿੰਦੇ ਉਹਦਾ ਕੋਈ ਫਾਇਦਾ ਨਹੀਂ। ਜੀਅ ਦੇ ਵਿੱਚ ਜਿਹੜਾ ਸਾਰੀ ਸ੍ਰਿਸ਼ਟੀ ਨੂੰ ਸਾਜਦਾ ਹੈ –

*ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ*
*ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥*

ਉਹਨੂੰ ਤੂੰ ਰੱਬ ਜਾਣ। ਜਿਹੜਾ ਹਰ ਥਾਂ ਦੇ ਉਤੇ ਹੈ ਸੋ ਇਹੀ ਉਪਦੇਸ਼ ਗੁਰੂ ਮਹਾਰਾਜ ਨੇ ਆ ਕੇ ਸਾਨੂੰ ਦਿੱਤਾ ਪੜ੍ਹੋ ਪਿਆਰ ਨਾਲ –

*ਧਾਰਨਾ – ਜਪੋ ਖਾਲਸਾ ਤੁਸੀਂ ਜਾਗਦੀ ਜੋਤ ਨੂੰ।*

*ਜਾਗਤ ਜੋਤਿ ਜਪੈ ਨਿਸ ਬਾਸੁਰ*
*ਏਕ ਬਿਨਾਂ ਮਨ ਨੈਕ ਨ ਆਨੈ॥*
*ਪੂਰਨ ਪ੍ਰੇਮ ਪ੍ਰਤੀਤ ਸਜੈ*
*ਬ੍ਰਤ ਗੋਰ ਮੜੀ ਮਟ ਭੂਲ ਨ ਮਾਨੈ।*
*ਤੀਰਥ ਦਾਨ ਦਇਆ ਤਪ ਸੰਜਮ,*
*ਏਕ ਬਿਨਾ ਨਹਿ ਏਕ ਪਛਾਨੈ॥*
*ਪੂਰਨ ਜੋਤ ਜਗੈ ਘਟ ਮੈ*
*ਤਬ ਖਾਲਸ ਤਾਹਿ ਨਖਾਲਸ ਜਾਨੈ॥*

ਸੰਸਾਰ ਨੂੰ ਦੱਸਿਆ ਗੁਰੂ ਮਹਾਰਾਜ ਨੇ ਆ ਕੇ ਕਿ ਵਾਹਿਗੁਰੂ ਨਾ ਪੱਥਰ ਹੈ, ਨਾ ਕਿਸੇ ਮੰਦਰ ਦੇ ਵਿੱਚ ਕੈਦ ਹੈ, ਨਾ ਮਸਜਿਦ 'ਚ ਕੈਦ ਹੈ, ਨਾ ਕਿਸੇ ਹੋਰ ਧਰਮ ਅਸਥਾਨ 'ਚ ਕੈਦ ਹੈ, ਵਾਹਿਗੁਰੂ ਤਾਂ ਸਾਰੇ ਪਰੀਪੂਰਨ ਹੈ, ਜਿੱਥੇ ਜਾਓ ਉਥੇ –

*ਜਹ ਜਹ ਪੇਖਉ ਤਹ ਹਜੂਰਿ ਦੂਰਿ ਕਤਹੁ ਨ ਜਾਈ ॥*
*ਅੰਗ – ੬੭੭*

ਜਿੱਥੇ ਵੀ ਅਸੀਂ ਜਾਵਾਂਗੇ ਉਹ ਜਾਗ੍ਰਤ ਜੋਤ –

*ਜਿਮੀ ਜਮਾਨ ਕੇ ਬਿਖੈ ਸਮੱਸਤਿ ਏਕ ਜੋਤ ਹੈ॥*
*ਨਾ ਘਾਟ ਹੈ ਨ ਬਾਢ ਹੈ ਨਾ ਘਾਟਿ ਬਾਢਿ ਹੋਤ ਹੈ॥*
*ਅਕਾਲ ਉਸਤਤਿ*

ਉਹ ਤਾਂ ਜਿੱਥੇ ਤੱਕ ਅਸਮਾਨ ਨੇ, ਜਿੱਥੇ ਤੱਕ ਹੈ ਕੋਈ ਕਹਿ ਨਹੀਂ ਸਕਦਾ। ਕਿਉਂਕਿ ਏਧਰ ਆਦਮੀ ਜੇ ਖਿਆਲ ਲਿਆਵੇ ਤਾਂ ਪਤਾ ਨਹੀਂ ਲਗਦਾ, ਮਨ ਗੁੰਝਲਦਾਰ (confuse) ਹੋ ਜਾਂਦਾ ਹੈ ਕਿ ਕਿੱਥੇ ਹੋਇਆ ਅੰਤ, ਉਪਰ ਨੂੰ ਝਾਕੋ ਤਾਂ ਨਹੀਂ ਕਿਤੇ ਅੰਤ, ਸੱਜੇ ਪਾਸੇ ਨੂੰ ਦੇਖੋ ਤਾਂ ਨਹੀਂ ਅੰਤ, ਖੱਬੇ ਨੂੰ ਦੇਖੋ ਤਾਂ ਨਹੀਂ ਅੰਤ, ਸਾਮ੍ਹਣੇ ਨੂੰ ਦੇਖੋ ਤਾਂ ਨਹੀਂ ਅੰਤ, ਪਿੱਠ ਵਲ ਦੇਖੋ ਤਾਂ ਨਹੀਂ ਅੰਤ, ਹੇਠਾਂ ਨੂੰ ਦੇਖੋ ਤਾਂ ਨਹੀਂ ਅੰਤ, ਕਿਤੇ ਹੈ ਹੀ ਨਹੀਂ, ਉਹ ਕਹਿੰਦੇ ਉਹ ਤਾਂ ਜੋਤੀ ਸਾਰੇ ਪਰੀਪੂਰਨ ਹੈ। ਉਹਨੂੰ ਵਾਹਿਗੁਰੂ, ਅੱਲਾਹ, ਰਾਮ ਕੁਛ ਕਹੋ ਉਹਨੂੰ ਕਹੋ।

ਉਹਦੇ ਵਿੱਚ ਕੀ ਪਿਆ ਹੈ, ਆਦਮੀ ਜੀਉਂਦਾ-ਜੀਉਂਦਾ ਕੁਛ ਕਰ ਨਹੀਂ ਸਕਿਆ। ਮੜ੍ਹੀਆਂ ਵਿਚ, ਇੱਟਾਂ ਲਾ ਦਿਓ ਫੇਰ ਉਹਨੂੰ ਮੱਥੇ ਟੇਕੀ ਜਾਓ। ਰੱਬ ਨੂੰ ਕਿਉਂ ਨਹੀਂ ਮੰਨਦੇ, ਜਿਹੜਾ ਸਾਰੇ ਪਰੀਪੂਰਨ ਹੈ, ਜਾਗ੍ਰਤ ਜੋਤ ਹੈ, ਮੁਰਦਾ ਜੇ ਉਹਦੇ 'ਚ ਤਾਕਤ ਹੋਵੇ ਜੀਉਂਦਾ-ਜੀਉਂਦਾ ਹੀ ਕਰ ਲੈਂਦਾ ਹੈ ਸਭ ਕੁਛ। ਉਹਨੂੰ ਕਿਉਂ ਮੱਥੇ ਟੇਕਦੇ ਓਂ ਜਾ ਕੇ, ਆਪੇ ਹੀ ਬਣਾ ਕੇ ਆਪੇ ਹੀ ਡਰੀ ਜਾਂਦੇ ਨੇ। ਮਹਾਰਾਜ ਕਹਿੰਦੇ, ਭੁੱਲ ਕੇ ਵੀ ਨਾ ਕਰਿਓ ਇਹ ਕੰਮ, ਪ੍ਰੇਮੀਓਂ! ਤੁਹਾਡੀ ਪ੍ਰਮੇਸ਼ਰ ਦੇ ਨਾਲ ਦੂਰੀ ਪੈ ਜਾਏਗੀ। ਤੁਹਾਡੇ ਅੰਦਰਲੇ ਪਾਸੇ ਇੱਕ ਹੋਰ ਆ ਵੜੇਗਾ।

*ਧਨ ਪਿਰ ਕਾ ਇਕ ਹੀ ਸੰਗਿ ਵਾਸਾ*
*ਵਿਚਿ ਹਉਮੈ ਭੀਤਿ ਕਰਾਰੀ ॥ ਅੰਗ – ੧੨੬੩*

ਇਹ ਤਾਂ ਅੰਦਰ ਸਾਡੇ ਵਾਹਿਗੁਰੂ ਰਹਿੰਦਾ ਹੈ, ਇੱਕ 'ਮੈਂ' ਰਹਿੰਦਾ ਹੈ, ਜੇ ਇੱਕ ਹੋਰ ਵਾੜ ਲਈਏ ਫੇਰ ਤਾਂ ਗੜਬੜ ਮੱਚਣੀ ਹੀ ਹੈ। ਕਈ ਇੱਥੇ ਕਹਿੰਦੇ ਨੇ ਕਿ ਜੀ ਅਸੀਂ ਫਲਾਣੇ ਥਾਉਂ ਮੱਥਾ ਟੇਕਿਆ, ਫਲਾਣੇ ਥਾਉਂ ਗਏ, ਉਹ ਕਬਰ ਨੂੰ ਟੇਕਿਆ, ਉਹਦੀ ਵੀ ਸ਼ੀਰਨੀ ਦਿੱਤੀ, ਉਹਨੂੰ ਉਹ ਕਰਿਆ, ਮੈਂ ਕਿਹਾ ਤੁਸੀਂ ਇੱਕ ਨੂੰ ਮੰਨੋ, ਕਿਸੇ ਨੂੰ ਵੀ। ਜਿਹੜਾ ਸਮਰੱਥ ਹੈ ਉਹਨੂੰ ਮੰਨੋ, ਉਹ ਪ੍ਰਮੇਸ਼ਰ ਹੈ, ਵਾਹਿਗੁਰੂ ਹੈ ਅੱਲਾਹ ਹੈ, ਰਾਮ ਹੈ, ਉਹਦੀ ਅਰਾਧਨਾ ਕਰੋ, ਜਦੋਂ ਉਹਨੂੰ ਹਿਰਦੇ 'ਚ ਵਸਾ ਲਿਆ ਫੇਰ ਮਹਾਰਾਜ ਕਹਿੰਦੇ, ਫੇਰ ਨਾ ਮੰਨ ਨਾ ਵਰਤਾਂ ਨੂੰ, ਨਾ ਗੋਰਾਂ ਨੂੰ, ਨਾ ਕਬਰਾਂ ਨੂੰ, ਨਾ ਮੜ੍ਹੀਆਂ ਨੂੰ, ਮੱਠਾਂ ਨੂੰ। ਤੀਰਥਾਂ ਦਾ, ਦਾਨਾਂ ਦਾ, ਦਇਆ, ਤਪ, ਸੰਜਮ ਦਾ ਆਸਰਾ ਨਾ ਲਓ। ਵਾਹਿਗੁਰੂ ਨੂੰ ਹੀ ਦੇਖੋ ਸਾਰੇ ਪਰੀਪੂਰਨ। ਜਦੋਂ ਘਟ ਦੇ ਅੰਦਰੋਂ ਹਨ੍ਹੇਰਾ ਦੂਰ ਹੋ ਗਿਆ, ਸਾਰੇ ਇੱਕ ਵਾਹਿਗੁਰੂ ਦਿੱਸਣ ਲੱਗ ਗਿਆ। ਫੇਰ ਕਹਿੰਦੇ ਕੀ ਹੁੰਦਾ ਹੈ, ਮਨੁੱਖ ਓਹੀ ਜਿਹੜਾ ਮੈਲ ਦਾ ਭਰਿਆ ਹੋਇਆ ਸੀ, ਉਹ ਮਨੁੱਖ pure (ਪਵਿੱਤਰ) ਹੋ ਗਿਆ –

*ਤਬ ਖਾਲਸਾ ਤਾਹਿ ਨਖਾਲਸ ਜਾਨੈ।*

ਖਾਲਸਾ ਦੇ ਵਿੱਚੋਂ ਉਹ ਖਾਲਸਾ ਖਾਲਸ ਹੋ ਜਾਂਦਾ

ਹੈ। pure man ਹੋ ਜਾਂਦਾ ਹੈ ਫੇਰ ਉਹਦੀ ਨਿਸ਼ਾਨੀ ਕੀ ਹੈ?

*ਆਤਮ ਰਸ ਜਿਹ ਜਾਨਹੀ, ਸੋ ਹੈ ਖ਼ਾਲਸ ਦੇਵ॥*
*ਪ੍ਰਭ ਮਹਿ ਮੋ ਮਹਿ ਤਾਸ ਮਹਿ ਰੰਚਕ ਨਾਹਨ ਭੇਵ॥*

*(ਸਰਬ ਲੋਹ ਗ੍ਰੰਥ 'ਚੋਂ)*

ਜਿਸਨੇ ਸਾਰੇ ਆਤਮਾ ਪਰੀਪੂਰਨ ਤੱਕ ਲਈ, ਨਿਹਚਾ ਹੋ ਗਿਆ ਜਿਹਦਾ ਕਿ ਵਾਹਿਗੁਰੂ ਆਤਮਾ ਸਾਰੇ ਪਰੀਪੂਰਨ ਹੈ ਤੇ ਉਹਦਾ ਰਸ ਜਿਹਨੂੰ ਆ ਗਿਆ, ਇੱਕ ਤਾਂ ਅਕਲ ਨਾਲ ਸੋਚ ਲਿਆ, ਇੱਕ ਹੁੰਦਾ ਹੈ ਰਸ ਆ ਜਾਣਾ। ਕਹਿੰਦੇ ਉਹ ਖਾਲਸਾ ਹੁੰਦਾ ਹੈ। ਕਿੱਡਾ ਵੱਡਾ ਹੋ ਗਿਆ ਉਹ, ਕਹਿੰਦੇ ਨਾ ਮੇਰੇ ਵਿੱਚ, ਨਾ ਵਾਹਿਗੁਰੂ ਵਿੱਚ, ਨਾ ਉਹਦੇ ਵਿੱਚ ਕੋਈ ਭੇਤ ਨਹੀਂ ਹੈ। ਸੋ ਐਸਾ ਗੁਰੂ ਮਹਾਰਾਜ ਨੇ ਆ ਕੇ ਉਪਦੇਸ਼ ਦਿੱਤਾ, ਐਸਾ ਧਰਮ ਦੇ ਵਿੱਚ ਉਨ੍ਹਾਂ ਨੇ ਇਨਕਲਾਬ ਲਿਆਂਦਾ ਕਿ ਉਨ੍ਹਾਂ ਦਾ ਸਾਰੇ ਬੋਲਬਾਲਾ ਹੋ ਗਿਆ। ਸਭ ਮੰਨਦੇ ਨੇ ਉਨ੍ਹਾਂ ਨੂੰ। ਮਨੁੱਖ ਦੇ ਬਾਰੇ ਉਨ੍ਹਾਂ ਨੇ ਵਿਸ਼ਲੇਸ਼ਣ ਕੀਤਾ ਹੈ ਕਿ ਮਨੁੱਖ ਦੀ ਕੋਈ ਜਾਤ ਨਹੀਂ ਹੋਇਆ ਕਰਦੀ। ਕੋਈ ਜਾਤ ਨਹੀਂ ਮਨੁੱਖ ਦੀ। ਇਹ ਸਾਰੇ ਮਨੁੱਖ ਚਾਹੇ ਇਸਲਾਮ ਦੇ ਵਿੱਚ ਰਹਿਣ ਵਾਲਾ ਹੈ, ਚਾਹੇ ਹਿੰਦੂ ਹੈ, ਚਾਹੇ ਬੋਧੀ ਹੈ, ਚਾਹੇ ਉਹ ਕੋਈ ਵੀ ਹੈ, ਜਾਤ ਇੱਕੋ ਹੀ ਹੈ। ਸੋ ਐਸੇ ਉਪਦੇਸ਼ ਮਹਾਰਾਜ ਨੇ ਆ ਕੇ ਸਾਨੂੰ ਸੰਸਾਰ 'ਤੇ ਦਿੱਤੇ –

*ਧਾਰਨਾ – ਸੁਣ ਗੁਰੂ ਪਿਆਰੇ, ਸੱਚਾ ਅਮਰ ਗੋਬਿੰਦ ਕਾ।*
*ਸੱਚਾ ਅਮਰ ਗੋਬਿੰਦ ਦਾ ਸੁਣ ਗੁਰੂ ਪਿਆਰੇ।*
*ਸਤਿ ਸੰਗਤਿ ਮੇਲਾਪ ਕਰਿ ਪੰਚ ਦੂਤ ਸੰਘਾਰੇ।*
*ਵਿਚਿ ਸੰਗਤਿ ਢੋਈ ਨਾਂ ਲਹਿਨਿ ਜੋ ਖਸਮੁ ਵਿਸਾਰੇ।*
*ਗੁਰਮੁਖਿ ਮੱਥੇ ਉੱਜਲੇ ਸੱਚੇ ਦਰਬਾਰੇ।*
*ਹਰਿ ਗੁਰੁ ਗੋਬਿੰਦ ਧਿਆਈਐ ਸਦ ਅੰਮ੍ਰਿਤ ਵੇਲਾ।*
*ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰੁ ਚੇਲਾ।*

*ਭਾਈ ਗੁਰਦਾਸ ਜੀ, ਵਾਰ ੪੧/੨*

ਕਹਿੰਦੇ, ਪਿਆਰੀ ਸਾਧ ਸੰਗਤ! ਸੁਣੋ ਗੁਰੂ ਦਾ ਅਮਰ। ਕੀ ਕੀਤਾ ਉਨ੍ਹਾਂ ਨੇ, ਕਹਿੰਦੇ 'ਸਤਿਸੰਗਤ ਮਿਲਾਪ ਕਰ' ਸਤਿਸੰਗਤ ਕਹਿੰਦੇ ਨੇ –

*ਸਤਿਸੰਗਤ ਕੈਸੀ ਜਾਣੀਐ ॥*
*ਜਿਥੈ ਏਕੋ ਨਾਮੁ ਵਖਾਣੀਐ ॥* *ਅੰਗ – ੭੨*

ਜਿੱਥੇ ਨਾਮ ਜਪਣ ਵਾਲੇ, ਨਾਮ ਦੀ ਵਿਆਖਿਆ ਕਰਨ ਵਾਲੇ, ਨਾਮ ਦੇ ਰਸੀਏ ਬੈਠਦੇ ਸੀ ਕਹਿੰਦੇ ਉਨ੍ਹਾਂ ਦਾ ਮਿਲਾਪ ਕਰਕੇ ਪੰਚ ਦੂਤ ਸਿੰਘਾਰ ਦਿੱਤੇ। ਪੰਜਾਂ ਦੂਤਾਂ ਨੇ ਸਾਰੇ ਸੰਸਾਰ ਨੂੰ ਲੁੱਟਿਆ ਹੋਇਆ ਹੈ। ਅੰਦਰੋਂ ਹੀ ਦੂਤ ਮਾਰ ਦਿੱਤੇ। ਜਿਹੜੇ ਖਸਮ ਨੇ ਵਿਸਾਰ ਦਿੱਤੇ ਸੰਗਤ ਵਿਚ ਹੁਣ ਪਾਖੰਡ ਨਹੀਂ ਉਨ੍ਹਾਂ ਦਾ ਚਲਦਾ। ਨਾ ਮਸੰਦਾਂ ਦਾ ਚਲਦਾ ਹੈ ਨਾ ਕਿਸੇ ਹੋਰ ਦੀ ਮਿਨਾਪਲੀ ਚਲਦੀ ਹੈ। ਭੇਖ ਦਾ ਨਹੀਂ ਚਲਦਾ, ਰਸਮਾਂ ਦਾ ਨਹੀਂ ਚਲਦਾ। ਕਿਉਂਕਿ ਉਹ ਰਲਦੇ ਨਹੀਂ ਖਸਮ ਦੇ ਵਿਸਾਰੇ ਹੋਏ ਨੇ। ਆਪ ਹੀ ਗੁਰੂ ਤੇ ਆਪ ਹੀ ਚੇਲਾ ਹੈ। ਪਹਿਲਾਂ ਅੰਮ੍ਰਿਤ ਛਕਾਇਆ, ਫੇਰ ਆਪ ਮੰਗਿਆ, ਸੋ ਆਪ ਦੇ ਜੋ ਬਚਪਨ ਦੇ ਕੌਤਕ ਨੇ। ਬੜੇ ਹੀ ਬਚਿੱਤਰ ਕੌਤਕ ਨੇ, ਖਿੱਚ ਪਾਉਣ ਵਾਲੇ ਨੇ।

ਜਿਸ ਵਕਤ ਆਪ ਦਾ ਪ੍ਰਕਾਸ਼ ਹੋਇਆ, ਉਸ ਵੇਲੇ ਅੰਮ੍ਰਿਤ ਵੇਲੇ ਦੀ ਨਮਾਜ਼ ਜਿਹਨੂੰ ਫਜ਼ਰ ਦੀ ਨਮਾਜ਼ ਕਹਿੰਦੇ, ਇੱਥੇ ਘੜਾਮ ਦੇ ਵਿੱਚ ਇੱਕ ਸਮਰੱਥ ਪੁਰਸ਼ ਰਹਿੰਦਾ ਸੀ ਤੇ ਮੈਂ ਹੈਰਾਨ ਹਾਂ ਜੇ ਆਪਾਂ ਇਨਸਾਫ ਨਾਲ ਗੱਲ ਕਰੀਏ ਤਾਂ ਤੁਸੀਂ ਹੈਰਾਨ ਹੋ ਜਾਓਂਗੇ ਕਿ ਉਸ ਸੂਫੀ ਪੀਰ ਨੂੰ ਪ੍ਰਕਾਸ਼ ਹੋਇਆ ਸਿਜਦਾ ਕਰ ਰਿਹਾ ਸੀ ਮਗਰਬ ਨੂੰ, ਪੱਛਮ ਨੂੰ। ਲੇਕਿਨ ਹੈਰਾਨ ਹੁੰਦਾ ਹੈ ਕਿ ਪ੍ਰਕਾਸ਼ ਕਿਸ ਥਾਂ ਤੋਂ ਆ ਰਿਹਾ ਹੈ ਤੇ ਉਸ ਵੇਲੇ ਰੁਖ ਬਦਲ ਲਿਆ, ਮਗਰਬ ਵਲ ਪਿੱਠ ਕਰ ਲਈ, ਪੂਰਬ ਵਲ ਮੂੰਹ ਕਰ ਲਿਆ, ਸਾਰੇ ਮੁਰੀਦ ਹੈਰਾਨ ਹੋ ਰਹੇ ਨੇ ਕਿ ਅੱਜ ਮੁਰਸ਼ਦ ਕੀ ਕਰਨ ਲੱਗ ਗਏ ਸਾਡੇ ਕਿ ਮਗਰਬ ਨੂੰ ਨਮਾਜ਼ ਪੜ੍ਹੀ ਜਾਂਦੀ ਹੈ ਤੇ ਇਹਨੇ ਮਗਰਬ ਦੀ ਥਾਂ ਦੇ ਉਤੇ ਪੂਰਬ ਨੂੰ ਮੂੰਹ ਕਰ ਲਿਆ ਤੇ ਜਿਧਰੋਂ ਸੂਰਜ ਚੜ੍ਹਦਾ ਹੈ ਉਧਰ ਨੂੰ ਮੂੰਹ ਕਰ ਲਿਆ ਇਹ ਤਾਂ ਉਲਟ ਹੋ ਗਿਆ ਤੇ ਉਧਰ ਪਿੱਠ ਹੋ ਗਈ। ਸ਼ੰਕਾ ਮਨ ਵਿੱਚ ਆ ਗਿਆ। ਉਸ ਵੇਲੇ ਉਹ ਨਮਾਜ਼ ਪੜ੍ਹਦਾ ਵਜਦ 'ਚ ਆ ਗਿਆ। ਨਾਪਣ ਲੱਗ ਗਿਆ, ਅਸਮਾਨ ਨੂੰ, ਧਰਤੀ ਨੂੰ ਕਿ ਆਹ ਪ੍ਰਕਾਸ਼ ਕਿੱਥੋਂ ਆ ਰਿਹਾ ਹੈ। ਦੇਖਣ ਲੱਗ ਗਿਆ। ਵਿਮਾਨ ਤੁਰਿਆ ਆ ਰਿਹਾ ਹੈ, ਪ੍ਰਕਾਸ਼ ਹੀ ਪ੍ਰਕਾਸ਼, ਸਾਰੀ ਸ੍ਰਿਸ਼ਟੀ ਦੇ ਵਿੱਚ ਪ੍ਰਕਾਸ਼ ਹੋ ਗਿਆ। ਬੰਦਗੀ ਕਰਨ ਵਾਲਿਆਂ ਨੂੰ ਪਤਾ ਲੱਗ ਜਾਂਦਾ ਹੈ ਕਿ ਅੱਜ ਇਸ ਇਲਾਕੇ ਦੇ ਵਿੱਚ ਕੋਈ ਜੋਤ ਵਾਲਾ ਪੁਰਸ਼ ਪਹੁੰਚਿਆ ਹੈ। ਇਹ ਵੀ ਪਤਾ ਲਗ ਜਾਂਦਾ ਹੈ ਕਿ ਅੱਜ ਕੋਈ ਦੁਸ਼ਟ ਆਤਮਾ ਇੱਥੇ ਆਈ ਹੋਈ ਹੈ। ਨਾਮ ਜਪਣ ਵੇਲੇ ਸਾਰੀ ਚੀਜ਼ ਦੀ ਸੋਝੀ ਹੋ ਜਾਂਦੀ

ਹੈ। ਉਸ ਵੇਲੇ ਬੇਅੰਤ ਸੰਤ ਸੀਗੇ, ਬੜੇ-ਬੜੇ ਸਾਧੂ ਸੀ। ਵੱਡੇ-ਵੱਡੇ ਯੋਗੀ ਸੀ, ਲੇਕਿਨ ਕੋਈ ਵੀ ਨਾ ਦੇਖ ਸਕਿਆ। ਦੇਖਿਆ ਕੀਹਨੇ ਭੀਖਣਸ਼ਾਹ ਨੇ ਦੇਖਿਆ, ਪੀਰ ਨੇ ਦੇਖਿਆ। ਪੀਰ ਨੇ ਦੇਖਿਆ ਕਿ ਕੋਈ ਨੂਰ ਅੱਲਾਹ ਦਾ ਉਤਰ ਰਿਹਾ ਹੈ, ਐਡਾ ਪ੍ਰਕਾਸ਼ ਜਿਹੜਾ ਅੱਜ ਤੱਕ ਨਹੀਂ ਦੇਖਿਆ। ਉਹਨੇ ਨਮਾਜ਼ ਓਧਰ ਪੜ੍ਹੀ ਮੂੰਹ ਕਰਕੇ, ਸਿਜਦਾ ਕਰ ਦਿੱਤਾ। ਹੈਰਾਨ ਹੋ ਗਏ ਮੁਰੀਦ ਕਿ ਇਹ ਪੀਰ ਜੀ ਨੇ ਅੱਜ ਕੀ ਕਰਿਆ ਹੈ। ਜਦੋਂ ਨਮਾਜ਼ ਪੜ੍ਹ ਹਟੇ ਕਹਿਣ ਲੱਗੇ, ਪੀਰ ਜੀ! ਅੱਜ ਤੁਸੀਂ ਕੁਫਰ ਦੀ ਬਾਤ ਕਰੀ ਹੈ। ਸ਼ਰ੍ਹਾ ਦੇ ਉਲਟ ਬਾਤ ਕਰੀ ਹੈ। ਸਾਡੇ ਮਨਾਂ 'ਚ ਸ਼ੰਕੇ ਪੈ ਗਏ ਨੇ, ਆਪ ਸਮਰੱਥ ਪੁਰਸ਼ ਓਂ, ਆਪ ਕ੍ਰਿਪਾ ਕਰਕੇ ਸਾਡਾ ਸ਼ੰਕਾ ਨਵਿਰਤ ਕਰੋ। ਮੁਰੀਦਾਂ ਨੂੰ ਕਹਿਣ ਲੱਗੇ ਕਿ ਅੱਜ ਮੈਂ ਦੂਰੀ ਨਾਪ ਲਈ ਹੈ ਏਥੋਂ, ਸੇਧ ਲੈ ਲਈ ਹੈ ਪੂਰੀ ਤੇ ਮੇਰੀ ਸੇਧ ਵਿੱਚ ਗਲਤੀ ਨਹੀਂ ਕੋਈ ਵੀ ਹੋਣੀ ਤੇ ਓਸ ਥਾਂ ਦੇ ਉਤੇ ਅੱਲਾਹ ਦਾ ਨੂਰ, ਵਾਹਿਗੁਰੂ ਦੀ ਜੋਤ ਪ੍ਰਗਟ ਹੋਈ ਹੈ ਅੱਜ ਤੇ ਮੈਂ ਜਿਸਨੂੰ ਚਾਹੁੰਦਾ ਸੀ ਉਹ ਇੱਥੇ ਆ ਗਿਆ ਧਰਤੀ ਦੇ ਉਤੇ ਤੇ ਮੈਂ ਇਸ ਕਰਕੇ ਉਹਨੂੰ ਪਛਾਣ ਕੇ ਸਿਜਦਾ ਕਰਿਆ ਹੈ। ਲੇਕਿਨ ਸਾਰਿਆਂ ਦੇ ਨਿਹਚੇ ਤਾਂ ਪੱਕੇ ਨਹੀਂ ਹੁੰਦੇ। ਉਸ ਵੇਲੇ ਉਹ ਕਹਿਣ ਲੱਗਿਆ ਕਿ ਹੁਣ ਆਪਾਂ ਛੇਤੀ ਚੱਲੀਏ, ਉਸ ਜੋਤ ਦਾ ਦਰਸ਼ਨ ਕਰੀਏ। ਤਾਂ ਉਸ ਵੇਲੇ ਸਨੇ-ਸਨੇ ਜੋ ਸੇਧ ਲਾਈ ਸੀ ਉਹਦੇ ਉਤੇ ਤੁਰਦਾ ਰਿਹਾ। ਬੜਾ ਕਾਮਲ ਫਕੀਰ ਸੀ ਜਿਹਨੇ ਬਗੈਰ ਨਕਸ਼ੇ ਤੋਂ, ਬਗੈਰ ਜਾਣਨ ਤੋਂ ਸਫਰ ਆਰੰਭ ਦਿੱਤਾ ਤੇ ਪਤਾ ਹੈ ਉਹਨੂੰ ਕਿ ਇੱਥੇ ਹੈ ਜੋਤ। ਜੋਤ ਧਿਆਨ ਵਿੱਚ ਹੈ। ਚਲਦਾ-ਚਲਦਾ ਬਿਹਾਰ ਵਿੱਚ ਪਹੁੰਚਿਆ, ਕਈ ਮਹੀਨੇ ਲੱਗ ਗਏ ਉਹਨੂੰ ਚਲਦੇ ਨੂੰ। ਉਥੇ ਜਾ ਕੇ ਗੁਰੂ ਮਹਾਰਾਜ ਦਾ ਜਿਸ ਥਾਂ 'ਤੇ ਨਿਵਾਸ ਸੀ, ਗੁਰੂ ਨੌਵੇਂ ਪਾਤਸ਼ਾਹ ਤਾਂ ਆਸਾਮ ਵਲ ਗਏ ਹੋਏ ਸੀ ਤੇ ਇਹ ਪਟਨੇ ਉਸ ਘਰ ਦੇ ਅੱਗੇ ਪਹੁੰਚ ਗਿਆ, ਕਹਿਣ ਲੱਗੇ ਇੱਥੇ ਹੈ ਜੋਤੀ, ਇਸ ਘਰ 'ਚ ਹੈ ਜੋਤੀ। ਹੁਣ ਦੇਖੋ ਕਹਿੰਦਾ ਪ੍ਰਕਾਸ਼ ਹੀ ਪ੍ਰਕਾਸ਼ ਹੈ, ਮੈਂ ਸੈਂਟਰ ਲੱਭ ਲਿਆ ਜੋਤੀ ਦਾ। ਜਾ ਕੇ ਬੇਨਤੀ ਕਰੀ ਕਿ ਅੱਲਾਹ ਦੇ ਨੂਰ ਦਾ ਦਰਸ਼ਨ ਕਰਨ ਆਏ ਹਾਂ ਅਸੀਂ, ਮਾਤਾ ਜੀ ਨੇ ਸੁਣਿਆ, ਮਾਤਾ ਗੁਜਰੀ ਨੇ ਸੁਣਿਆ। ਮਾਤਾ ਨਾਨਕੀ ਜੇ ਨੇ ਸੁਣਿਆ ਕਹਿਣ ਲੱਗੇ ਕੋਈ ਸੂਫੀ ਪੀਰ ਆਇਆ ਹੈ। ਮਾਮਾ ਕ੍ਰਿਪਾਲ ਜੀ ਨਾਲ ਸਲਾਹ ਕਰੀ ਕਿ ਹੁਣ ਕੀ ਕਰਿਆ ਜਾਵੇ? ਉਹ ਪੀਰ ਆਇਆ ਹੈ ਪੰਜਾਬ ਤੋਂ ਤੇ ਥਹੁ ਟਿਕਾਣੇ ਦਾ ਪਤਾ ਲੱਗ ਗਿਆ ਸਾਹਿਬਜ਼ਾਦੇ ਨੂੰ ਆਪਾਂ ਤਾਂ ਛੁਪਾ ਕੇ ਰੱਖਦੇ ਸੀ ਕਿ ਇਹਨੇ ਪ੍ਰਗਟ ਕਰ ਦੇਣਾ ਹੈ। ਰਾਜ ਬੜਾ ਮਾੜਾ ਚੱਲ ਰਿਹਾ ਹੈ ਹੁਣ ਕੀ ਕਰਿਆ ਜਾਵੇ? ਕਿਵੇਂ ਕਰਿਆ ਜਾਵੇ?

ਕਹਿੰਦੇ, ਕੋਈ ਚੇਟਕੀ ਨਾ ਹੋਵੇ, ਕੋਈ ਜਾਦੂ ਟੂਣਾ ਨਾ ਕਰ ਜਾਵੇ। ਦਰਸ਼ਨ ਨਹੀਂ ਕਰਾਉਣੇ। ਉਹਨੂੰ ਕਹਿ ਦਿੱਤਾ ਪੀਰ ਜੀ ਅਜੇ ਦਰਸ਼ਨ ਨਹੀਂ ਕਰਾਉਣੇ। ਤਿੰਨ ਮਹੀਨੇ ਦੇ ਹੋਏ ਨੇ ਅਜੇ। ਉਹ ਕਹਿਣ ਲੱਗਿਆ, ਦਰਸ਼ਨ ਤੋਂ ਬਗੈਰ ਤਾਂ ਮੈਂ ਨਹੀਂ ਜਾਂਦਾ। ਉਥੇ ਹੀ ਭੁੱਖ ਹੜਤਾਲ ਕਰਕੇ, ਮੁਰੀਦਾਂ ਸਣੇ ਦਰਵਾਜ਼ੇ ਦੇ ਅੱਗੇ ਡੇਰਾ ਲਾ ਲਿਆ ਕਿ ਮੈਨੂੰ ਜੋਤ ਨਜ਼ਰ ਆ ਰਹੀ ਹੈ। ਮੈਂ ਐਡੀ ਦੂਰੋਂ ਆਇਆ ਹਾਂ, ਐਨਾ ਪੰਧ ਕਰਕੇ। ਦੋ ਮਹੀਨੇ ਤਾਂ ਮੈਨੂੰ ਚਲਦੇ-ਚਲਦੇ ਨੂੰ ਲੱਗ ਗਏ ਨੇ, ਦੋ ਢਾਈ ਮਹੀਨੇ। ਹੁਣ ਮੈਂ ਨਿਰਾਸ਼ ਵਾਪਸ ਨਹੀਂ ਜਾਣਾ। ਮੈਂ ਅੱਲਾਹ ਦੇ ਦਰਸ਼ਨ ਕਰਕੇ ਜਾਣਾ ਹੈ। ਇੱਕ ਦਿਨ ਲੰਘ ਗਿਆ, ਸਮਝਾਉਂਦੇ ਨੇ ਪੀਰ ਨੂੰ ਕਿ  ਜਾਓ ਤੁਸੀਂ, ਇਨ੍ਹਾਂ ਨੇ ਨਹੀਂ ਦਰਸ਼ਨ ਕਰਾਉਣੇ। ਕਹਿੰਦਾ, ਮੈਂ ਜਾਣਾ ਹੀ ਨਹੀਂ, ਅੰਨ੍ਹ ਪਾਣੀ ਛੱਡ ਕੇ ਬਹਿ ਗਿਆ। ਜਦੋਂ ਦੋ ਦਿਨ ਲੰਘ ਗਏ, ਤੀਸਰਾ ਦਿਨ ਆਇਆ ਤੇ ਫੇਰ ਸਲਾਹ ਹੋਈ ਕਿ ਹੋ ਸਕਦਾ ਹੈ ਕਿ ਇਹ ਸੱਚਾ ਹੋਵੇ, ਕੋਈ ਸਰਾਪ ਨਾ ਦੇ ਜਾਵੇ ਜਾਂਦਾ-ਜਾਂਦਾ। ਕਿਉਂ ਨਾ ਦਰਸ਼ਨ ਕਰਾ ਹੀ ਦੇਈਏ। ਉਸ ਵੇਲੇ ਮਾਤਾ ਗੁਜਰੀ ਜੀ ਗੁਰੂ ਦਸ਼ਮੇਸ਼ ਪਿਤਾ ਜੀ ਨੂੰ ਬਾਹਾਂ 'ਚ ਪਾ ਕੇ ਲਈ ਆ ਰਹੇ ਨੇ, ਅੱਗੇ ਸੋਨੇ ਤੇ ਚਾਂਦੀ ਦੇ ਪਾਵਿਆਂ ਵਾਲਾ ਪਲੰਘ ਡਿਹਾ ਹੋਇਆ ਹੈ, ਫੁੱਲਾਂ ਦੀ ਸੇਜ ਵਿਛੀ ਹੋਈ ਹੈ। ਉਤੇ ਚਾਨਣੀ ਲੱਗੀ ਹੋਈ ਹੈ। ਬਹੁਤ ਹੀ ਸੁੰਦਰ ਵਸਤਰ ਉਸ ਥਾਂ ਦੇ ਉਤੇ ਵਿਛਾਏ ਹੋਏ ਨੇ, ਹੇਠਾਂ ਗਲੀਚੇ ਵਿਛਾਏ ਹੋਏ ਨੇ।

ਮਾਮਾ ਕ੍ਰਿਪਾਲ ਜੀ ਤੇ ਮਾਤਾ ਜੀ ਹੌਲੀ-ਹੌਲੀ ਗੁਰੂ ਮਹਾਰਾਜ ਨੂੰ ਬਾਹਾਂ 'ਚ ਪਾਈ ਆ ਰਹੇ ਨੇ ਤੇ ਸਾਰਿਆਂ ਨੇ ਦਰਸ਼ਨ ਕਰੇ, ਲਿਆ ਕੇ ਜਿਸ ਵਕਤ ਮੰਜੇ ਦੇ ਉਤੇ ਬਿਰਾਜਮਾਨ ਕਰ ਦਿੱਤੇ ਤਾਂ ਨੂਰ ਝੱਲਿਆ ਨਹੀਂ ਜਾਂਦਾ ਕਿਸੇ ਤੋਂ ਵੀ। ਐਨੀ ਸੁੰਦਰਤਾ। ਉਹ ਸਿਜਦੇ ਕਰਦਾ ਹੈ, ਨੇਤਰਾਂ 'ਚੋਂ ਜਲ ਜਾਂਦਾ ਹੈ। ਅੱਲਾਹ ਤਾਲਾ! ਤੂੰ ਮੇਰੀ ਇਸੇ ਜਨਮ ਦੇ ਵਿੱਚ ਸੁਣ ਲਈ, ਤੂੰ ਮੈਨੂੰ ਮਨੁੱਖ ਜਾਮੇ ਵਿੱਚ

ਦਰਸ਼ਨ ਦੇ ਦਿੱਤੇ। ਮੁਰੀਦਾਂ ਨੂੰ ਕਿਹਾ ਕਿ ਦਰਸ਼ਨ ਕਰ ਲਓ ਇਨ੍ਹਾਂ ਨੂੰ ਮੈਂ ਸਿਜਦਾ ਕਰਿਆ ਸੀ ਉਸ ਦਿਨ। ਇਹ ਨਿਰਾ ਹੀ ਨੂਰ ਦਾ ਬੁੱਕ ਹੈ। ਸਰੀਰ ਤਾਂ ਦੇਖਣ ਵਾਸਤੇ ਲੱਗਦਾ ਹੈ। ਸਰੀਰ ਨਹੀਂ ਹੈ ਨੂਰ ਹੀ ਨੂਰ ਹੈ।

ਇਹ ਦੇਖਣ ਵਾਸਤੇ ਕਿ ਕੀਹਦਾ ਪੱਖ ਕਰਨਗੇ, ਕੀਹਦੇ ਵਲ ਹੋਣਗੇ, ਦੋ ਕੁੱਜੀਆਂ ਮੰਗਾ ਲਈਆਂ, ਇੱਕ ਓਧਰਲੇ ਹੱਥ ਕੋਲ ਰੱਖ ਦਿੱਤੀ, ਇੱਕਲੇ ਦੂਸਰੇ ਹੱਥ ਕੋਲ ਰੱਖ ਲਈ। ਰੱਖ ਦਿੱਤੀਆਂ ਜ਼ਰਾ ਦੂਰ। ਗੁਰੂ ਮਹਾਰਾਜ ਬੜੇ ਮੁਸਕਰਾਏ, ਤਿੰਨ ਮਹੀਨੇ ਦੇ। ਇਹਦੇ ਵਲ ਦੇਖਿਆ, ਦੇਖ ਕੇ ਬੜੇ ਮੁਸਕਰਾਏ। ਉਸ ਤੋਂ ਬਾਅਦ ਗਰਦਨ ਮੋੜੀ, ਖੱਬੇ ਪਾਸੇ ਪਾਸੇ ਵਾਲੀ ਕੁੱਜੀ 'ਤੇ ਹੱਥ ਰੱਖ ਦਿੱਤਾ। ਇੱਧਰ ਮੋੜੀ ਤੇ ਸੱਜੇ ਵਾਲੀ 'ਤੇ ਹੱਥ ਰੱਖ ਦਿੱਤਾ। ਦੋਹਾਂ 'ਤੇ ਹੀ ਹੱਥ ਰੱਖ ਦਿੱਤਾ। ਫੇਰ ਦੋਹਾਂ ਤੋਂ ਹੱਥ ਚੁੱਕ ਕੇ ਆਪ ਫੇਰ ਮੁਸਕਰਾਏ, ਫੇਰ ਦੇਖਿਆ ਪੀਰ ਵੱਲ ਨੂੰ। ਪੀਰ ਸਮਝ ਗਿਆ ਜੋ ਬਾਤ ਸੀ। ਸਿਜਦਾ ਕੀਤਾ।

ਕਹਿਣ ਲੱਗਿਆ, ਮੁਰੀਦਾਂ ਨੂੰ ਕਿ ਕੁਛ ਸਮਝ ਵਿੱਚ ਪਿਆ?

ਕਹਿੰਦੇ, ਨਾ ਸਾਡੇ ਸਮਝ ਵਿੱਚ ਨਹੀਂ ਕੁਛ ਵੀ ਆਇਆ। ਕਹਿੰਦੇ, ਮੈਂ ਪਰਲਾ ਬਰਤਨ ਰੱਖਿਆ ਸੀ ਇਸਲਾਮ ਵਾਲਿਆਂ ਦਾ। ਉਰਲਾ ਰੱਖਿਆ ਸੀ ਹਿੰਦੂਆਂ ਦਾ। ਜੇ ਤਾਂ ਇਨ੍ਹਾਂ ਨੇ ਦੋਵੇਂ ਹੱਥ ਰੱਖ ਦਿੱਤੇ, ਹਿੰਦੂਆਂ ਵਾਲੇ ਤਾਂ ਹਿੰਦੂਆਂ ਦਾ ਪੱਖ ਕਰਨਗੇ। ਜੇ ਇਸਲਾਮ ਵਾਲਿਆਂ 'ਤੇ ਰੱਖ ਦਿੱਤੇ ਤਾਂ ਇਸਲਾਮ ਦਾ ਪੱਖ ਕਰਨਗੇ। ਇਹ ਤਾਂ ਸੁਲ੍ਹਾ-ਕੁਲ ਆਏ ਇਨ੍ਹਾਂ ਨੂੰ ਹਿੰਦੂ ਤੇ ਮੁਸਲਮਾਨ ਬਰਾਬਰ ਹੋਏਗਾ। ਘੱਟ ਨਹੀਂ ਕੋਈ ਹੋਏਗਾ। ਜੀਵਨ ਦੇ ਅੰਦਰ ਫੇਰ ਤੁਸੀਂ ਦੇਖੋ ਵਿਚਾਰ ਕਰਕੇ, ਗਲਤੀ ਇੱਥੋਂ ਪੈਂਦੀ ਹੈ ਕਿ ਇਤਿਹਾਸਾਂ 'ਚ ਗਲਤੀਆਂ ਹੋ ਜਾਂਦੀਆਂ ਨੇ ਲਿਖਣ ਵਾਲੇ ਵਿਚਾਰ ਕਰਕੇ ਨਹੀਂ ਲਿਖਦੇ, ਇਕੱਲੇ-ਇਕੱਲੇ ਵਾਕੇ ਨੂੰ ਜੋੜਦੇ ਨਹੀਂ, ਜਿਹੜਾ ਕੁਛ ਮੂਹਰੇ ਆਇਆ ਲਿਖ ਦਿੱਤਾ, ਸਾਡੇ ਵਿੱਚ ਇਹ ਪ੍ਰਚਲਤ ਹੋ ਗਿਆ ਕਿ ਮੁਸਲਮਾਨ ਬਹੁਤ ਮਾੜਾ ਹੈ ਤੇ ਸਾਡਾ ਨਹੀਂ ਉਹ ਮਿੱਤਰ ਹੈਗਾ। ਸਾਡਾ ਕੁਛ ਨਹੀਂ ਲਗਦਾ, ਅਸੀਂ ਭੁੱਲ ਜਾਂਦੇ ਹਾਂ, ਗੁਰੂ ਨਾਨਕ ਨੇ ਕੀਹਦੇ ਨਾਲ ਸਾਰੀ ਜ਼ਿੰਦਗੀ ਸਫਰ ਕਰਿਆ। ਕੌਣ ਸੀਗਾ ਜਿਹਨੂੰ ਕਹਿੰਦੇ ਸੀ ਮਰਦਾਨਿਆਂ! ਧੁਰ ਕੀ ਬਾਣੀ ਆ ਰਹੀ ਹੈ, ਰਬਾਬ ਸੁਰ ਕਰ। ਕੌਣ ਸੀ ਉਹ?

ਜਿਹੜੇ ਬਹੁਤੇ ਹੀ ਕੱਟੜ ਨੇ ਇਹ ਕਹਿੰਦੇ ਹੋਣੇ ਨੇ, ਗੁਰੂ ਨਾਨਕ ਸਾਹਿਬ ਆਪੇ ਹੀ ਖੂਹ 'ਤੇ ਜਾ ਕੇ ਪਾਣੀ ਪੀਂਦੇ ਹੋਣੇ ਨੇ ਜਾਂ ਭਾਈ ਬਾਲਾ ਲਿਆ ਦਿੰਦਾ ਹੋਣਾ। ਇਹ ਗੱਲਾਂ ਸੋਚਣੀਆਂ ਗਲਤ ਨੇ। ਜਦੋਂ ਮਹਾਰਾਜ ਇਹ ਕਹਿੰਦੇ ਨੇ ਕਿ ***'ਮਾਨਸ ਕੀ ਜਾਤ ਸਭੈ ਏਕੈ ਪਹਿਚਾਨਬੋ'।*** ਇਹ ਐਵੇਂ ਤਾਂ ਨਹੀਂ ਕਵਿਤਾ ਤਾਂ ਨਹੀਂ ਬਣਾ ਰਹੇ। ਉਹ ਤਾਂ ਸਾਨੂੰ ਦੱਸ ਰਹੇ ਨੇ ਕਿ ਮਨੁੱਖ ਮਨੁੱਖ ਹੀ ਹੁੰਦਾ ਹੈ। ਉਹਦੇ ਹੱਥ ਦੀ ਕੋਈ ਭਿੱਟ ਨਹੀਂ ਹੁੰਦੀ। ਮਨੁੱਖ ਮਨੁੱਖ ਹੈ। ਮਨੁੱਖ ਨੂੰ ਮਨੁੱਖ ਵਰਗਾ ਪਿਆਰ ਕਰੋ, ਨੇੜੇ ਰੱਖੋ ਸਾਰਿਆਂ ਨੂੰ। ਕਿਸੇ ਨਾਲ ਨਫਰਤ ਨਾ ਕਰੋ। ਫੇਰ ਹੁਣ ਹਾਲਾਤ ਦੇਖੋ, ਗੁਰੂ ਮਹਾਰਾਜ ਪਾਉਂਟੇ ਸਾਹਿਬ ਆ ਜਾਂਦੇ ਨੇ। ਪਾਉਂਟੇ ਸਾਹਿਬ ਪਠਾਣ ਨੌਕਰ ਰੱਖ ਲਏ ਤੇ ਬਾਈ ਧਾਰ ਦੇ ਰਾਜਿਆਂ ਨੇ ਫਤਹਿ ਚੰਦ ਦੇ ਘਰ ਵਿਆਹੁਣ ਆਉਣਾ ਹੈ। ਭੀਮ ਚੰਦ ਦੇ ਲੜਕੇ ਨੂੰ ਲੈ ਕੇ ਬਾਰਾਤ ਦੇ ਅੰਦਰ ਤੇ ਪਠਾਣ ਕੁਛ, ਚਾਰ ਸੌ ਪਠਾਣ ਜਿਹੜਾ ਹੈ ਉਹ ਔਰੰਗਜ਼ੇਬ ਨੇ ਕੱਢੇ ਸੀ, ਮਹਾਰਾਜ ਨੇ ਬੁੱਧੂਸ਼ਾਹ ਦੇ ਕਹਿਣ ਦੇ ਉਤੇ ਆਪਣੀ ਥਾਂ ਦੇ ਦਿੱਤਾ ਤੇ ਨੌਕਰ ਰੱਖ ਲਏ ਤੇ ਉਹ ਬੇਈਮਾਨ ਹੋ ਗਿਆ। ਉਹ ਚਲੇ ਗਏ ਲੇਕਿਨ ਕਾਲੇ ਖਾਂ ਸੌ ਬੰਦੇ ਨੂੰ ਨਾਲ ਲੈ ਕੇ ਗੁਰੂ ਸਾਹਿਬ ਕੋਲ ਰਿਹਾ। ਮਹਾਰਾਜ ਕਹਿੰਦੇ, ਕਾਲੇ ਖਾਂ! ਤੂੰ ਵੀ ਜਾਹ, ਤੂੰ ਕਾਹਨੂੰ ਰਹਿ ਗਿਆ, ਤੂੰ ਸਾਥੀਆਂ ਨਾਲ ਜਾਣਾ ਸੀ, ਕਹਿੰਦਾ ਮਹਾਰਾਜ! ਉਨ੍ਹਾਂ ਨੇ ਈਮਾਨ ਵੇਚ ਦਿੱਤਾ, ਮੈਂ ਈਮਾਨ ਵਾਲਾ ਬੰਦਾ ਹਾਂ। ਮੈਂ ਤੇਰਾ ਨਮਕ ਖਾਧਾ ਹੈ, ਮੈਂ ਕਿੱਥੇ ਜਾਵਾਂ? ਮੈਂ ਤਾਂ ਆਪਣੀ ਜਾਨ ਇੱਥੇ ਦੇਵਾਂਗਾ। ਤੇ ਜਿਸ ਵਕਤ ਬੁੱਧੂਸ਼ਾਹ ਨੂੰ ਪਤਾ ਲਗਦਾ ਹੈ ਕਿ ਗੁਰੂ ਮਹਾਰਾਜ ਦੇ ਉਤੇ ਬਾਈਧਾਰ ਦੇ ਰਾਜਿਆਂ ਨੇ ਮਿਲਵੀ ਫੌਜ ਦਾ ਹੱਲਾ ਕਰ ਦਿੱਤਾ ਹੈ, ਉਸ ਵੇਲੇ ਸੱਤ ਸੌ ਮੁਰੀਦ ਲੈ ਕੇ ਪਹੁੰਚਦਾ ਹੈ, ਕੋਈ ਆਉਂਦਾ ਹੈ ਕਿਸੇ ਦੀ ਮਦਦ ਨੂੰ। ਆਪ ਮੈਦਾਨ-ਏ-ਜੰਗ 'ਚ ਆਉਂਦਾ ਹੈ, ਜੰਗ ਸ਼ੁਰੂ ਹੋ ਚੁੱਕਿਆ ਹੈ। ਦੋ ਪੁੱਤਰ ਤੇ ਦੋ ਆਪਣੇ ਭਰਾ ਰਿਸ਼ਤੇਦਾਰ, ਓਸ ਜੰਗ ਦੇ ਵਿੱਚ ਸ਼ਹੀਦ ਕਰਾ ਦਿੱਤੇ। ਸਾਮ੍ਹਣੇ ਅੱਖਾਂ ਦੇ ਪਹਿਲਾਂ ਵੱਡਾ ਪੁੱਤਰ ਸ਼ਹੀਦ ਹੋਇਆ, ਫੇਰ ਛੋਟਾ ਹੋਇਆ, ਇੱਕ ਨੇ ਵੀ ਪੈਰ ਪਿੱਛੇ ਨਹੀਂ ਪਾਇਆ, ਜੰਗ ਜਿੱਤਿਆ ਗਿਆ। ਹੁਣ ਇੱਕ ਪਾਸੇ ਤਾਂ ਤੁਸੀਂ ਲੈ ਲਓ ਹਿੰਦੂ ਰਾਜੇ, ਉਹ ਰਾਜੇ ਜਿਨ੍ਹਾਂ ਨੂੰ ਮਹਾਰਾਜ ਨੇ ਤਿੰਨ ਲੱਖ ਦਾ ਓਸ ਸਮੇਂ ਦਾ ਜਦੋਂ ਨੌਂ ਮਣ ਕੱਚੇ ਛੋਲੇ ਆਉਂਦੇ ਸੀ

ਰੁਪਈਏ ਦੇ। ਓਸ ਵੇਲੇ ਦਾ ਜਿਹੜਾ ਗਿਫਟ ਭੇਜਿਆ, ਤੰਬੋਲ ਭੇਜਿਆ, ਲੜਕੀ ਦੀ ਸ਼ਾਦੀ ਤੇ ਉਹਦਾ ਮੁੱਲ ਤਿੰਨ ਲੱਖ ਲਿਖਿਆ ਹੋਇਆ ਹੈ ਇਤਿਹਾਸ ਵਿੱਚ, ਹੁਣ ਦਾ ਤਿੰਨ ਕਰੋੜ ਸਮਝ ਲਓ। ਦੋ ਸੌ ਬੰਦਾ ਲੈ ਕੇ ਗਿਆ ਸੀ ਉਹਨੂੰ, ਉਨ੍ਹਾਂ ਨੇ ਐਨਾ ਕੁਛ ਦੇਣ ਦੇ ਬਾਵਜੂਦ ਵੀ ਉਹਦੀ ਫੌਜ ਗੁਰੂ ਦਸਵੇਂ ਪਾਤਸ਼ਾਹ ਦੇ ਖਿਲਾਫ ਲੜੀ, ਨਾਲ ਨਹੀਂ ਰਹੀ ਹੈਗੀ। ਹੁਣ ਤੁਸੀਂ ਦੇਖੋ ਮਿੱਤਰ ਕਿਹੜਾ ਸੀ ਤੇ ਗਦਾਰੀ ਕੀਹਨੇ ਕਰੀ। ਐਵੇਂ ਹੀ ਸੁਣ-ਸੁਣਾ ਕੇ ਦੂਜੇ ਦੇ ਖਿਲਾਫ ਖਿਆਲ ਪੈਦਾ ਕਰ ਲੈਣੇ ਬੜੀ ਮਾੜੀ ਗੱਲ ਹੁੰਦੀ ਹੈ। ਇਤਿਹਾਸ ਨੂੰ ਵਾਚੋ, ਵਾਕਿਆਤ ਨੂੰ ਵਾਚੋ। ਉਸ ਵੇਲੇ ਕਿੰਨਾ ਡਰ ਸੀ, ਰਾਜੇ ਵੀ ਖਿਲਾਫ ਸੀਗੇ ਬੁੱਧੂਸ਼ਾਹ ਦੇ। ਖਿਲਾਫ ਹੋਣਾ ਹੀ ਸੀ ਤੇ ਬਾਅਦ ਵਿੱਚ ਉਹਨੂੰ ਪਤਾ ਸੀ ਕਿ ਮੈਨੂੰ ਇਕੱਲੇ ਨੂੰ ਦੰਡ ਦੇਣਗੇ, ਲੇਕਿਨ ਪ੍ਰਵਾਹ ਨਹੀਂ ਕਰੀ ਓਸਨੇ। ਜਦੋਂ ਬੱਚੇ ਸ਼ਹੀਦ ਹੋ ਗਏ, ਗੁਰੂ ਮਹਾਰਾਜ ਨੇ ਸਾਰੇ ਬੁਲਾਏ ਜੰਗ ਤੋਂ ਬਾਅਦ ਤਾਂ ਬੁੱਧੂਸ਼ਾਹ ਦੇ ਪਾਸ ਮਹਾਰਾਜ ਨੇ ਅਫਸੋਸ ਪ੍ਰਗਟ ਕੀਤਾ ਕਿ ਬੁੱਧੂਸ਼ਾਹ! ਤੇਰੇ ਲਖਤ-ਏ-ਜ਼ਿਗਰ ਅੱਖਾਂ ਦੇ ਤਾਰੇ ਤੇਰੀਆਂ ਅੱਖਾਂ ਦੇ ਸਾਮ੍ਹਣੇ ਸ਼ਹੀਦ ਹੋ ਗਏ ਤੇ ਅਸੀਂ ਅਸੀਸ ਦਿੰਦੇ ਹਾਂ, ਕਹਿੰਦਾ ਪਾਤਸ਼ਾਹ! ਐਸ ਤਰ੍ਹਾਂ ਨਾ ਕਰੋ ਮੈਂ ਤੁੱਛ ਭੇਟਾ ਦਿੱਤੀ ਹੈ ਆਪ ਨੂੰ। ਮੈਂ ਤਾਂ ਆਪਣਾ ਸਰੀਰ ਦੇਣ ਆਇਆ ਸੀ। ਲੇਕਿਨ ਤੁਹਾਨੂੰ ਮੇਰੇ ਪੁੱਤਰਾਂ ਦਾ ਸਰੀਰ ਪਿਆਰਾ ਸੀ, ਉਨ੍ਹਾਂ ਨੂੰ ਅੱਲਾਹ ਦੀ ਵਾਰ-ਏ-ਖਾਸ ਦਰਗਾਹ ਵਿੱਚ ਭੇਜ ਦਿੱਤਾ ਤੁਸੀਂ। ਮੈਂ ਰਿਣੀ ਹਾਂ ਤੁਹਾਡਾ ਤੇ ਨਸੀਰਾਂ ਦੇ ਦੋ ਭਰਾਵਾਂ ਨੂੰ ਤੁਸੀਂ ਭੇਜ ਦਿੱਤਾ, ਬਹੁਤ ਅੱਛਾ ਹੁੰਦਾ ਜੇ ਮੈਨੂੰ ਵੀ ਤੁਸੀਂ ਭੇਜ ਦਿੰਦੇ, ਹੁਣ ਕਿੰਨੀ ਅਕੀਦਤ ਹੈ, ਕਿੰਨੀ ਸ਼ਰਧਾ ਹੈ, ਕਿੰਨਾ ਭਰੋਸਾ ਹੈ, ਜੇ ਵੈਰ ਹੁੰਦਾ ਗੁਰੂ ਦਸ਼ਮੇਸ਼ ਪਿਤਾ ਨੂੰ ਮੁਸਲਮਾਨ ਮਾੜਾ ਸਮਝਦੇ ਹੁੰਦੇ ਤਾਂ ਸੱਤ ਸੌ ਬੰਦਾ ਲੜਨ ਵਾਸਤੇ ਕਿਉਂ ਆਉਂਦਾ ਨਾਲ ਲੱਕ ਬੰਨ੍ਹ ਕੇ ਤੇ ਕਿੰਨਾ ਸ਼ਹੀਦ ਹੋਇਆ, ਅਨੁਮਾਨ ਹੈ ਕਿ 300 ਬੰਦਾ ਉਨ੍ਹਾਂ 'ਚੋਂ ਸ਼ਹੀਦ ਹੋ ਗਿਆ ਸੀ। ਉਸ ਤੋਂ ਬਾਅਦ ਗੁਰੂ ਦਸਵੇਂ ਪਾਤਸ਼ਾਹ ਮਹਾਰਾਜ ਜਦੋਂ ਅਨੰਦਪੁਰ ਸਾਹਿਬ ਦਾ ਕਿਲ੍ਹਾ ਛੱਡਦੇ ਨੇ, ਇੱਕ ਪਾਸੇ ਰਾਜੇ ਨੇ ਰਾਜਿਆਂ ਦੀ ਆਪਣੀ ਨੀਤੀ ਹੁੰਦੀ ਹੈ, ਜਨਤਾ ਦਾ ਆਪਣਾ ਹਿਸਾਬ ਹੁੰਦਾ ਹੈ। ਰਾਜਿਆਂ ਦੇ ਪਿੱਛੇ ਜਨਤਾ ਨਾਲ ਵਿਗਾੜ ਲਓ ਉਹ ਤਾਂ ਗੱਲ ਮਾੜੀ ਹੁੰਦੀ ਹੈ। ਉਸ ਵੇਲੇ ਗੁਰੂ ਦਸਵੇਂ ਪਾਤਸ਼ਾਹ ਸਰਸੇ ਤੋਂ ਲੰਘਦੇ ਨੇ, ਲੰਘ ਕੇ ਫੌਜ ਪਿੱਛੇ ਪਈ ਹੋਈ ਹੈ ਤੇ ਆਉਂਦੇ ਕਿੱਥੇ ਨੇ, ਨਿਹੰਗ ਕੋਟਲੇ। ਨਿਹੰਗ ਖਾਨ ਦੇ ਕਿਲ੍ਹੇ ਵਿਚ ਆ ਜਾਂਦੇ ਨੇ। ਪਹਿਲਾਂ ਤਾਂ ਕਿਲ੍ਹੇ ਵਿੱਚ ਆਉਣਾ, ਹੁਣ ਉਹਨੂੰ ਤਾਂ ਚਾਹੀਦਾ ਸੀ ਕਿ ਦਰਵਾਜ਼ੇ ਬੰਦ ਕਰ ਦਿੰਦਾ, ਗੁਰੂ ਮਹਾਰਾਜ ਨਾਲ ਚਾਲੀ ਸਿੰਘ ਸੀਗੇ ਤੇ ਉਥੇ ਹੀ ਫੜ ਕੇ ਬੜਾ ਭਾਰੀ ਇਨਾਮ ਲੈਂਦਾ। ਲੇਕਿਨ ਉਹਨੇ ਗੁਰੂ ਮਹਾਰਾਜ ਨੂੰ ਇੱਕ ਕਮਰੇ 'ਚ ਕਿ ਮਹਾਰਾਜ ਇੱਥੇ ਤੁਸੀਂ ਬਿਰਾਜੋ, ਪਿੱਛੇ ਹੀ ਫੌਜ ਦਾ ਦਸਤਾ ਆ ਜਾਂਦਾ ਹੈ। ਉਹਨੇ ਤਲਾਸ਼ੀ ਸ਼ੁਰੂ ਕਰ ਦਿੱਤੀ। ਸਾਰੇ ਕਮਰੇ ਦਿਖਾ ਦਿੱਤੇ ਨਿਹੰਗ ਖਾਨ ਨੇ। ਲੇਕਿਨ ਜਿੱਥੇ ਗੁਰੂ ਮਹਾਰਾਜ ਸੀ ਜਦ ਉਹ ਕਮਰਾ ਦਿਖਾਉਣ ਨੂੰ ਕਿਹਾ, ਉਹ ਕਹਿਣ ਲੱਗਿਆ ਕਿ ਮਹਾਰਾਜ! ਇੱਥੇ ਤਾਂ ਮੇਰੇ ਦਾਮਾਦ ਨੇ, ਲੜਕੀ ਹੈ ਮੇਰੀ ਅੰਦਰ। ਇਹ ਨਹੀਂ ਮੈਂ ਖੋਲ੍ਹ ਸਕਦਾ, ਹੁਣ ਕਿੱਡੀ ਵੱਡੀ ਕੁਰਬਾਨੀ ਸੀ। ਉਸ ਲੜਕੀ ਨੇ ਜਦੋਂ ਗੱਲ ਸੁਣੀ ਉਹਨੇ ਕਿਹਾ ਕਿ ਮੇਰੇ ਪਿਤਾ ਨੇ ਆਹ ਗੱਲ ਕਹਿ ਦਿੱਤੀ, ਸਾਰੀ ਜ਼ਿੰਦਗੀ ਕੁਆਰੀ ਰਹੀ, ਵਿਆਹ ਹੀ ਨਹੀਂ ਕਰਾਇਆ। ਕਿੰਨੀ ਅਕੀਦਤ ਸੀ, ਉਸ ਤੋਂ ਬਾਅਦ ਗੁਰੂ ਮਹਾਰਾਜ ਮਾਛੀਵਾੜੇ ਚਲੇ ਜਾਂਦੇ ਨੇ। ਗੁਲਾਬੇ ਨੂੰ ਕਹਿੰਦੇ ਨੇ ਗੁਲਾਬਿਆ! ਦਰਵਾਜ਼ਾ ਖੋਲ੍ਹ, ਜਿਹਦੇ ਬਾਗ 'ਚ ਰਹੇ ਸੀ। ਗੁਲਾਬਾ ਕਹਿੰਦਾ ਇਹ ਦਰਵਾਜ਼ਾ ਨਹੀਂ ਖੁਲ੍ਹਦਾ, ਬੰਦ ਹੋਇਆ ਹੋਇਆ ਹੈ। ਹਾਲਾਂਕਿ ਚੰਗਾ ਭਲਾ ਖੁਲ੍ਹਦਾ ਸੀ। ਮਹਾਰਾਜ ਕਹਿੰਦੇ ਚੰਗਾ, ਇਹ ਹੁਣ ਖੁਲ੍ਹਣਾ ਹੀ ਨਹੀਂ ਹੈ। ਉਪਰ ਦੀ ਹੋ ਕੇ ਗਏ ਪਾਸੇ ਦੀ। ਉਸ ਵੇਲੇ ਕਿੰਨਾ ਔਖਾ ਸੀ ਤੇ ਕਿਹਨੂੰ-ਕਿਹਨੂੰ ਭੇਤ ਵਿੱਚ ਲਿਆ ਇੱਕ ਤਾਂ ਲਲਾਰੀ ਨੂੰ ਲਿਆ ਭੇਤ ਵਿੱਚ ਕਿ ਤੂੰ ਨੀਲੇ ਵਸਤਰ ਰੰਗ ਦੇ। ਫਟਾਫਟ ਨੀਲੇ ਕਰ ਦੇ ਇਨ੍ਹਾਂ ਨੂੰ। ਦੂਸਰਾ ਦੋਵੇਂ ਭਰਾ ਗਨੀ ਖਾਂ ਨਬੀ ਖਾਂ, ਉਸ ਵੇਲੇ ਇਹ ਦੋਵੇਂ ਭਰਾ ਗਨੀ ਖਾਂ ਨਬੀ ਖਾਂ, ਉਸ ਵੇਲੇ ਹੁਕਮ ਇਹ ਸੀ ਕਿ ਜਿਸਦੇ ਘਰ ਕੋਈ ਸਿੱਖ ਫੜਿਆ ਗਿਆ ਤੇ ਗੁਰੂ ਰਹਿ ਗਿਆ ਤਾਂ ਉਹਦੇ ਬਾਲ-ਬੱਚੇ ਕੋਹਲੂ ਵਿੱਚ ਸਾਰੀ ਦੁਨੀਆਂ ਦੇ ਸਾਮ੍ਹਣੇ ਪੀੜ ਦਿੱਤੇ ਜਾਣਗੇ। ਪੂਰਾ ਇਤਿਹਾਸ ਨਹੀਂ ਹੈ, ਆਹ ਵਾਲੋਵਾਲ ਪਿਆਰਾ ਸਿੰਘ ਸੀਗਾ ਉਹਦੇ ਸਾਰੇ ਬੱਚੇ ਪੀੜ ਦਿੱਤੇ ਸੀ ਕਿ ਤੇਰੇ ਕੋਲ ਗੁਰੂ ਆਏ ਸੀ ਰਾਤ ਨੂੰ। ਉਹ ਹਾਲਾਤ ਕੋਈ ਮਾਮੂਲੀ ਨਹੀਂ, ਇਨਾਮ ਵੱਡੇ-ਵੱਡੇ ਰੱਖੇ ਗਏ ਸੀ। ਉਸ ਵੇਲੇ ਕੀਹਨੇ ਹੌਂਸਲਾ ਕਰਿਆ। ਦੋਹਾਂ ਭਰਾਵਾਂ ਨੇ, ਪਠਾਣਾਂ ਨੇ ਕਰਿਆ ਕਿ ਮਹਾਰਾਜ ਇੱਥੇ ਤਾਂ ਸ਼ੱਕ ਪੈ

ਜਾਏਗਾ, ਕੋਈ ਦਸ ਦਏਗਾ, ਤੁਸੀਂ ਸਾਡੇ ਘਰ ਚੱਲੋ ਤੇ ਜਿਸ ਵਕਤ ਗੁਰੂ ਮਹਾਰਾਜ ਜੀ ਉਥੋਂ ਜਾਣ ਦੀ ਤਿਆਰੀ ਕਰਦੇ ਨੇ ਨਿਕਲਣ ਦੀ ਉਸ ਵੇਲੇ ਸਲੋਹ ਵਾਲਾ ਪੀਰ ਆ ਜਾਂਦਾ ਹੈ ਤੇ ਉਹ ਪੀਰ ਇਹ ਗੱਲ ਕਹਿੰਦਾ ਹੈ ਕਿ ਮਹਾਰਾਜ! ਫੌਜ ਨੇ ਬਹੁਤ ਤਕੜਾਈ ਕਰੀ ਹੋਈ ਹੈ। ਚੌਂਕੀਆਂ ਬਹੁਤ ਤੱਕੜੀਆਂ ਨੇ ਜੇ ਤੁਸੀਂ ਗ੍ਰਿਫਤਾਰ ਹੋ ਗਏ, ਬਹੁਤ ਔਖਾ ਹੋ ਜਾਏਗਾ, ਤੁਹਾਨੂੰ ਸਭ ਜਾਣਦੇ ਨੇ ਤੇ ਕੋਈ ਵਿਉਂਤ ਕਰੀਏ, ਵਿਉਂਤ ਇਹ ਹੈ ਕਿ ਇੱਕ ਪਲਟਨ ਮੇਰੇ ਚੇਲਿਆਂ ਦੀ ਮੇਰੇ ਮੁਰੀਦਾਂ ਦੀ ਆਈ ਹੋਈ ਹੈ ਇੱਥੇ ਤੇ ਮੈਂ ਸਾਰਾ ਇੰਤਜ਼ਾਮ ਕਰ ਦਿੰਦਾ ਹਾਂ ਤੇ ਆਪ ਨੂੰ ਪ੍ਰਵਾਨ ਹੋਵੇ ਉਵੇਂ ਜਿਵੇਂ ਕਰ ਲਿਓ ਕਿ ਭਾਈ ਦਇਆ ਸਿੰਘ ਨੂੰ ਪਲੰਘੇ ਤੇ ਬਿਠਾਓ। ਦੋਵੇਂ ਇਹ ਚੁੱਕਣਗੇ, ਦੋਵੇਂ ਦੂਸਰੇ ਤੇ ਜੇ ਤਾਂ ਲੰਘ ਗਏ ਫੇਰ ਤਾਂ ਠੀਕ ਹੈ, ਜੇ ਨਾ ਲੰਘੇ ਫੜੇ ਗਏ ਤਾਂ ਅਸਾਨੂੰ ਕਹਿਣ ਦਾ ਮੌਕਾ ਮਿਲ ਜਾਏਗਾ ਕਿ ਇਹ ਗੁਰੂ ਗੋਬਿੰਦ ਸਿੰਘ ਨਹੀਂ ਹੈ ਨਾ ਅਸੀਂ ਝੂਠ ਬੋਲੀਏ ਤੇ ਨਾਲੇ ਹੈਂ ਵੀ ਨਹੀਂ ਉਹ। ਸੋ ਸਾਰਾ ਇੰਤਜ਼ਾਮ ਕਰ ਲਿਆ ਉਸ ਤੋਂ ਬਾਅਦ ਜਦੋਂ ਸੂਰਜ ਛਿਪਣ ਲੱਗਿਆ ਤੇ ਮੰਜੇ ਤੇ ਬਿਠਾਲ ਕੇ ਜਾ ਰਹੇ ਨੇ, ਉਸ ਵੇਲੇ ਕੁਦਰਤੀ ਗ੍ਰਿਫਤਾਰ ਕਰਨਾ ਸੀ, ਗ੍ਰਿਫਤਾਰ ਕਰਕੇ ਉਹ ਬੰਦ ਕਰ ਦਿੱਤੇ ਤਾਂ ਉਸ ਵੇਲੇ ਜਿਹੜੇ ਦੋਵੇਂ ਭਰਾ ਸੀ ਉਹ ਕਹਿਣ ਲੱਗੇ ਕਿ ਇਹ ਗੁਰੂ ਗੋਬਿੰਦ ਸਿੰਘ ਨਹੀਂ ਹੈਗੇ, ਇਹ ਤਾਂ ਪੀਰ ਨੇ। ਕਹਿਣ ਲੱਗੇ, ਗੁਰੂ ਗੋਬਿੰਦ ਸਿੰਘ ਨੂੰ ਸਲੋਹ ਵਾਲੇ ਪੀਰ ਨੇ ਪੜ੍ਹਾਇਆ ਹੈ ਤੇ ਅੱਜ ਉਹ ਤੁਹਾਡੀ ਫੌਜ ਵਿੱਚ ਆਏ ਹੋਏ ਨੇ ਉਨ੍ਹਾਂ ਨੂੰ ਬੁਲਾ ਕੇ ਪੁੱਛ ਲਓ। ਪਿਆਦਾ ਭੇਜ ਦਿੱਤਾ। ਉਹਨੇ ਕਿਹਾ ਕਿ ਹੁਣ ਤਾਂ ਮੈਂ ਨਮਾਜ਼ ਪੜ੍ਹਨੀ ਹੈ, ਅਜੇ ਤਾਂ ਮੈਂ ਨਹੀਂ ਆ ਸਕਦਾ, ਉਸ ਤੋਂ ਬਾਅਦ ਮੈਂ ਇਬਾਬਤ ਕਰਨੀ ਹੈ ਦਿਨ ਚੜ੍ਹੇ ਆਵਾਂਗਾ, ਸਵੇਰੇ। ਤੁਸੀਂ ਉਨ੍ਹਾਂ ਨੂੰ ਕਹੋ ਨਾ ਕੁਛ ਵੀ, ਆਦਰ ਤੇ ਸਤਿਕਾਰ ਨਾਲ ਰੱਖਿਓ। ਐਨੀ ਗੱਲ ਕਹਿ ਕੇ ਉਸੇ ਵੇਲੇ ਆਪਣੇ ਮੁਰੀਦ ਨੂੰ ਭੇਜਿਆ ਕਿ ਜਾਹ ਸਾਰੀਆਂ ਪਿਕਟਾਂ 'ਤੇ ਘੁੰਮ ਕੇ ਆ, ਦੇਖ ਕਿ ਗੱਲ ਧੁੰਮ ਗਈ ਕਿ ਗੁਰੂ ਗੋਬਿੰਦ ਸਿੰਘ ਫੜਿਆ ਗਿਆ। ਉਹਨੇ ਆ ਕੇ ਦਸ ਦਿੱਤਾ ਕਿ ਸਾਰੇ ਗੱਲ ਧੁੰਮ ਗਈ ਕਿ ਗੁਰੂ ਗੋਬਿੰਦ ਸਿੰਘ ਫੜੇ ਗਏ ਨੇ ਤੇ ਸਵੇਰੇ ਤੁਹਾਡੀ ਗਵਾਹੀ ਨਾਲ ਨਿਰਣਾ ਹੋਣਾ ਹੈ ਕਿਉਂਕਿ ਤੁਸੀਂ ਇਨ੍ਹਾਂ ਨੂੰ ਫਾਰਸੀ ਪੜ੍ਹਾਈ ਹੈ। ਕਹਿਣ ਲੱਗੇ ਕੀ ਕਰਦਾ ਹੈਂ, ਕਹਿੰਦਾ ਜੀ, ਸਭ ਮਸਤ ਹੋ ਕੇ ਸੁਸਤ ਹੋਏ ਬੈਠੇ ਨੇ। ਉਸੇ ਵੇਲੇ ਆਇਆ ਮਹਾਰਾਜ ਦੇ ਕੋਲ ਕਹਿਣ ਲੱਗਿਆ, ਮਹਾਰਾਜ! ਹੁਣ ਨਿਕਲਣ ਦਾ ਮੌਕਾ ਹੈ। ਗੁਰੂ ਮਹਾਰਾਜ ਕੋਲ ਤਿੰਨ ਸ਼ਸਤਰ ਸੀ, ਗੁਰੂ ਤੇਗ ਬਹਾਦਰ ਸਾਹਿਬ ਦੇ, ਜਿਹੜੇ ਉਹ ਕਿਸੇ ਵੀ ਕੀਮਤ 'ਤੇ ਆਪਣੇ ਕੋਲੋਂ ਨਹੀਂ ਸੀ ਛੱਡਣਾ ਚਾਹੁੰਦੇ। ਉਸ ਵੇਲੇ ਗੁਰੂ ਮਹਾਰਾਜ ਜੀ ਨੂੰ ਬੁੱਢਾ ਦਰਿਆ ਪਾਰ ਕਰਕੇ ਛੇ-ਸੱਤ ਮੀਲ ਲੈ ਗਏ, ਉਥੇ ਦਰਿਆ ਦੇ ਕੰਢੇ ਉਹਦੇ ਮੁਰੀਦ ਦੀ ਝੌਂਪੜੀ ਬਣੀ ਹੋਈ ਸੀ। ਕਹਿੰਦੇ, ਤੁਸੀਂ ਹੁਣ ਉਥੇ ਦਿਨ ਚੜ੍ਹੇ ਜਾਣਾ ਤਾਂ ਠੀਕ ਨਹੀਂ, ਮੈਂ ਸਾਰਾ ਅੰਦਾਜ਼ਾ ਰੱਖਾਂਗਾ, ਹਰ ਚੀਜ਼ ਦਾ ਪਤਾ ਕਰਾਂਗਾ, ਪਹਿਲਾਂ ਉਨ੍ਹਾਂ ਨੂੰ ਛੁਡਾਈਏ, ਇਹ ਫੌਜ ਨੇ ਚਲੇ ਜਾਣਾ ਹੈ ਏਥੋਂ, ਫੇਰ ਅਸੀਂ ਤੁਹਾਨੂੰ ਲੈ ਲਵਾਂਗੇ। ਸੋ ਮੁਰੀਦ ਨੂੰ ਕਹਿ ਦਿੱਤਾ ਕਿ ਦੇਖੋ, ਇਹ ਮਹਿਮਾਨ ਜੋ ਨੇ ਇਨ੍ਹਾਂ ਦੇ ਬਾਰੇ ਕਿਤੇ ਗੱਲ ਨਹੀਂ ਤੁਸੀਂ ਕਰਨੀ। ਇੱਥੇ ਹੀ ਰਹਿਣਗੇ। ਦੂਸਰੇ ਦਿਨ ਉਹ ਜਾਂਦਾ ਹੈ, ਜਾ ਕੇ ਪੁੱਛਿਆ ਕਿ ਪੀਰ ਜੀ! ਤੁਸੀਂ ਗੁਰੂ ਗੋਬਿੰਦ ਸਿੰਘ ਜੀ ਦੇ ਕੋਲ ਚੰਗੀ ਤਰ੍ਹਾਂ ਰਹੇ ਓਂ। ਦੱਸੋ ਇਹ ਗੁਰੂ ਗੋਬਿੰਦ ਸਿੰਘ ਨੇ? ਕਹਿੰਦੇ, ਨਾ ਇਹ ਤਾਂ ਨਹੀਂ ਹਨ, ਇਹ ਤਾਂ ਕੋਈ ਪੀਰ ਨੇ ਆਪਣੇ ਸੈਰ ਸਪਾਟੇ ਕਰਦੇ ਫਿਰਦੇ ਨੇ, ਮੈਂ ਨਹੀਂ ਇਨ੍ਹਾਂ ਨੂੰ ਜਾਣਦਾ, ਮੈਂ ਗੁਰੂ ਗੋਬਿੰਦ ਸਿੰਘ ਨੂੰ ਚੰਗੀ ਤਰ੍ਹਾਂ ਜਾਣਦਾ ਹਾਂ। ਉਨ੍ਹਾਂ ਨੂੰ ਛੱਡ ਦਿੱਤਾ ਜਾਂਦਾ ਹੈ ਉਵੇਂ ਜਿਵੇਂ ਮੰਜੇ 'ਤੇ ਫੇਰ ਸ਼ਾਮ ਨੂੰ ਤੁਰਦੇ ਨੇ ਉਥੇ ਤੇ ਜਦੋਂ ਰਾਤ ਨੂੰ ਆਉਂਦੇ ਨੇ ਫੇਰ ਉਹ ਪੀਰ ਆਪਣੇ ਮੁਰੀਦ ਕੋਲ ਆਉਂਦਾ ਹੈ ਸਲੋਅ ਵਾਲਾ, ਉਥੋਂ ਗੁਰੂ ਮਹਾਰਾਜ ਨੂੰ ਫੇਰ ਚਾਰਪਾਈ 'ਤੇ ਬਿਠਾਇਆ ਜਾਂਦਾ ਹੈ। ਹੁਣ ਐਡਾ ਵੱਡਾ ਨਾਟਕ ਕਿ ਇਹ ਪਹਿਲਾਂ ਪ੍ਰਗਟ ਕਿਉਂ ਨਾ ਹੋਇਆ, ਕਿੰਨਿਆਂ ਦੇ ਮਨਾਂ 'ਚ ਵਿਚਾਰ ਆਉਂਦੀ ਹੈ ਕਿ ਗੱਲ ਤਾਂ ਇਸ ਤਰ੍ਹਾਂ ਚਲਦੀ ਹੈ, ਗੱਲ ਇਸ ਤਰ੍ਹਾਂ ਚਲਦੀ ਸੀ, ਇਸਲਾਮ ਦਾ ਰਾਜ ਸੀ, ਭੇਤ, ਭੇਤ ਹੀ ਰਹਿੰਦਾ ਹੁੰਦਾ ਹੈ। ਜੇ ਕੋਈ ਦੱਸ ਦਿੰਦਾ ਕਿ ਇਨ੍ਹਾਂ ਨੇ ਕੱਢਿਆ ਹੈ, ਫੇਰ ਉਹ ਕਾਨੂੰਨ ਦੀ ਗ੍ਰਿਫਤ ਵਿੱਚ ਤਾਂ ਬਾਅਦ ਵਿੱਚ ਵੀ ਆ ਸਕਦਾ ਹੈ। ਵੀਹ ਸਾਲ ਤੋਂ ਬਾਅਦ ਵੀ ਆ ਸਕਦਾ ਹੈ, ਤੀਹ ਸਾਲ ਤੋਂ ਬਾਅਦ ਵੀ ਆ ਸਕਦਾ ਹੈ ਤੇ ਇਹ ਗੱਲ ਪ੍ਰਚਲਤ ਨਹੀਂ ਹੋਈ, ਪ੍ਰਚਲਤ ਗੱਲ ਦੂਸਰੀ ਹੋ ਗਈ।

*'ਚਲਦਾ........।'*

# ਸਤਸੰਗਤਿ ਕੈਸੀ ਜਾਣੀਐ ॥ ਜਿਥੈ ਏਕੋ ਨਾਮੁ ਵਖਾਣੀਐ ॥

*ਸੰਤ ਬਾਬਾ ਹਰਪਾਲ ਸਿੰਘ ਜੀ*

*ਸਿਮਰਉ ਸਿਮਰਿ ਸਿਮਰਿ ਸੁਖੁ ਪਾਵਉ ॥*
*ਕਲਿ ਕਲੇਸ ਤਨ ਮਾਹਿ ਮਿਟਾਵਉ ॥*
*ਸਿਮਰਉ ਜਾਸੁ ਬਿਸੁੰਭਰ ਏਕੈ ॥*
*ਨਾਮੁ ਜਪਤ ਅਗਨਤ ਅਨੇਕੈ ॥*
*ਬੇਦ ਪੁਰਾਨ ਸਿੰਮ੍ਰਿਤਿ ਸੁਧਾਖ੍ਯਰ ॥*
*ਕੀਨੇ ਰਾਮ ਨਾਮ ਇਕ ਆਖ੍ਯਰ ॥*
*ਕਿਨਕਾ ਏਕ ਜਿਸੁ ਜੀਅ ਬਸਾਵੈ ॥*
*ਤਾ ਕੀ ਮਹਿਮਾ ਗਨੀ ਨ ਆਵੈ ॥*
*ਕਾਂਖੀ ਏਕੈ ਦਰਸ ਤੁਹਾਰੋ ॥*
*ਨਾਨਕ ਉਨ ਸੰਗਿ ਮੋਹਿ ਉਧਾਰੋ ॥ ੧ ॥ ਅੰਗ - ੨੬੨*

ਪਰਮ ਸਤਿਕਾਰਯੋਗ ਗੁਰੂ ਪਿਆਰੀ ਸਾਧਸੰਗਤ ਜੀ! ਖਿਆਲ ਬਾਹਰ ਜਾਣ ਤੋਂ ਰੋਕੀਏ, ਚਿੱਤ ਬਿਰਤੀਆਂ ਨੂੰ ਇਕਾਗਰ ਕਰੀਏ। ਰਸਨਾ ਦੀ ਪਵਿੱਤਰਤਾ ਦੇ ਵਾਸਤੇ ਸਾਰੇ ਹੀ ਉਚਾਰਨ ਕਰੋ ਜੀ 'ਸਤਿਨਾਮੁ ਸ੍ਰੀ ਵਾਹਿਗੁਰੂ।'

*ਪਰਮੇਸਰਿ ਦਿਤਾ ਬੰਨਾ ॥*
*ਦੁਖ ਰੋਗ ਕਾ ਡੇਰਾ ਭੰਨਾ ॥*
*ਅਨਦ ਕਰਹਿ ਨਰ ਨਾਰੀ ॥*
*ਹਰਿ ਹਰਿ ਪ੍ਰਭਿ ਕਿਰਪਾ ਧਾਰੀ ॥ ੧ ॥*
*ਸੰਤਹੁ ਸੁਖੁ ਹੋਆ ਸਭ ਥਾਈ ॥*
*ਪਾਰਬ੍ਰਹਮੁ ਪੂਰਨ ਪਰਮੇਸਰੁ*
*ਰਵਿ ਰਹਿਆ ਸਭਨੀ ਜਾਈ ॥ ਰਹਾਉ ॥*
*ਧੁਰ ਕੀ ਬਾਣੀ ਆਈ ॥ ਤਿਨਿ ਸਗਲੀ ਚਿੰਤ ਮਿਟਾਈ ॥*
*ਦਇਆਲ ਪੁਰਖ ਮਿਹਰਵਾਨਾ ॥*
*ਹਰਿ ਨਾਨਕ ਸਾਚੁ ਵਖਾਨਾ ॥ ੨ ॥ ੧੩ ॥ ੭੭ ॥*
*ਅੰਗ- ੬੨੭*

*ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ ॥*
*ਅੰਗ- ੯੮੨*

*ਆਵਹੁ ਸਿਖ ਸਤਿਗੁਰੂ ਕੇ ਪਿਆਰਿਹੋ*
*ਗਾਵਹੁ ਸਚੀ ਬਾਣੀ ॥*
*ਬਾਣੀ ਤ ਗਾਵਹੁ ਗੁਰੂ ਕੇਰੀ ਬਾਣੀਆ ਸਿਰਿ ਬਾਣੀ ॥*
*ਜਿਨ ਕਉ ਨਦਰਿ ਕਰਮੁ ਹੋਵੈ ਹਿਰਦੈ ਤਿਨਾ ਸਮਾਣੀ ॥*
*ਪੀਵਹੁ ਅੰਮ੍ਰਿਤੁ ਸਦਾ ਰਹਹੁ ਹਰਿ ਰੰਗਿ*
*ਜਪਿਹੁ ਸਾਰਿਗਪਾਣੀ ॥*
*ਕਹੈ ਨਾਨਕੁ ਸਦਾ ਗਾਵਹੁ ਏਹ ਸਚੀ ਬਾਣੀ ॥ ੨੩ ॥*
*ਅੰਗ- ੯੨੦*

*ਸਤਸੰਗਤਿ ਕੈਸੀ ਜਾਣੀਐ ॥*
*ਜਿਥੈ ਏਕੋ ਨਾਮੁ ਵਖਾਣੀਐ ॥ ਅੰਗ- ੭੨*

ਸਤਿਸੰਗ ਦੀ ਇਹੀ ਨਿਸ਼ਾਨੀ ਹੁੰਦੀ ਹੈ ਕਿ ਜਿੱਥੇ ਹੋਵੇ। ਇਕਾਂਤ ਹੋਵੇ। ਪੂਰਨ ਸ਼ਾਂਤ ਹੋਵੇ ਉਥੇ ਸਤਿਸੰਗ ਹੁੰਦਾ ਹੈ -

*ਸੰਤਸੰਗਿ ਅੰਤਰਿ ਪ੍ਰਭੁ ਡੀਠਾ ॥*
*ਨਾਮੁ ਪ੍ਰਭੂ ਕਾ ਲਾਗਾ ਮੀਠਾ ॥ ਅੰਗ- ੨੯੩*

ਇਹ ਬੜਾ ਪਿਆਰਾ ਲਗਦਾ ਹੈ। ਜੇ ਇਸ ਤਰ੍ਹਾਂ ਦਾ ਮਾਹੌਲ ਨਾ ਮਿਲੇ, ਫੇਰ ਉਥੇ ਕੁਸੰਗ ਹੁੰਦਾ ਹੈ। ਕਲਜੁਗ ਤਾਂ ਹੈ ਹੀ ਕਲਹ ਦਾ ਯੁੱਗ, ਇਸ ਯੁੱਗ ਦੇ ਵਿਚ ਲੜਾਈ ਝਗੜੇ ਕਈ ਵਾਰੀ ਅਕਾਰਨ ਹੀ ਪੈ ਜਾਂਦੇ ਹਨ। ਉਹਨਾਂ ਦੇ ਵਿਚ ਹੀ ਜੀਵਨ ਲੰਘ ਜਾਂਦਾ ਹੈ -

*ਬੈਰ ਬਿਰੋਧ ਕਾਮ ਕ੍ਰੋਧ ਮੋਹ ॥*
*ਝੂਠ ਬਿਕਾਰ ਮਹਾ ਲੋਭ ਧ੍ਰੋਹ ॥*
*ਇਆਹੂ ਜੁਗਤਿ ਬਿਹਾਨੇ ਕਈ ਜਨਮ ॥*
*ਨਾਨਕ ਰਾਖਿ ਲੇਹੁ ਆਪਨ ਕਰਿ ਕਰਮ ॥ ਅੰਗ- ੨੬੮*

ਫੇਰ ਜਦੋਂ ਇਹਨਾਂ ਝਗੜਿਆਂ ਦੇ ਵਿਚ ਫਸ ਜਾਂਦੇ ਹਾਂ, ਫੇਰ ਵਕੀਲ ਦੀ ਵੀ ਲੋੜ ਪੈਂਦੀ ਹੈ। ਵਕੀਲ ਤਕੜਾ ਮਿਲ ਜਾਵੇ ਤਾਂ ਜਿੱਤ ਹੋ ਜਾਂਦੀ ਹੈ। ਇਹ ਤਾਂ ਚਲੋ ਇਸ ਲੋਕ ਦੀ ਬਾਤ ਹੈ। ਇਕ ਪਰਲੋਕ ਹੈ ਉਥੇ ਵੀ ਲੋੜ ਪੈਂਦੀ ਹੈ। ਉਹ ਵਕੀਲ ਇਥੇ ਵੀ ਕੰਮ ਆਉਂਦਾ ਹੈ ਤੇ ਅੱਗੇ ਵੀ ਕੰਮ ਆਉਂਦਾ ਹੈ। ਇਸ ਕਰਕੇ ਉਸ ਦੀ ਸੰਗਤ ਕਰਨ ਵਾਸਤੇ ਬਾਣੀ ਦਸ ਪਾਉਂਦੀ ਹੈ। ਉਹ ਹੁੰਦੇ ਨੇ ਸਾਧੂ। ਉਹ ਸੱਚੀ ਦਰਗਾਹ ਦੇ ਵਕੀਲ ਹੁੰਦੇ ਨੇ-

*ਜੈਸਾ ਸਤਿਗੁਰੁ ਸੁਣੀਦਾ ਤੈਸੋ ਹੀ ਮੈ ਡੀਠੁ ॥*
*ਵਿਛੁੜਿਆ ਮੇਲੇ ਪ੍ਰਭੂ ਹਰਿ ਦਰਗਹ ਕਾ ਬਸੀਠੁ ॥*
*ਅੰਗ- ੯੫੭*

ਉਹ ਐਸੇ ਵਕੀਲ ਹਨ ਜੋ ਇਥੋਂ ਵੀ ਬਚਾਉਂਦੇ ਹਨ ਤੇ ਦਰਗਾਹ ਵਿਚ ਵੀ ਰਾਖੀ ਕਰਦੇ ਹਨ -

*ਹਰਿ ਨਾਮੋ ਮੰਤ੍ਰੁ ਦ੍ਰਿੜਾਇਦਾ ਕਟੇ ਹਉਮੈ ਰੋਗੁ ॥*
*ਨਾਨਕ ਸਤਿਗੁਰੁ ਤਿਨਾ ਮਿਲਾਇਆ*
*ਜਿਨਾ ਧੁਰੇ ਪਇਆ ਸੰਜੋਗੁ ॥ ਅੰਗ- ੯੫੭*

ਉਹ ਹਉਮੈ ਦੇ ਰੋਗ ਨੂੰ ਕੱਟ ਦਿੰਦੇ ਹਨ -

*ਹਉਮੈ ਰੋਗੁ ਮਾਨੁਖ ਕਉ ਦੀਨਾ ॥ ਅੰਗ - ੧੧੪੦*

ਗੁਰਮੰਤ੍ਰ ਗੁਰੂ ਤੋਂ ਮਿਲਦਾ ਹੈ, ਗੁਰਮੰਤਰ ਦੀ ਕਮਾਈ ਕਰਕੇ, ਕਮਾਈ ਬਾਰੇ ਮਹਾਂਪੁਰਸ਼ ਦਸ ਦਿੰਦੇ ਨੇ ਕਿ ਇਸ ਤਰ੍ਹਾਂ ਨਾਲ ਕਰੋ। ਇਸ ਤਰ੍ਹਾਂ ਕਰਨ ਨਾਲ ਤੇਰਾ ਛੁਟਕਾਰਾ ਹੋ ਜਾਵੇਗਾ। ਪਰ ਇਹ ਸੌਖਾ ਵੀ ਨਹੀਂ, ਕੋਈ ਪੂਰਬਲਾ ਕਰਮ ਜਾਗ ਪਵੇ ਫੇਰ

ਪ੍ਰਾਪਤੀ ਹੁੰਦੀ ਹੈ।

*ਮਨੁ ਅਰਪਉ ਧਨੁ ਰਾਖਉ ਆਗੈ*
*ਮਨ ਕੀ ਮਤਿ ਮੋਹਿ ਸਗਲ ਤਿਆਗੀ ॥*
*ਜੋ ਪ੍ਰਭ ਕੀ ਹਰਿ ਕਥਾ ਸੁਨਾਵੈ*
*ਅਨਦਿਨੁ ਫਿਰਉ ਤਿਸੁ ਪਿਛੈ ਵਿਰਾਗੀ ॥*
*ਪੂਰਬ ਕਰਮ ਅੰਕੁਰ ਜਬ ਪ੍ਰਗਟੇ*
*ਭੇਟਿਓ ਪੁਰਖੁ ਰਸਿਕ ਬੈਰਾਗੀ ॥*
*ਮਿਟਿਓ ਅੰਧੇਰੁ ਮਿਲਤ ਹਰਿ ਨਾਨਕ*
*ਜਨਮ ਜਨਮ ਕੀ ਸੋਈ ਜਾਗੀ ॥* *ਅੰਗ- ੨੦੪*

*ਨਾਨਕ ਕਚੜਿਆ ਸਿਉ ਤੋੜਿ*
*ਢੂਢਿ ਸਜਣ ਸੰਤ ਪਕਿਆ ॥*
*ਓਇ ਜੀਵੰਦੇ ਵਿਛੁੜਹਿ ਓਇ ਮੁਇਆ ਨ ਜਾਹੀ ਛੋੜਿ ॥*
*ਅੰਗ- ੧੧੦੨*

ਸੱਤ ਮੰਜ਼ਲਾਂ ਹੁੰਦੀਆਂ ਨੇ, ਸੱਤ ਭੂਮਿਕਾ ਹਨ, ਇਹ ਪੌੜੀਆਂ ਹਨ। ਸਭ ਤੋਂ ਜਿਹੜੀ ਪਹਿਲੀ ਹੈ ਉਹ ਹੈ ਮੰਜ਼ਿਲ-ਏ-ਤਲਾਸ਼, ਤਲਾਸ਼ ਦੇ ਵਿਚ -

*ਬਿਨੁ ਦੇਖੇ ਉਪਜੈ ਨਹੀ ਆਸਾ ॥* *ਅੰਗ- ੧੧੬੭*

ਜਦੋਂ ਤਕ ਸਾਮ੍ਹਣੇ ਕੋਈ ਧੇਅ ਨਹੀਂ ਹੈ, ਕਿਥੇ ਜਾਣਾ, ਕਿਥੋਂ ਆਇਆ -

*ਸੁਨਹੁ ਰੇ ਤੂ ਕਉਨੁ ਕਹਾ ਤੇ ਆਇਓ ॥*
*ਏਤੀ ਨ ਜਾਨਉ ਕੇਤੀਕ ਮੁਦਤਿ*
*ਚਲਤੇ ਖਬਰਿ ਨ ਪਾਇਓ ॥* *ਅੰਗ- ੯੯੯*

ਜਦੋਂ ਮਹਾਤਮਾ ਕੋਲ ਜਾਂਦੇ ਹਾਂ ਉਹ ਇਹੀ ਪੁਛਦੇ ਨੇ ਕਿ ਕਿਥੋਂ ਆਏ ਹੋਂ ਤੇ ਕਿੱਥੇ ਜਾਣਾ ਹੈ। ਸਾਰਾ ਰਸਤਾ ਜਿਹਨੂੰ 'ਆਤਮ ਮਾਰਗ' ਕਿਹਾ ਹੈ, ਉਹ ਦਸ ਦਿੰਦੇ ਨੇ ਜਗਿਆਸੂ ਦੇਖ ਕੇ, ਸ਼ਰਧਾਵਾਨ ਦੇਖ ਕੇ। ਕਿਉਂਕਿ ਜੋ ਸਤਿਗੁਰੂ ਜੀ ਹਨ ਉਹ ਹੈ ਬਾਣੀ -

*ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ ॥*
*ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ*
*ਪਰਤਖਿ ਗੁਰੂ ਨਿਸਤਾਰੇ ॥* *ਅੰਗ- ੯੮੨*
*ਇਹ ਬਾਣੀ ਜੋ ਜੀਅਹੁ ਜਾਣੈ*
*ਤਿਸੁ ਅੰਤਰਿ ਰਵੈ ਹਰਿ ਨਾਮਾ ॥* *ਅੰਗ- ੭੯੭*

ਦਸਦੀ ਹੈ ਕਿ ਕਿੱਧਰ ਨੂੰ ਤੂੰ ਜਾਣਾ ਹੈ। ਕਿੱਥੋਂ ਆਇਆ ਹੈਂ, ਬਜਰ ਕਪਾਟ ਲੱਗੇ ਹੋਏ ਨੇ -

*ਬਜਰ ਕਪਾਟ ਨ ਖੁਲਨੀ ਗੁਰ ਸਬਦਿ ਖੁਲੀਜੈ ॥*
*ਅੰਗ- ੯੫੪*

ਗੁਰੂ ਦਸ ਦਿੰਦੇ ਨੇ ਕਿ ਪਿਆਰਿਆ! ਜਿਹੜਾ ਤੂੰ ਗੁਰੂ ਤੋਂ ਮੰਤਰ ਲਿਆ ਹੈ, ਮੰਤਰ ਦੀ ਕਮਾਈ ਤੂੰ ਕਰਦਾ ਚਲਿਆ ਜਾਹ। ਇਕ ਨਾ ਇਕ ਦਿਨ ਧੁਨ ਦੀ ਅਵਾਜ਼ ਦੇ ਨਾਲ ਇਹ ਦਰਵਾਜ਼ੇ ਖੁਲ੍ਹ ਜਾਣਗੇ। ਬਜਰ ਕਪਾਟ ਨਾਲ ਤੁਲਨਾ ਦਿਤੀ ਹੈ -

*ਹਰਿ ਨਾਮੋ ਮੰਤ੍ਰੁ ਦ੍ਰਿੜਾਇਦਾ ਕਟੇ ਹਉਮੈ ਰੋਗੁ ॥*
*ਨਾਨਕ ਸਤਿਗੁਰੁ ਤਿਨਾ ਮਿਲਾਇਆ*
*ਜਿਨਾ ਧੁਰੇ ਪਇਆ ਸੰਜੋਗੁ ॥* *ਅੰਗ- ੯੫੭*

ਸਾਡੇ ਘਰ ਦਾ ਮੰਤ੍ਰ ਹੈ 'ਵਾਹਿਗੁਰੂ'। ਇਹ ਦ੍ਰਿੜ੍ਹ ਕਰਵਾਉਂਦੇ ਨੇ। ਅੰਦਰ ਜੋ ਨਾਮ ਹੈ ਉਸ ਤੱਕ ਪਹੁੰਚਾਉਣ ਦਾ ਇਹ ਸਾਧਨ ਹੈ -

*ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ ॥*
*ਦੇਹੀ ਮਹਿ ਇਸ ਕਾ ਬਿਸ੍ਰਾਮੁ ॥* *ਅੰਗ- ੨੯੩*

ਜੁਗਤ ਦਸ ਦਿੰਦੇ ਹਨ ਕਿ ਪਿਆਰਿਆ ਤੂੰ ਇਹ ਕਰਦਾ ਚਲਿਆ ਜਾਹ। ਇਹਦੇ ਨਾਲ ਤੇਰੇ ਸਾਰੇ ਦੁੱਖ, ਸਾਰੇ ਰੋਗ, ਸਾਰੇ ਵਿਘਨ, ਦਲਿੱਦਰ ਦੂਰ ਹੋ ਜਾਣਗੇ। ਕਿਉਂਕਿ ਸਾਰੇ ਦੁੱਖਾਂ ਦਾ, ਰੋਗਾਂ ਦਾ ਇਲਾਜ ਹੀ -

*ਸਰਬ ਰੋਗ ਕਾ ਅਉਖਦੁ ਨਾਮੁ ॥*
*ਕਲਿਆਣ ਰੂਪ ਮੰਗਲ ਗੁਣ ਗਾਮ ॥* *ਅੰਗ - ੨੭੪*

*ਗੁਨ ਗਾਵਤ ਤੇਰੀ ਉਤਰਸਿ ਮੈਲੁ ॥*
*ਬਿਨਸਿ ਜਾਇ ਹਉਮੈ ਬਿਖੁ ਫੈਲੁ ॥* *ਅੰਗ- ੨੮੯*

ਬਿਖ ਦੂਰ ਹੋ ਜਾਂਦੀ ਹੈ, ਜਿਹੜੀ ਬਿਹੁ ਫੈਲ ਗਈ ਹੈ। ਇਹਦੇ ਨਾਲ ਹਉਮੈ ਦੇ ਰੋਗ ਵੀ ਕੱਟੇ ਜਾਂਦੇ ਹਨ ਕਿਉਂਕਿ -

*ਹਉਮੈ ਨਾਵੈ ਨਾਲਿ ਵਿਰੋਧੁ ਹੈ*
*ਦੁਇ ਨ ਵਸਹਿ ਇਕ ਠਾਇ ॥* *ਅੰਗ- ੫੬੦*

*ਜਬ ਹਮ ਹੋਤੇ ਤਬ ਤੂ ਨਾਹੀ ਅਬ ਤੂਹੀ ਮੈ ਨਾਹੀ ॥*
*ਅਨਲ ਅਗਮ ਜੈਸੇ ਲਹਰਿ ਮਇ ਓਦਧਿ*
*ਜਲ ਕੇਵਲ ਜਲ ਮਾਂਹੀ ॥*
*ਮਾਧਵੇ ਕਿਆ ਕਹੀਐ ਭ੍ਰਮੁ ਐਸਾ ॥*
*ਜੈਸਾ ਮਾਨੀਐ ਹੋਇ ਨ ਤੈਸਾ ॥ ੧ ॥ ਰਹਾਉ ॥*
*ਨਰਪਤਿ ਏਕੁ ਸਿੰਘਾਸਨਿ ਸੋਇਆ*
*ਸੁਪਨੇ ਭਇਆ ਭਿਖਾਰੀ ॥*
*ਅਛਤ ਰਾਜ ਬਿਛੁਰਤ ਦੁਖੁ ਪਾਇਆ*
*ਸੋ ਗਤਿ ਭਈ ਹਮਾਰੀ ॥* *ਅੰਗ- ੬੫੭*

ਐਸੀ ਸਾਡੀ ਅਵਸਥਾ ਹੈ। ਭੁੱਲ ਗਏ ਹਾਂ ਤੇ ਇਸੇ ਨੂੰ ਯਾਦ ਕਰਵਾਉਂਦੇ ਹਨ। ਗੁਰੂ, ਪੀਰ, ਮਹਾਂਪੁਰਸ਼, ਸਾਧੂ ਬਾਣੀ ਨਾਲ ਜੋੜਦੇ ਹਨ। ਇਸ ਕਰਕੇ ਉਹ ਪੱਕੇ ਹਨ। ਕੱਚੇ ਕੌਣ ਨੇ? ਕੱਚੇ ਹੁੰਦੇ ਨੇ ਜਿਹੜੇ ਇਥੇ ਹੀ ਸਾਥ ਛੱਡ ਦਿੰਦੇ ਨੇ -

*ਜਹ ਮਾਤ ਪਿਤਾ ਸੁਤ ਮੀਤ ਨ ਭਾਈ ॥*
*ਮਨ ਊਹਾ ਨਾਮੁ ਤੇਰੈ ਸੰਗਿ ਸਹਾਈ ॥* *ਅੰਗ- ੨੬੪*

ਐਸੇ ਮਿੱਤਰ ਅੱਗੇ ਕੰਮ ਆਉਂਦੇ ਨੇ ਜਿਨ੍ਹਾਂ ਦੀ ਸੰਗਤ ਤਾਰ ਦਿੰਦੀ ਹੈ। ਕੁਸੰਗ ਡੋਬ ਦਿੰਦੀ ਹੈ-

*ਸਜਣ ਸੇਈ ਨਾਲਿ ਮੈ ਚਲਦਿਆ ਨਾਲਿ ਚਲੰਨਿ੍ ॥*
*ਜਿਥੈ ਲੇਖਾ ਮੰਗੀਐ ਤਿਥੈ ਖੜੇ ਦਿਸੰਨਿ ॥*
*ਅੰਗ- ੭੨੯*

ਕਿਉਂਕਿ ਐਡੀ ਕ੍ਰਿਪਾ ਹੋ ਜਾਂਦੀ ਹੈ, ਬਖਸ਼ਿਸ਼ ਹੋ ਜਾਂਦੀ ਹੈ, ਰਹਿਮਤ ਹੋ ਜਾਂਦੀ ਹੈ। ਲੇਖਾ ਤਾਂ ਸਾਰਾ ਹੀ ਖਤਮ ਹੋ ਜਾਂਦਾ ਹੈ -

*ਧਰਮ ਰਾਇ ਦਰਿ ਕਾਗਦ ਫਾਰੇ*
*ਜਨ ਨਾਨਕ ਲੇਖਾ ਸਮਝਾ ॥ ਅੰਗ- ੬੯੮*

ਇਸ ਕਰਕੇ ਹਿਸਾਬ-ਕਿਤਾਬ 'ਚ ਤਾਂ ਛੁਟਕਾਰਾ ਹੁੰਦਾ ਨਹੀਂ -

*ਲੇਖੈ ਕਤਹਿ ਨ ਛੂਟੀਐ ਖਿਨੁ ਖਿਨੁ ਭੂਲਨਹਾਰ ॥*
*ਬਖਸਨਹਾਰ ਬਖਸਿ ਲੈ ਨਾਨਕ ਪਾਰਿ ਉਤਾਰ ॥*
*ਅੰਗ- ੨੬੧*

ਅਸੀਂ ਭੁੱਲਦੇ ਹਾਂ ਪਰ ਗੁਰੂ ਨਹੀਂ ਭੁੱਲਦਾ -

*ਭੁਲਣ ਅੰਦਰਿ ਸਭੁ ਕੋ ਅਭੁਲੁ ਗੁਰੂ ਕਰਤਾਰੁ ॥*
*ਅੰਗ - ੬੧*

ਉਹ ਬਖਸ਼ਿਸ਼ ਕਰ ਦਿੰਦੇ ਹਨ।

*ਕਬੀਰ ਸੇਵਾ ਕਉ ਦੁਇ ਭਲੇ ਏਕੁ ਸੰਤੁ ਇਕੁ ਰਾਮੁ ॥*
*ਰਾਮੁ ਜੁ ਦਾਤਾ ਮੁਕਤਿ ਕੋ ਸੰਤੁ ਜਪਾਵੈ ਨਾਮੁ ॥*
*ਅੰਗ- ੧੩੭੩*

'ਆਤਮ ਮਾਰਗ' ਦੀ ਸੇਵਾ ਚਲਦੀ ਹੈ -

*ਟਹਲ ਮਹਲ ਤਾ ਕਉ ਮਿਲੈ ਜਾ ਕਉ ਸਾਧ ਕ੍ਰਿਪਾਲ ॥*
*ਅੰਗ-੨੫੫*

ਕ੍ਰਿਪਾ ਹੀ ਹੁੰਦੀ ਹੈ, ਬਖਸ਼ਿਸ਼ ਹੁੰਦੀ ਹੈ ਤੇ ਕਿੱਡਾ ਵੱਡਾ ਸੁਨੇਹਾ ਹੈ ਇਹ। ਸਿਧਾਂਤ ਹੈ ਸਤਿਗੁਰੂ ਜੀ ਦਾ। ਨਾਮ ਬਾਣੀ ਦਾ ਪ੍ਰਚਾਰ ਸਾਰੇ ਸੰਸਾਰ ਵਿਚ ਫੈਲ ਗਿਆ। 27 ਸਾਲ ਵਿਸਾਖੀ ਨੂੰ ਪੂਰੇ ਹੋ ਜਾਣੇ ਹਨ। ਸੋ ਪਿਆਰ ਵਾਲੇ ਲਾਹਾ ਲੈ ਰਹੇ ਹਨ।

ਕਿੰਨੀਆਂ ਹੀ ਸੇਵਾਵਾਂ ਹਨ - ਬਿਰਧ ਆਸ਼ਰਮ ਆਪਣੀ ਮਿਸਾਲ ਆਪ ਹੈ। ਬਜ਼ੁਰਗਾਂ ਨੂੰ ਕਿੰਨਾ ਔਖਾ ਹੋਣਾ ਪੈਂਦਾ ਹੈ। ਅੰਤ ਸਮਾਂ ਕਿੰਨਾ ਔਖਾ ਹੈ -

*ਕਬੀਰ ਜਮ ਕਾ ਠੇਂਗਾ ਬੁਰਾ ਹੈ*
*ਓਹੁ ਨਹੀ ਸਹਿਆ ਜਾਇ ॥*
*ਏਕੁ ਜੁ ਸਾਧੂ ਮੋੁਹਿ ਮਿਲਿਓ*
*ਤਿਨ੍ਹਿ ਲੀਆ ਅੰਚਲਿ ਲਾਇ ॥ ਅੰਗ- ੧੩੬੮*

ਇਥੇ ਵੀ ਤੇ ਅੱਗੇ ਵੀ ਸਾਮ੍ਹਣੇ ਪ੍ਰਤੱਖ ਕੋਈ ਦਿਸਦੀ ਹੋਵੇ, ਫੇਰ ਕੀ ਉਹਦੀ ਗੱਲ ਕਰੀਏ। ਦੱਸਣ ਸੁਣਨ 'ਚ ਫਰਕ ਹੋ ਸਕਦਾ ਹੈ। ਸਾਮ੍ਹਣੇ ਦੇਖਣ 'ਚ-

*ਸੰਤਨ ਕੀ ਸੁਣਿ ਸਾਚੀ ਸਾਖੀ ॥*
*ਸੋ ਬੋਲਹਿ ਜੋ ਪੇਖਹਿ ਆਖੀ ॥ ਅੰਗ- ੮੯੪*

ਹਸਪਤਾਲ ਚਲਦਾ ਹੈ। ਅੱਜ ਡਾਕਟਰਾਂ ਕੋਲ ਜਾਓ, ਕਿੰਨੀ ਫੀਸ ਹੈ। ਇਲਾਜ ਕਰਾਉਂਦੇ-ਕਰਾਉਂਦੇ ਹੋਰ ਚਿੰਤਾ ਵਧ ਜਾਂਦੀ ਹੈ, ਫੀਸਾਂ ਨੂੰ ਦੇਖ ਕੇ। ਚਿੰਤਾ ਹੋ ਜਾਂਦੀ ਹੈ। ਇਥੇ ਇਸ ਗੱਲ ਦੀ ਕੋਈ ਚਿੰਤਾ ਹੀ ਨਹੀਂ-

*ਬਿਰਧਿ ਭਇਆ ਊਪਰਿ ਸਾਕ ਸੈਨ ॥*
*ਮੁਖਿ ਅਪਿਆਉ ਬੈਠ ਕਉ ਦੈਨ ॥ ਅੰਗ- ੨੬੭*

ਫੇਰ ਏਥੇ ਜਿੰਨੇ ਡਾਕਟਰ ਪਹੁੰਚਦੇ ਹਨ, ਸਾਰੇ ਸੇਵਾ ਵਿਚ ਹਨ। ਇਥੇ ਹੀ ਬਸ ਨਹੀਂ, ਸ੍ਰੀ ਅਨੰਦਪੁਰ ਸਾਹਿਬ ਵੀ, ਉਹ ਜੰਗਲ ਬੇਲਿਆਂ ਦੀ ਧਰਤੀ, ਉਥੇ ਵੀ ਸੇਵਾ ਦਾ, ਸਿਮਰਨ ਦਾ ਕੁੰਭ ਚਲ ਪਿਆ। ਉਥੇ ਵੀ ਹਸਪਤਾਲ ਬਣ ਗਏ। ਸਾਰੇ ਟੈਸਟ ਵੀ ਫਰੀ, ਦਵਾਈਆਂ ਵੀ ਫਰੀ (ਮੁਫ਼ਤ) ਡਾਕਟਰ ਵੀ ਫਰੀ ਸੇਵਾ ਕਰਦੇ ਨੇ। ਨਿਸ਼ਕਾਮ ਸੇਵਾ ਦਾ ਕੇਂਦਰ ਸਥਾਪਨ ਹੋ ਗਿਆ। ਇਥੋਂ ਸ਼ਹਿਰ ਦੀਆਂ ਸੁਸਾਇਟੀਆਂ ਵੀ ਅੱਗੇ ਆਈਆਂ। ਉਹ ਵੀ ਸੇਵਾ ਦੇ ਖੇਤਰ ਵਿਚ ਯੋਗਦਾਨ ਪਾ ਰਹੀਆਂ ਹਨ।

ਕਈ ਪ੍ਰੇਮੀਆਂ ਦਾ ਮਾਨਸਿਕ ਸੰਤੁਲਨ ਵਿਗੜ ਜਾਂਦਾ ਹੈ। ਉਹਨਾਂ ਦਾ ਇਲਾਜ ਤਾਂ ਕੋਈ ਹੁੰਦਾ ਨਹੀਂ। ਸੰਭਾਲਣਾ ਹੀ ਬਹੁਤ ਔਖਾ ਹੈ। ਸੋ ਉਸ ਵਾਸਤੇ ਮਹਾਂਪੁਰਸ਼ਾਂ ਦੇ ਨਾਮ ਉਪਰ ਸੁਖ ਅਸਥਾਨ, ਉਹ ਵੀ ਆਪਣੀ ਮਿਸਾਲ ਆਪ ਹੋਣੀ ਹੈ। ਦੋ ਕੁ ਸਾਲ ਦਾ ਟੀਚਾ ਰਖਿਆ ਹੈ, ਉਸ ਤੋਂ ਪਹਿਲਾਂ ਹੀ ਤਿਆਰ ਹੋ ਜਾਣਾ ਹੈ। ਸੋ ਇਹ ਸੇਵਾਵਾਂ ਚਲਦੀਆਂ ਹਨ। ਵੱਡੀ ਜਿਹੜੀ ਸੇਵਾ ਹੁੰਦੀ ਹੈ-

*ਸੰਤ ਕੀ ਸੇਵਾ ਨਾਮੁ ਧਿਆਈਐ ॥ ਅੰਗ- ੨੬੫*

ਜੇ ਉਹਨਾਂ ਦੇ ਪਿਆਰ ਵਿਚ ਜੀਵਨ ਬਸਰ ਹੋਵੇ, ਧਿਆਨ ਵਿਚ ਆਪੇ ਹੀ ਨਾਮ ਚਿੱਤ ਆ ਜਾਂਦਾ ਹੈ। ਜੁਗਤੀ ਪਤਾ ਲਗ ਜਾਂਦੀ ਹੈ ਕਿ ਇਸ ਤਰ੍ਹਾਂ ਨਾਲ ਕਰਨਾ ਹੈ। ਸੋ ਕਰਦੇ ਤੁਸੀਂ ਸਾਰੇ ਹੀ ਹੋਂ, ਕਰਦੇ ਜਾਓ, ਫਲ ਦੀ ਆਸ ਨਾ ਰੱਖੋ। ਫਲ ਤਾਂ ਆਪੇ ਹੀ ਲਗਦਾ ਹੈ, ਉਹ ਕੁਦਰਤ ਦਾ ਕੰਮ ਹੈ। ਹੁਣ ਬੀਜ ਬੀਜੋ, ਬੀਜ ਬੀਜਣਾ ਸਾਡਾ ਕੰਮ ਹੈ ਤੇ ਫਲ ਲਾਉਣਾ ਉਸ ਦਾ ਕੰਮ ਹੈ। ਜਿਹੜੀ ਸਾਡੀ ਡਿਊਟੀ ਹੈ ਉਹ ਹੈ ਨਾਮ ਜਪੋ, ਜਪਾਵੋ, ਸੇਵਾ ਕਰੋ। ਸੇਵਾ ਤੇ ਸਿਮਰਨ ਵਾਸਤੇ ਹੀ ਮਾਨੁਖ ਤਨ ਮਿਲਿਆ ਹੈ। ਸਤਿਗੁਰਾਂ ਦਾ ਕੋਟਾਨ-ਕੋਟ ਧੰਨਵਾਦ ਹੈ ਜਿਨ੍ਹਾਂ ਦੀ ਚਰਨ-ਸ਼ਰਨ ਵਿਚ ਬੈਠ ਕੇ ਸਤਿਸੰਗ ਦਾ ਸੁਭਾਗ ਮਿਲਿਆ। ਸੋ ਇਸੇ ਤਰ੍ਹਾਂ ਨਾਲ ਕਰਦੇ ਚਲੋ। ਜੋ ਸਤਿਪੁਰਸ਼ਾਂ ਨੇ ਜੁਗਤ ਦਰਸਾਈ ਹੈ, ਉਸ ਨੂੰ ਅਪਣਾਓ।

*ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ।*

# ਕਲਮ ਹੋਏ ਸੀਸ ਨੂੰ ਤਲੀ 'ਤੇ ਟਿਕਾਉਣ ਵਾਲੇ ਕਲਮ ਅਤੇ ਕਿਰਪਾਨ ਦੇ ਧਨੀ

## ਸ਼ਹੀਦ ਬਾਬਾ ਦੀਪ ਸਿੰਘ ਜੀ

*ਸ. ਰਣਜੀਤ ਸਿੰਘ ਰਾਣਾ*

ਸੰਨ 1699 ਦੀ ਵਿਸਾਖੀ ਨੂੰ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਲੋਂ ਕੀਤੀ ਖਾਲਸਾ ਪੰਥ ਦੀ ਸਿਰਜਣਾ ਦੇ ਅਗੰਮੀ ਕੌਤਕ ਨੇ ਗੁਰੂ ਨਾਨਕ ਨਾਮ ਲੇਵਾ ਸਿੱਖਾਂ ਨੂੰ ਪੂਰੀ ਤਰ੍ਹਾਂ ਸ੍ਰੀ ਅਨੰਦਪੁਰ ਸਾਹਿਬ ਨਾਲ ਜੋੜ ਦਿਤਾ। ਦੂਰ-ਦੁਰਾਡੇ ਪਿੰਡਾਂ-ਥਾਵਾਂ 'ਤੇ ਰਹਿਣ ਵਾਲੇ ਸਿੱਖ ਵੀ 'ਸਿੰਘ' ਲਕਬ ਦੇ ਧਾਰਨੀ ਹੋਣ ਲਈ, ਸਤਿਗੁਰੂ ਦੇ ਦਰਸ਼ਨ-ਦੀਦਾਰਿਆਂ ਲਈ, ਵਹੀਰਾਂ ਘੱਤ ਕੇ ਸ੍ਰੀ ਅਨੰਦਪੁਰ ਸਾਹਿਬ ਆਉਣ ਲੱਗੇ। ਅਜਿਹੇ ਹੀ ਸੁਭਾਗੇ ਸਿੱਖਾਂ ਵਿਚੋਂ ਇਕ ਸੀ, ਭਾਈ ਭਗਤੂ ਦਾ ਟੱਬਰ। ਆਪਣੇ ਸਾਰੇ ਪਰਿਵਾਰ ਨੂੰ ਸਤਿਗੁਰੂ ਦੇ ਬੇੜੇ ਚੜ੍ਹਾਉਣ ਦੀ ਮਨਸ਼ਾ ਤਹਿਤ ਪਿੰਡ ਪਹੂਵਿੰਡ, ਜ਼ਿਲਾ ਅੰਮ੍ਰਿਤਸਰ ਦਾ ਵਸਨੀਕ ਭਾਈ ਭਗਤੂ, ਆਪਣੀ ਸੁਪਤਨੀ ਜੀਊਨੀ ਅਤੇ ਸਪੁੱਤਰ ਦੀਪੇ ਸਮੇਤ ਸੰਨ 1700 ਦੀ ਵਿਸਾਖੀ ਤੋਂ ਦੋ-ਚਾਰ ਦਿਨ ਪਹਿਲਾਂ ਸ੍ਰੀ ਅਨੰਦਪੁਰ ਸਾਹਿਬ ਪੁੱਜਾ। ਅਕਾਲ ਪੁਰਖ ਦੀ ਫੌਜ 'ਖਾਲਸਾ ਪੰਥ' ਦੇ ਪ੍ਰਗਟ ਦਿਹਾੜੇ ਦੀ ਪਹਿਲੀ ਵਰ੍ਹੇ ਗੰਢ ਮੌਕੇ ਸ੍ਰੀ ਅਨੰਦਪੁਰ ਸਾਹਿਬ ਦੀ ਪਾਵਨ ਧਰਤੀ 'ਤੇ ਵਿਸ਼ਾਲ ਪੱਧਰ ਦਾ ਅੰਮ੍ਰਿਤ ਸੰਚਾਰ ਕੀਤਾ ਗਿਆ। ਉਚੇਚੇ ਤੌਰ 'ਤੇ ਦੂਰ-ਦੁਰਾਡਿਓਂ ਪੁੱਜੀਆਂ ਹਜ਼ਾਰਾਂ ਹੀ ਸੰਗਤਾਂ ਨੇ ਜਗਿਆਸੂ ਰੂਪ ਹੋ ਕੇ ਅੰਮ੍ਰਿਤਪਾਨ ਕੀਤਾ ਅਤੇ ਸਤਿਗੁਰੂ ਦੀ ਇਲਾਹੀ ਨਦਰ ਦੀਆਂ ਪਾਤਰ ਬਣੀਆਂ। ਭਾਈ ਭਗਤੂ, ਮਾਤਾ ਜਿਊਨੀ ਅਤੇ 18 ਸਾਲਾਂ ਦੇ ਮੁੱਛ ਫੁੱਟ ਗੱਭਰੂ ਦੀਪੇ ਨੂੰ ਵੀ ਇਸ ਸਮੇਂ ਅੰਮ੍ਰਿਤ ਦੀ ਅਮੁੱਲੀ ਦਾਤ ਪ੍ਰਾਪਤ ਹੋਈ। ਅੰਮ੍ਰਿਤ ਛਕਣ ਉਪਰੰਤ ਦੀਪੇ ਦਾ ਨਾਂ 'ਦੀਪ ਸਿੰਘ' ਰੱਖਿਆ ਗਿਆ। ਰੱਬੀ ਰਹਿਮਤਾਂ ਦੀਆਂ ਅਨੂਠੀਆਂ ਖੂਬੀਆਂ ਨਾਲ ਵਰੋਸਾਇਆ, ਇਹ ਹੀ ਦੀਪ ਸਿੰਘ; ਸਿੱਖ ਇਤਿਹਾਸ ਦਾ ਸੂਰਜ 'ਸ਼ਹੀਦ ਬਾਬਾ ਦੀਪ ਸਿੰਘ' ਬਣ ਕੇ ਕੁਲ ਆਲਮ 'ਤੇ ਧਰੂਅ ਤਾਰੇ ਵਾਂਗ ਚਮਕਿਆ।

ਇਤਿਹਾਸਿਕ ਹਵਾਲਿਆਂ ਮੁਤਾਬਿਕ ਬਾਬਾ ਦੀਪ ਸਿੰਘ ਦਾ ਜਨਮ 27 ਜਨਵਰੀ 1682 ਈਸਵੀ ਨੂੰ ਮਾਝੇ ਦੇ ਮਸ਼ਹੂਰ ਪਿੰਡ ਪਹੂਵਿੰਡ ਵਿਖੇ ਹੋਇਆ। ਚੜ੍ਹਦੀ ਉਮਰੇ ਅੰਮ੍ਰਿਤ ਛਕ ਕੇ ਉਹ ਸਤਿਗੁਰੂ ਦੀ ਲਿਵ ਵਿਚ ਜੁੜ ਗਏ। ਸ੍ਰੀ ਅਨੰਦਪੁਰ ਸਾਹਿਬ ਦੇ ਰੱਬੀ ਰੰਗਾਂ ਨੇ ਉਹਨਾਂ ਦੀ ਰੂਹ ਦੀਆਂ ਤਰਬਾਂ ਛੇੜ ਦਿਤੀਆਂ। ਸ਼ਸਤਰਧਾਰੀ ਸੂਰਮੇ ਸਿੰਘਾਂ ਦੀ ਸੂਰਬੀਰਤਾ ਦੇ ਨਜ਼ਾਰਿਆਂ ਨੇ ਉਹਨਾਂ ਦੇ ਮਨ-ਮਸਤਕ ਵਿਚ ਜੂਝਣ ਦੀ ਬਿਰਤੀ ਉਜਾਗਰ ਕਰ ਦਿਤੀ। ਨੌਜਵਾਨ ਭਾਈ ਦੀਪ ਸਿੰਘ, ਕਲਗੀਧਰ ਦਾ ਹੁਕਮ ਮੰਨ ਕੇ ਅਤੇ ਮਾਤਾ-ਪਿਤਾ ਤੋਂ ਆਗਿਆ ਲੈ ਕੇ ਪੱਕੇ ਤੌਰ 'ਤੇ ਸ੍ਰੀ ਅਨੰਦਪੁਰ ਭਾਈ ਦੀਪ ਸਿੰਘ ਦੀ ਮੁੱਢਲੀ ਪੜ੍ਹਾਈ-ਲਿਖਾਈ ਅਤੇ ਸ਼ਸਤਰ-ਅਸ਼ਤਰ ਦੀ ਵਿਦਿਆ ਦਾ ਅਭਿਆਸ ਸ਼ੁਰੂ ਹੋਇਆ। ਚਾਰ ਸਾਲ ਦੀ ਨਿਰੰਤਰ ਘਾਲਣਾ ਨੇ ਭਾਈ ਦੀਪ ਸਿੰਘ ਨੂੰ ਇਤਨਾ ਵਿਦਵਾਨ ਬਣਾ ਦਿਤਾ ਕਿ 22 ਕੁ ਸਾਲ ਦੀ ਛੋਟੀ ਉਮਰ ਵਿਚ ਸ੍ਰੀ ਅਨੰਦਪੁਰ ਸਾਹਿਬ ਦੀ ਜੂਹ ਵਿਚ ਵਸਦੇ ਸਾਰੇ ਸਿੱਖ ਉਸ ਨੂੰ 'ਬਾਬਾ ਜੀ' ਆਖ ਕੇ ਪੁਕਾਰਨ ਲੱਗ ਪਏ।

ਇਸ ਸਮੇਂ ਦੌਰਾਨ ਬਾਬਾ ਦੀਪ ਸਿੰਘ ਜੀ ਘੋੜ-ਸਵਾਰੀ ਅਤੇ ਸ਼ਸਤਰ ਵਿਦਿਆ ਵਿਚ ਇਤਨੇ ਨਿਪੁੰਨ ਹੋ ਗਏ ਕਿ ਇਕ ਦਿਨ ਸਤਿਗੁਰੂ ਜੀ ਦਾ ਇਸ਼ਾਰਾ ਪਾ ਕੇ ਇਕੱਲਿਆਂ ਨੇ ਹੀ ਸ਼ੇਰ ਦਾ ਸ਼ਿਕਾਰ ਕਰ ਦਿਤਾ। ਸ੍ਰੀ ਅਨੰਦਪੁਰ ਸਾਹਿਬ ਜੁੜੀਆਂ ਸੰਗਤਾਂ ਵਿਚ ਜਿਥੇ ਬਾਬਾ ਦੀਪ ਸਿੰਘ ਜੀ ਦੀ ਮੋਤੀਆਂ ਵਰਗੀ ਲਿਖਾਈ ਦੀ ਚਰਚਾ ਛਿੜਦੀ, ਉਥੇ ਗਤਕੇ ਦੇ ਅਖਾੜੇ ਵਿਚ ਉਹਨਾਂ ਵਲੋਂ ਪੁੱਟੇ ਗਏ ਪੈਂਤੜਿਆਂ ਦੀ ਬਾਤ ਵੀ ਪਾਈ ਜਾਂਦੀ। ਬਾਬਾ ਦੀਪ ਸਿੰਘ, ਸਤ੍ਰਿਗੁਰੂ ਦੇ ਚਰਨਾਂ ਵਿਚ ਰਹਿ ਕੇ ਕਲਮ ਅਤੇ ਕਿਰਪਾਨ ਦੀ ਵਰਤੋਂ ਦੇ ਧਨੀ ਬਣ ਗਏ। ਉਨ੍ਹਾਂ ਦੀ ਸੁਭਾਗੀ ਨੇੜਤਾ ਪਾ ਕੇ ਸੂਰਬੀਰਤਾ ਅਤੇ ਵਿਦਵਤਾ ਇਕ ਬਿੰਦੂ 'ਤੇ ਇਕੱਠੀਆਂ ਹੋ ਗਈਆਂ। ਸਰਸਵਤੀ ਅਤੇ ਚੰਡੀ ਉਨ੍ਹਾਂ ਦੇ ਪੋਟਿਆਂ ਨੂੰ ਪਲੋਸਣ ਲੱਗੀਆਂ।

ਪੂਰੇ ਚਾਰ ਵਰ੍ਹੇ ਬਾਅਦ ਸੰਨ 1704 ਦੀ ਵਿਸਾਖੀ ਸਮੇਂ ਸ੍ਰੀ ਅਨੰਦਪੁਰ ਸਾਹਿਬ ਪੁੱਜੇ ਭਾਈ ਭਗਤੂ ਅਤੇ ਮਾਤਾ ਜਿਊਨੀ ਨੇ ਕਲਗੀਧਰ ਪਾਤਸ਼ਾਹ ਦੇ ਹਜ਼ੂਰ

ਬਾਬਾ ਦੀਪ ਸਿੰਘ ਨੂੰ ਅਨੰਦ ਕਾਰਜ ਲਈ ਪਿੰਡ ਲਿਜਾਣ ਦੀ ਬੇਨਤੀ ਕੀਤੀ। ਸਤਿਗੁਰੂ ਦਾ ਹੁਕਮ ਮੰਨ ਕੇ ਬਾਬਾ ਦੀਪ ਸਿੰਘ ਜੀ, ਆਪਣੇ ਮਾਤਾ-ਪਿਤਾ ਨਾਲ ਪਿੰਡ ਪਹੂਵਿੰਡ ਪਹੁੰਚ ਗਏ। ਇਧਰ ਵਿਆਹ ਦੀਆਂ ਤਿਆਰੀਆਂ ਵਜੋਂ ਬਾਬਾ ਦੀਪ ਸਿੰਘ ਲਈ ਹਾਣੀ-ਪ੍ਰਵਾਣੀ ਰਿਸ਼ਤੇ ਦੀ ਭਾਲ ਕੀਤੀ ਜਾ ਰਹੀ ਸੀ, ਉਧਰ ਦਿੱਲੀ ਦੀਆਂ ਫੌਜਾਂ ਦੇ ਨਾਲ-ਨਾਲ ਬਾਈਧਾਰ ਦੇ ਪਹਾੜੀ ਰਾਜੇ, ਲਾਹੌਰ ਅਤੇ ਸਰਹਿੰਦ ਦੇ ਸੂਬੇਦਾਰ ਸਾਂਝੇ ਤੌਰ 'ਤੇ ਸ੍ਰੀ ਅਨੰਦਪੁਰ ਸਾਹਿਬ ਨੂੰ ਘੇਰਨ ਦੇ ਮਨਸੂਬੇ ਉਲੀਕ ਰਹੇ ਸਨ। ਏਧਰ ਪਹੂ ਵਿੰਡ ਵਿਚ ਵਿਆਹ ਦੀਆਂ ਤਿਆਰੀਆਂ ਮੁਕੰਮਲ ਹੋਈਆਂ, ਉਧਰੋਂ ਸਤਿਗੁਰੂ ਦੇ ਸ੍ਰੀ ਅਨੰਦਪੁਰ ਸਾਹਿਬ ਛੱਡਣ ਦੀ ਖਬਰ ਆ ਗਈ। ਸ਼ਾਦੀ ਅਜੇ ਹੋਣੀ ਸੀ ਕਿ ਚਾਰ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੇ ਸ਼ਹੀਦ ਹੋਣ ਦੀ ਸੂਹ ਮਾਝੇ ਦੇ ਪਿੰਡਾਂ ਵਿਚ ਜੰਗਲ ਦੀ ਅੱਗ ਵਾਂਗ ਫੈਲ ਗਈ। ਬਾਬਾ ਦੀਪ ਸਿੰਘ ਨੇ ਸ੍ਰੀ ਅਨੰਦਪੁਰ ਸਾਹਿਬ ਵਿਖੇ ਰਹਿੰਦਿਆਂ ਮਾਤਾ ਗੁਜਰੀ ਜੀ ਕੋਲੋਂ ਲਾਡਲੇ ਪੁੱਤਰਾਂ ਵਾਲਾ ਪਿਆਰ ਹੰਢਾਇਆ ਸੀ। ਉਸ ਨੇ ਦੋਹਾਂ ਛੋਟੇ ਸਾਹਿਬਜ਼ਾਦਿਆਂ ਨੂੰ ਕਈ ਵਾਰ ਕੰਧੇੜੇ ਚੁੱਕ ਕੇ ਖਿਡਾਇਆ ਸੀ। ਬਾਬਾ ਫਤਹਿ ਸਿੰਘ ਨੂੰ ਗੁਰਬਾਣੀ ਦੀਆਂ ਮਿੱਠੀਆਂ-ਮਿੱਠੀਆਂ ਲੋਰੀਆਂ ਅਨੇਕਾਂ ਵਾਰ ਸੁਣਾਈਆਂ ਸਨ। ਗਤਕੇ ਦੇ ਅਖਾੜੇ ਵਿਚ ਸ਼ਸਤਰਾਂ ਦਾ ਅਭਿਆਸ ਕਰਦਿਆਂ ਬਾਬਾ ਅਜੀਤ ਸਿੰਘ ਅਤੇ ਬਾਬਾ ਜੁਝਾਰ ਸਿੰਘ ਨੂੰ ਕਈ ਦਾਅ-ਪੇਚ ਸਿਖਾਏ ਸਨ। ਸਾਹਿਬਜ਼ਾਦਿਆਂ ਦੀ ਸ਼ਹਾਦਤ ਨੇ ਬਾਬਾ ਦੀਪ ਸਿੰਘ ਜੀ ਨੂੰ ਦੁਨਿਆਵੀ ਮੋਹ ਤੋਂ ਵਿਰੱਕਤ ਕਰ ਦਿਤਾ। ਉਨ੍ਹਾਂ ਦਾ ਮਨ ਵਿਆਕੁਲ ਹੋ ਗਿਆ। ਸਤਿਗੁਰੂ ਦੇ ਪਰਿਵਾਰ 'ਤੇ ਏਡੀ ਭਾਰੀ ਪਈ ਹੋਵੇ ਅਤੇ ਉਹ ਸ਼ਾਦੀ ਦਾ ਢੋਲ-ਢਮੱਕਾ ਲੋਚੇ, ਅਜਿਹਾ ਹਰਗਿਜ਼ ਨਹੀਂ ਸੀ ਹੋ ਸਕਦਾ। ਉਹ ਇਲਾਕੇ ਦੇ ਨੌਜਵਾਨਾਂ ਦਾ ਜੱਥਾ ਇਕੱਤਰ ਕਰ ਕੇ ਮਾਲਵੇ ਵਲ ਤੁਰ ਪਿਆ। ਜਿਧਰੋਂ-ਜਿਧਰੋਂ ਸਤਿਗੁਰੂ ਜੀ ਦੀ ਕੰਨਸੋਅ ਆਈ, ਉਸੇ ਪਾਸੇ ਉਸ ਦੇ ਜੰਗਜੂ ਜੱਥੇ ਦੀ ਮੁਹਾਰ ਹੁੰਦੀ ਗਈ। ਸਾਬੋ ਕੀ ਤਲਵੰਡੀ (ਦਮਦਮਾ ਸਾਹਿਬ) ਪੁੱਜ ਕੇ ਬਾਬਾ ਦੀਪ ਸਿੰਘ ਨੇ ਸਤਿਗੁਰੂ ਦੇ ਚਰਨਾਂ ਵਿਚ ਡੰਡਓਤ ਕੀਤੀ। ਸਤਿਗੁਰੂ ਨੇ ਅਸੀਸਾਂ ਭਰਿਆ ਥਾਪੜਾ ਦਿਤਾ।

ਸ੍ਰੀ ਦਮਦਮਾ ਸਾਹਿਬ ਵਿਚਰਦਿਆਂ, ਬਾਬਾ ਦੀਪ ਸਿੰਘ ਜੀ ਨੂੰ ਸ੍ਰੀ ਅਨੰਦਪੁਰ ਸਾਹਿਬ ਵਾਲੇ ਨਜ਼ਾਰੇ ਨਜ਼ਰ ਨਾ ਆਉਂਦੇ, ਸਾਹਿਬਜ਼ਾਦਿਆਂ ਦੇ ਤੇਜਸਵੀ ਮੁਖੜੇ ਨਾ ਦਿਸਦੇ, ਮਾਤਾ ਗੁਜਰੀ ਜੀ ਦੀਆਂ ਮਮਤਾ ਭਰੀਆਂ ਨੂਰਾਨੀ ਅਸੀਸਾਂ ਦੀ ਘਾਟ ਮਹਿਸੂਸ ਹੁੰਦੀ ਅਤੇ ਸਭ ਤੋਂ ਵੱਧ ਬਿਪਤਾ ਭਰੇ ਦਿਨਾਂ ਵਿਚ ਸਤਿਗੁਰੂ ਤੋਂ ਦੂਰ ਹੋਣ ਦੀ ਉਦਾਸੀ ਹੁੰਦੀ। ਅਜਿਹੀਆਂ ਇਕਾਂਤ ਦੀਆਂ ਘੜੀਆਂ ਵਿਚ ਬਾਬਾ ਦੀਪ ਸਿੰਘ ਜੀ ਪਛਤਾਵੇ ਦੇ ਕੋਸੇ ਅੱਥਰੂਆਂ ਨਾਲ ਸਤਿਗੁਰੂ ਦੇ ਚਰਨ ਧੋ ਦਿੰਦੇ। ਅਜਿਹੇ ਸਮਿਆਂ ਵਿਚ ਚੋਜੀ ਪ੍ਰੀਤਮ ਵਿਸਮਾਦੀ ਅਵਸਥਾ ਵਿਚੋਂ ਦਿਲਾਸਾ ਦਿੰਦੇ ਹੋਏ ਸਮਝਾਉਂਦੇ, ਦੀਪ ਸਿੰਘ, ਗੁਰੂ ਨਾਨਕ ਦਾ ਘਰ ਨਿਜੀ ਖੁਸ਼ੀਆਂ-ਗਮੀਆਂ ਤੋਂ ਬਹੁਤ ਉਪਰ ਹੈ। ਸਾਡਾ ਮੰਤਵ ਜੰਗ-ਜੁੱਧ ਨਹੀਂ, ਸਗੋਂ ਸਰਬੱਤ ਦਾ ਭਲਾ ਹੈ। ਸਮੁੱਚੀ ਮਾਨਵਤਾ ਦੀ ਭਲਾਈ ਲਈ ਲੋਟੂਆਂ ਨਾਲ ਟੱਕਰ ਹੋਣੀ ਵੀ ਇਕ ਲਾਜ਼ਮੀ ਵਰਤਾਰਾ ਹੈ, ਇਸ ਨੂੰ ਰੱਬੀ ਭਾਣਿਆਂ ਦਾ ਅਗੰਮੀ ਅਨੰਦ ਸਮਝ, ਵਾਹਿਗੁਰੂ ਦਾ ਜਸ ਗਾਇਣ ਕਰਦਿਆਂ ਸਮੁੱਚੀ ਮਨੁੱਖਤਾ ਦੇ ਭਲੇ ਲਈ ਯਤਨਸ਼ੀਲ ਰਹਿਣਾ ਚਾਹੀਦਾ ਹੈ। ਮਨੁੱਖਾ ਜ਼ਿੰਦਗੀ ਦਾ ਤਤਸਾਰ ਇਸ ਦੀ ਸਹਿਜ ਕਰਮਸ਼ੀਲਤਾ ਵਿਚ ਹੈ।

ਸੰਤ-ਸਿਪਾਹੀ ਸਤਿਗੁਰੂ ਦੇ ਮੁਖਾਰਬਿੰਦ ਤੋਂ ਪੈਗੰਬਰੀ ਬੋਲ ਸੁਣ ਕੇ ਬਾਬਾ ਜੀ ਵਜਦ ਵਿਚ ਆ ਜਾਂਦੇ ਅਤੇ ਕਈ-ਕਈ ਘੜੀਆਂ ਉਨ੍ਹਾਂ ਦੀ ਲਿਵ ਚਰਨ-ਕੰਵਲਾਂ ਨਾਲ ਜੁੜੀ ਰਹਿੰਦੀ। ਸਤਿਗੁਰੂ ਦੀ ਕ੍ਰਿਪਾ-ਦ੍ਰਿਸ਼ਟੀ ਸਦਕਾ ਉਹ ਬ੍ਰਹਮ-ਗਿਆਨ ਦੇ ਮਾਲਕ ਬਣ ਗਏ।

ਸ੍ਰੀ ਦਮਦਮਾ ਸਾਹਿਬ ਰਹਿੰਦਿਆਂ, ਅਮਨ-ਸ਼ਾਂਤੀ ਦਾ ਸਮਾਂ ਜਾਣ ਕੇ ਦਸਮੇਸ਼ ਪਿਤਾ ਨੇ ਆਪਣੀ ਦੇਖ-ਰੇਖ ਹੇਠ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪ੍ਰਮਾਣਿਤ ਬੀੜ ਤਿਆਰ ਕਰਨ ਦਾ ਕਾਰਜ ਵਿੱਢਿਆ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਆਪਣੇ ਮੁਖਾਰਬਿੰਦ ਤੋਂ ਬੋਲ ਕੇ ਦਰਸਾਈ ਜਾਂਦੇ, ਭਾਈ ਮਨੀ ਸਿੰਘ ਆਪਣੇ ਮੁਬਾਰਕ ਹੱਥਾਂ ਨਾਲ ਲਿਖੀ ਜਾਂਦੇ। ਪੱਤਰੇ ਪੱਤਰੇ ਦੀ ਨਾਲੋਂ ਨਾਲ ਸੁਧਾਈ ਅਤੇ ਲਿਖਾਈ ਦੀ ਜ਼ਿੰਮੇਵਾਰੀ ਬਾਬਾ ਦੀਪ ਸਿੰਘ ਜੀ ਨੇ ਨਿਭਾਈ। ਇੰਝ ਇਕੋ ਸਮੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਦੋ ਸਰੂਪ ਤਿਆਰ ਹੋਏ। 'ਸੁਧ ਕੀਚੈ' ਦਾ ਕਾਰਜ ਮੁਕੰਮਲ ਹੋਣ ਉਪਰੰਤ ਕਲਗੀਧਰ ਪਾਤਸ਼ਾਹ ਜੀ ਇਕ ਸਰੂਪ ਨੂੰ ਲੈ ਕੇ

ਦੱਖਣ ਦੇਸ਼ ਵਲ ਰਵਾਨਾ ਹੋਏ। ਦਮਦਮਾ ਸਾਹਿਬ ਬੈਠ ਕੇ, ਬਾਬਾ ਦੀਪ ਸਿੰਘ ਜੀ ਨੇ ਇਸ ਪਾਵਨ ਸਰੂਪ ਦੇ ਚਾਰ ਹੋਰ ਉਤਾਰੇ ਕੀਤੇ। ਪ੍ਰਮਾਣ ਵਜੋਂ 'ਪੰਥ ਪ੍ਰਕਾਸ਼' ਦਾ ਕਥਨ ਹਾਜ਼ਰ ਹੈ ਜੀ-

*ਨਿਤਪ੍ਰਤ ਗੁਰੂ ਉਚਾਰੀ ਜੈਸੇ। ਬਾਣੀ ਲਿਖੀ*
*ਮਨੀ ਸਿੰਘ ਤੈਸੇ।*
*ਔਰ ਚਾਰ ਤਿਸ ਪਰਤੈ ਭਾਏ। ਦੀਪ ਸਿੰਘ ਸ਼ਹੀਦ ਲਿਖਾਏ।*

ਬਾਬਾ ਦੀਪ ਸਿੰਘ ਜੀ ਵਲੋਂ ਬੜੀ ਮਿਹਨਤ ਨਾਲ ਮੋਤੀਆਂ ਵਰਗੀ ਜੜਤ ਸਹਿਤ ਤਿਆਰ ਕੀਤੇ ਇਹ ਚਾਰੋ ਉਤਾਰੇ ਬਾਅਦ ਵਿਚ ਖਾਲਸਾ ਪੰਥ ਦੇ ਚਹੁੰਆਂ ਤਖ਼ਤਾਂ, ਸ੍ਰੀ ਅਕਾਲ ਤਖਤ ਸਾਹਿਬ ਅੰਮ੍ਰਿਤਸਰ, ਤਖ਼ਤ ਸ੍ਰੀ ਪਟਨਾ ਸਾਹਿਬ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਅਨੰਦਪੁਰ ਸਾਹਿਬ ਅਤੇ ਤਖ਼ਤ ਸ੍ਰੀ ਹਜ਼ੂਰ ਸਾਹਿਬ ਨਾਂਦੇੜ ਵਿਖੇ ਸੁਸ਼ੋਭਿਤ ਕੀਤੇ ਗਏ। ਬਾਬਾ ਦੀਪ ਸਿੰਘ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਇਕ ਹੋਰ ਬੀੜ ਫਾਰਸੀ ਅੱਖਰਾਂ ਵਿਚ ਵੀ ਤਿਆਰ ਕੀਤੀ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਹਜ਼ੂਰ ਸਾਹਿਬ ਵਲ ਤੁਰਨ ਅਤੇ ਭਾਈ ਮਨੀ ਸਿੰਘ ਜੀ ਦੇ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਹੈੱਡ ਗਰੰਥੀ ਨਿਯੁਕਤ ਹੋਣ ਉਪਰੰਤ ਸ੍ਰੀ ਦਮਦਮਾ ਸਾਹਿਬ ਵਾਲੇ ਪ੍ਰਚਾਰ ਦੇ ਸਾਰੇ ਕਾਰ-ਵਿਹਾਰ ਦੀ ਜ਼ਿੰਮੇਵਾਰੀ ਅਤੇ ਜੱਥੇਦਾਰੀ, ਬਾਬਾ ਦੀਪ ਸਿੰਘ ਜੀ ਨੇ ਸੰਭਾਲੀ। ਕਲਗੀਧਰ ਪਾਤਸ਼ਾਹ ਦੇ ਕਰੀਬ ਡੇਢ ਕੁ ਸਾਲ ਦੇ ਸ੍ਰੀ ਦਮਦਮਾ ਸਾਹਿਬ, ਤਲਵੰਡੀ ਸਾਬੋ ਵਾਲੇ ਮੁਕਾਮ ਨੇ ਇਸ ਅਸਥਾਨ ਨੂੰ ਸਿੱਖ ਧਰਮ ਦੇ ਪ੍ਰਚਾਰ ਦਾ ਕੇਂਦਰ ਬਣਾ ਦਿਤਾ ਸੀ। ਬਾਬਾ ਜੀ ਦੀ ਲਗਨ, ਮਿਹਨਤ, ਸਿਰੜ ਅਤੇ ਸਿਦਕ ਨੇ ਸ੍ਰੀ ਦਮਦਮਾ ਸਾਹਿਬ ਦੇ ਇਸ ਰੁਤਬੇ ਨੂੰ ਪੂਰੀ ਤਰ੍ਹਾਂ ਕਾਇਮ ਰੱਖਿਆ ਅਤੇ ਸਤਿਗੁਰੂ ਜੀ ਦੇ ਪਾਏ ਪੂਰਨਿਆਂ 'ਤੇ ਅਟੁੱਟ ਸ਼ਰਧਾ ਅਤੇ ਅਥਾਹ ਸਿਦਕ ਸਹਿਤ ਤੁਰਦਿਆਂ ਹੋਰ ਵੀ ਬੁਲੰਦੀਆਂ ਬਖਸ਼ੀਆਂ।

ਦਸਮੇਸ਼ ਪਿਤਾ ਦਾ ਹੁਕਮਨਾਮਾ, ਪੰਜ ਤੀਰ ਅਤੇ ਸਤਿਗੁਰੂ ਵਲੋਂ ਤਿਆਰ ਕੀਤੀ ਹਿੱਟ ਲਿਸਟ ਲੈ ਕੇ ਨਾਂਦੇੜ ਤੋਂ ਬਾਬਾ ਬੰਦਾ ਸਿੰਘ ਬਹਾਦਰ ਜਦ ਪੰਜਾਬ ਪਹੁੰਚੇ ਤਾਂ ਬਾਬਾ ਦੀਪ ਸਿੰਘ ਜੀ ਸਿਰਲੱਥ ਸੂਰਬੀਰ ਸਿੰਘਾਂ ਦਾ ਇਕ ਵੱਡਾ ਜੱਥਾ ਲੈ ਕੇ ਅਗਲਵਾਂਢੀ ਹੋ ਕੇ ਮਿਲੇ। ਸਢੌਰੇ ਅਤੇ ਸਮਾਣੇ ਨੂੰ ਸੋਧਣ ਉਪਰੰਤ ਬਾਬਾ ਬੰਦਾ ਸਿੰਘ ਬਹਾਦਰ ਨੇ ਸਰਹਿੰਦ ਵਲ ਕੂਚ ਕੀਤਾ। ਚੱਪੜਚਿੜੀ ਦੇ ਮੈਦਾਨ ਵਿਚ ਬੜਾ ਲਹੂ ਡੋਲ੍ਹਵਾਂ ਟਾਕਰਾ ਖਾਲਸੇ ਅਤੇ ਸਰਹਿੰਦ ਦੀਆਂ ਫੌਜਾਂ ਵਿਚਕਾਰ ਹੋਇਆ। ਫਤਹਿ ਦੇ ਜੈਕਾਰਿਆਂ ਨਾਲ ਮੈਦਾਨ ਖਾਲਸੇ ਦੇ ਹੱਥ ਰਿਹਾ। ਸਰਹਿੰਦ ਦੀ ਇੱਟ-ਇੱਟ ਕੀਤੀ ਗਈ। ਸੂਬੇਦਾਰ ਵਜ਼ੀਰ ਖਾਂ ਅਤੇ ਦੀਵਾਨ ਸੁੱਚਾ ਨੰਦ ਪਾਪੀ ਨੂੰ ਉਨ੍ਹਾਂ ਦੇ ਕੀਤੇ ਦੀ ਸਜ਼ਾ ਦਿਤੀ ਗਈ। 24 ਮਈ 1710 ਈ. ਨੂੰ ਪੰਜਾਬ ਦੀ ਧਰਤੀ ਦੇ ਇਕ ਟੱਪੇ 'ਤੇ ਖਾਲਸੇ ਦਾ ਪਲੇਠਾ ਰਾਜ ਕਾਇਮ ਹੋਇਆ ਅਤੇ -

*ਦੇਗ ਤੇਗ ਫਤਹਿ ਨੁਸਰਤ ਬੇਦਰੰਗ॥*
*ਯਾਫ਼ਤ ਅਜ਼ ਨਾਨਕ ਗੁਰੂ ਗੋਬਿੰਦ ਸਿੰਘ॥*

ਨਾਂ ਦੀ ਮੋਹਰ ਅਤੇ ਖਾਲਸਈ ਸਿੱਕਾ ਚਾਲੂ ਕੀਤਾ ਗਿਆ। ਬਾਬਾ ਬੰਦਾ ਸਿੰਘ ਬਹਾਦਰ ਪਹਿਲਾ 'ਸਿੱਖ ਮਹਾਰਾਜਾ' ਬਣਿਆ।

ਬਾਬਾ ਦੀਪ ਸਿੰਘ ਜੀ ਚੱਪੜਚਿੜੀ ਦੇ ਮੈਦਾਨ ਵਿਚ ਜਾਨ ਦੀ ਪ੍ਰਵਾਹ ਕੀਤੇ ਬਿਨਾਂ ਜਿਸ ਬਹਾਦਰੀ ਨਾਲ ਲੜੇ ਸਨ, ਉਸ ਨੂੰ ਦੇਖਦੇ ਹੋਏ ਭਰੇ ਦਰਬਾਰ ਵਿਚ ਬਾਬਾ ਬੰਦਾ ਸਿੰਘ ਬਹਾਦਰ ਨੇ ਬਾਬਾ ਦੀਪ ਸਿੰਘ ਜੀ ਨੂੰ 'ਜਿੰਦਾ ਸ਼ਹੀਦ' ਦੇ ਲਕਬ ਨਾਲ ਸਨਮਾਨਿਤ ਕੀਤਾ। ਇੰਝ ਲਕਬ 'ਬਾਬਾ' ਤੋਂ ਬਾਅਦ 'ਸ਼ਹੀਦ' ਦਾ ਸਨਮਾਨਿਤ ਖਿਤਾਬ ਵੀ ਉਨ੍ਹਾਂ ਦੇ ਸਤਿਕਾਰਤ ਨਾਮ ਨਾਲ ਚੜ੍ਹਦੀ ਜਵਾਨੀ ਦੀ ਉਮਰ ਵਿਚ ਹੀ ਜੁੜ ਗਿਆ।

ਸਰਹਿੰਦ ਦੀ ਇਸ ਇਤਿਹਾਸਿਕ ਜਿੱਤ ਉਪਰੰਤ ਬਾਬਾ ਬੰਦਾ ਸਿੰਘ ਬਹਾਦਰ ਤੋਂ ਆਗਿਆ ਲੈ ਕੇ ਸ਼ਹੀਦ ਬਾਬਾ ਦੀਪ ਸਿੰਘ ਜੀ ਆਪਣੇ ਵਿੱਢੇ ਹੋਏ ਗੁਰਮਤਿ ਪ੍ਰਚਾਰ ਅਤੇ ਅੰਮ੍ਰਿਤ ਸੰਚਾਰ ਦੇ ਕਾਰਜ ਖੇਤਰ ਨੂੰ ਹੋਰ ਲਾਮਬੰਦ ਕਰਨ ਲਈ ਸ੍ਰੀ ਦਮਦਮਾ ਸਾਹਿਬ (ਤਲਵੰਡੀ ਸਾਬੋ) ਪੁੱਜ ਗਏ। ਬਾਬਾ ਜੀ ਨੇ ਦਮਦਮਾ ਸਾਹਿਬ ਨੂੰ ਆਪਣਾ ਮੁੱਖ ਅਸਥਾਨ ਬਣਾ ਕੇ ਪੂਰੀ ਵਿਉਂਤ ਨਾਲ ਚੌਪਾਸੇ ਸਿੱਖੀ ਦੀ ਇਕ ਲਹਿਰ ਛੇੜ ਦਿਤੀ। ਬਾਬਾ ਦੀਪ ਸਿੰਘ ਜੀ ਦੀ ਸੁਚੱਜੀ ਵਿਉਂਤਬੰਦੀ ਨਾਲ, ਸ੍ਰੀ ਦਮਦਮਾ ਸਾਹਿਬ ਹਕੂਮਤੀ ਜਬਰ-ਜ਼ੁਲਮ ਦੇ ਸਤਾਏ ਸਿੱਖ ਪਰਿਵਾਰਾਂ ਲਈ ਇਕ ਠਾਹਰ ਅਤੇ ਜੰਗਾਜੂ ਸਿੰਘਾਂ ਲਈ ਔਖੇ ਵੇਲੇ ਦੀ ਪਨਾਹ ਬਣ ਗਿਆ।

*'ਚਲਦਾ.........।'*

# ਨਾਮ-ਜਪ-ਸਿਮਰਨ ਅਤੇ ਗੁਰਬਾਣੀ ਵਿਚਾਰ

*ਡਾ. ਜਗਜੀਤ ਸਿੰਘ*
*ਚੀਫ ਐਡੀਟਰ, ਆਤਮ ਮਾਰਗ*

*ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ*

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਉਚਾਰਨ ਕੀਤੇ ਇਸ ਮਹਾਂਵਾਕ ਦਾ ਭਾਵ ਹੈ ਕਿ ਇਸਤ੍ਰੀ ਜੋ ਮਹਾਂਪੁਰਸ਼ਾਂ, ਬਲਵਾਨ ਜੋਧਿਆਂ, ਰਾਜਿਆਂ, ਮਹਾਰਾਜਿਆਂ ਦੀ ਜਨਨੀ ਹੈ, ਉਸ ਨੂੰ ਮੰਦਾ, ਬੁਰਾ ਜਾਂ ਮਾੜਾ ਕਿਉਂ ਕਿਹਾ ਜਾਵੇ? ਸਮਾਜ ਵਿਚ ਇਸਤ੍ਰੀ ਦੀ ਸਹੀ ਸਥਿਤੀ ਦਰਸਾਉਣ ਵਾਲਾ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪੂਰਾ ਸ਼ਬਦ ਇਸ ਪ੍ਰਕਾਰ ਹੈ - ***ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ ॥ ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ ॥ ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ ॥ ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥ ਭੰਡਹੁ ਹੀ ਭੰਡੁ ਊਪਜੈ ਭੰਡੈ ਬਾਝੁ ਨ ਕੋਇ ॥ ਨਾਨਕ ਭੰਡੈ ਬਾਹਰਾ ਏਕੋ ਸਚਾ ਸੋਇ ॥ ਜਿਤੁ ਮੁਖਿ ਸਦਾ ਸਾਲਾਹੀਐ ਭਾਗਾ ਰਤੀ ਚਾਰਿ ॥ ਨਾਨਕ ਤੇ ਮੁਖ ਊਜਲੇ ਤਿਤੁ ਸਚੈ ਦਰਬਾਰਿ ॥ ਅੰਗ - ੪੭੩***

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਮਾਜ ਦੇ ਨਵਨਿਰਮਾਣ ਵਿਚ ਸਾਰੀਆਂ ਗਲਤ ਧਾਰਨਾਵਾਂ ਦੀ ਨਿਖੇਧੀ ਕੀਤੀ ਹੈ। ਇਕ ਪਾਸੇ ਊਚ-ਨੀਚ, ਛੂਤ-ਛਾਤ, ਜਾਤ-ਪਾਤ, ਸ਼੍ਰੇਣੀ ਤੇ ਵਰਣ ਵੰਡ ਦੀ ਨਿਰਾਰਥਕਤਾ ਦਰਸਾਈ, ਦੂਜੇ ਬੰਨੇ ਸਮਾਜ ਦੇ ਸਰਵੋਤਮ ਹਿੱਸੇ, ਇਸਤ੍ਰੀ ਜਾਤੀ ਨਾਲ ਹੋ ਰਹੀ ਬੇਇਨਸਾਫੀ ਵਿਰੁੱਧ ਅਵਾਜ ਬੁਲੰਦ ਕੀਤੀ। ਇਸ ਸ਼ਬਦ ਵਿਚ ਆਪ ਜੀ ਦਸਦੇ ਹਨ ਕਿ ਇਸਤ੍ਰੀ ਤੋਂ ਬਿਨਾਂ ਮਨੁੱਖ ਅਤੇ ਸਮਾਜ ਦੀ ਹੋਂਦ ਅਤੇ ਵਿਕਾਸ ਦਾ ਕਿਆਸ ਹੀ ਨਹੀਂ ਕੀਤਾ ਜਾ ਸਕਦਾ। ਸ਼ਬਦ ਵਿਚ ਦਸਿਆ ਹੈ ਕਿ ਹਰੇਕ ਆਦਮੀ, ਕੀ ਪੁਰਸ਼, ਕੀ ਤੀਵੀਂ, ਇਸਤ੍ਰੀ ਕਾਰਨ ਹੀ ਉਸ ਦੇ ਸਮਾਜਿਕ ਸਬੰਧ ਕਾਇਮ ਹੁੰਦੇ ਹਨ ਅਤੇ ਇਸਤ੍ਰੀ ਨਾਲ ਹੀ ਪੁਰਸ਼ ਦੀ ਮੰਗਣੀ ਤੇ ਵਿਆਹ ਹੁੰਦਾ ਹੈ, ਇਸਤ੍ਰੀ ਨਾਲ ਹੀ ਉਸ ਦੇ ਸਮਾਜਿਕ ਸਬੰਧ ਕਾਇਮ ਹੁੰਦੇ ਹਨ ਅਤੇ ਸਮਾਜ ਦਾ ਸਾਰਾ ਤਾਣਾ ਬਾਣਾ ਉਸਰਦਾ ਹੈ। ਇਸਤ੍ਰੀ ਘਰ ਦਾ ਮੁੱਢ ਹੈ। ਇਸਤ੍ਰੀ ਬਿਨਾਂ ਘਰ ਦਾ ਸੰਕਲਪ ਹੀ ਨਹੀਂ ਕੀਤਾ ਜਾ ਸਕਦਾ। ਇਸਤ੍ਰੀ ਬਿਨਾਂ ਪੁਰਸ਼ ਦਾ ਜੀਵਨ ਅਧੂਰਾ ਤੇ ਸੁੰਨਾ ਹੈ। ਇਸੇ ਕਾਰਨ ਜਦੋਂ ਪੁਰਸ਼ ਦੀ ਇਕ ਪਤਨੀ ਗੁਜ਼ਰ ਜਾਂਦੀ ਹੈ ਤਾਂ ਉਹ ਹੋਰ ਦਾ ਭਾਲ ਕਰਦਾ ਹੈ। ਇਸਤ੍ਰੀ ਹੀ ਮਨੁੱਖ ਦਾ ਜ਼ਬਤ ਹੈ, ਧਰਮ ਹੈ, ਨਿਯੰਤਰਣ ਹੈ, ਇਸਤ੍ਰੀ ਹੀ ਵੱਡੇ-ਵੱਡੇ ਮਹਾਂਪੁਰਸ਼ਾਂ, ਸੰਤਾਂ, ਮਹਾਤਮਾਵਾਂ, ਯੋਧਿਆਂ, ਸੂਰਬੀਰਾਂ, ਰਾਜਿਆਂ, ਮਹਾਰਾਜਿਆਂ ਨੂੰ ਜਨਮ ਦਿੰਦੀ ਹੈ, ਤਾਂ ਫਿਰ ਉਸ ਨੂੰ ਮਾੜਾ ਜਾਂ ਮੰਦਾ ਕਿਉਂ ਆਖਿਆ ਜਾਵੇ?

ਪਰ ਜਦੋਂ ਇਸਤ੍ਰੀ ਹੀ ਇਸਤ੍ਰੀ ਦਾ ਸਤਿਕਾਰ ਨਾ ਕਰੇ ਤਾਂ ਦੁਖ ਤੇ ਹੈਰਾਨੀ ਹੁੰਦੀ ਹੈ ਕਿਉਂਕਿ ਇਸਤ੍ਰੀ ਨੂੰ ਜਨਮ ਦੇਣ ਵਾਲੀ ਵੀ ਇਸਤ੍ਰੀ ਹੀ ਹੁੰਦੀ ਹੈ। ਇਸਤ੍ਰੀ ਤੋਂ ਬਿਨਾਂ ਕੋਈ ਮਨੁੱਖ, ਇਸਤ੍ਰੀ ਜਾਂ ਮਰਦ ਪੈਦਾ ਹੀ ਨਹੀਂ ਹੋ ਸਕਦਾ। ਕੇਵਲ ਤੇ ਕੇਵਲ ਇਕ ਪ੍ਰਮਾਤਮਾ ਹੀ ਹੈ ਜਿਸ ਦੀ ਹੋਂਦ ਇਸਤ੍ਰੀ ਤੋਂ ਮੁਕਤ ਹੈ। ਗੁਰੂ ਜੀ ਦਾ ਵੀਚਾਰ ਕਿੰਨਾ ਨਿਆਏਸ਼ੀਲ, ਸਾਰਥਿਕ ਅਤੇ ਸੱਚਾ ਹੈ ਕਿ ਕੋਈ ਵਿਅਕਤੀ ਇਸਤ੍ਰੀ ਜਾਂ ਪੁਰਸ਼ ਹੋਣ ਨਾਲ ਨਾ ਵੱਡਾ ਹੋ ਜਾਂਦਾ ਹੈ, ਨਾ ਛੋਟਾ, ਨਾ ਮਾੜਾ, ਨਾ ਚੰਗਾ। ਛੋਟੇ ਵੱਡੇ ਹੋਣ ਜਾਂ ਮਾੜੇ ਚੰਗੇ ਹੋਣ ਦਾ ਸਬੰਧ ਲਿੰਗ ਨਾਲ ਨਹੀਂ, ਸਗੋਂ ਕਰਣੀ ਨਾਲ ਹੈ। ਭਾਵੇਂ ਕੋਈ ਪੁਰਸ਼ ਹੋਵੇ ਭਾਵੇਂ ਇਸਤ੍ਰੀ, ਕਰਮਾਂ ਵਾਲੇ, ਸੁੰਦਰ, ਸੋਹਣੇ ਪ੍ਰਵਾਨ ਮਨੁੱਖ ਉਹ ਹੀ ਹੁੰਦੇ ਹਨ ਜਿਹੜੇ ਆਪਣੇ ਮਾਲਕ ਪ੍ਰਭੂ ਨਾਲ ਜੁੜੇ ਹੁੰਦੇ ਹਨ, ਉਸ ਦੀ ਸਿਫਤ ਸਾਲਾਹ ਵਿਚ ਰੰਗੇ ਹੁੰਦੇ ਹਨ। ਪ੍ਰਮਾਤਮਾ ਦੀ ਦਰਗਾਹ ਵਿਚ ਐਸੇ ਚਿਹਰੇ ਹੀ ਰੌਸ਼ਨ ਹੋਣਗੇ।

ਗੁਰਮਤਿ ਵਿਚ ਇਸਤ੍ਰੀ ਦੀ ਵਡਿਆਈ ਦਾ ਇਕ ਮਹੱਤਵਪੂਰਨ ਪੱਖ ਹੋਰ ਵੀ ਹੈ। ਗੁਰਮਤਿ ਅਨੁਸਾਰ ਪ੍ਰਮਾਤਮਾ ਦੀ ਭਗਤੀ ਇਸਤ੍ਰੀ ਰੂਪ ਹੋ ਕੇ ਵਧੇਰੇ ਸੁਖੈਨਤਾ ਅਤੇ ਸਫਲਤਾ ਨਾਲ ਕੀਤੀ ਜਾ ਸਕਦੀ ਹੈ। ਸਾਰੇ ਜੀਵ ਕੀ ਇਸਤ੍ਰੀਆਂ, ਕੀ ਪੁਰਸ਼, ਸਭ ਜੀਵ ਰੂਪੀ ਇਸਤ੍ਰੀਆਂ ਹੀ ਹਨ। ਪੁਰਸ਼ ਤਾਂ ਇਕੋ ਇਕ 'ਕਰਤਾ ਪੁਰਖ' ਹੀ ਹੈ, 'ਏਕਾ ਪੁਰਖ, ਸਭਾਈ ਨਾਰ।' ਸਭਨਾ ਦਾ ਪਿਰ, ਪਤੀ, ਮਾਲਕ, ਪ੍ਰਮਾਤਮਾ ਹੈ, ਅਸੀਂ ਸਭ ਨਰ ਨਾਰੀਆਂ, ਜੀਵ ਰੂਪੀ ਇਸਤ੍ਰੀਆਂ ਨੇ ਸੁਹਾਗਣ ਬਣਨਾ ਹੈ, ਇਹ ਸਭ ਦਾ ਸਾਂਝਾਂ ਆਦਰਸ਼ ਹੈ -

*ਭਨਤਿ ਨਾਨਕੁ ਸਭਨਾ ਕਾ ਪਿਰੁ ਏਕੋ ਸੋਇ ॥*
*ਜਿਸ ਨੋ ਨਦਰਿ ਕਰੇ ਸਾ ਸੋਹਾਗਣਿ ਹੋਇ ॥ ਅੰਗ - ੩੫੧*

ਪਰ ਵਿਪਰੀਤ ਇਸ ਦੇ ਦੁਨੀਆਂ ਦੇ ਧਰਮ ਇਤਿਹਾਸ ਵਿਚ ਇਸਤ੍ਰੀ ਕਦੇ ਵੀ ਮਰਦ ਦੇ ਬਰਾਬਰ ਦਾ, ਸ੍ਵੈਮਾਨ ਅਤੇ ਸਤਿਕਾਰ ਵਾਲਾ ਸਥਾਨ ਨਹੀਂ ਲੈ ਸਕੀ।

ਹਿੰਦੂ ਧਰਮ ਵਿਚ ਇਸਤ੍ਰੀ ਨੂੰ ਅਧੀਨਤਾ ਦਾ ਦਰਜਾ ਦਿਤਾ ਗਿਆ ਹੈ ਅਤੇ ਸਭ ਤੋਂ ਨੀਵੀਂ ਸ਼੍ਰੇਣੀ ਅਰਥਾਤ ਸ਼ੂਦਰ ਬਰਾਬਰ ਮੰਨਿਆ ਗਿਆ ਹੈ। ਧਰਮ ਕਰਮ, ਪਾਠ ਪੂਜਾ ਵਿਚ ਉਸ ਦਾ ਕੋਈ ਅਧਿਕਾਰ ਨਹੀਂ। ਜੈਨ ਧਰਮ ਵਿਚ ਤਾਂ ਏਥੋਂ ਤਕ ਕਿਹਾ ਹੈ ਕਿ ਇਸਤ੍ਰੀ ਜਾਤੀ ਦੀ ਮੁਕਤੀ ਹੋ ਹੀ ਨਹੀਂ ਸਕਦੀ। ਜੈਨੀਆਂ ਦੇ ਸਿਧਾਂਤ ਅਨੁਸਾਰ ਮੁਕਤੀ ਲਈ ਤਿੰਨ ਮੁਢਲੀਆਂ ਲੋੜਾਂ ਹਨ - ਚਰਿਤ੍ਰ, ਗਿਆਨ ਅਤੇ ਦਰਸ਼ਨ। ਜਦ ਤਕ ਇਹ ਤਿੰਨ ਗੁਣ ਮਨੁੱਖ ਵਿਚ ਪੂਰਨ ਰੂਪ ਵਿਚ ਨਾ ਹੋਣ, ਤਦ ਤਕ ਉਹ ਮੋਖ ਦਾ ਅਧਿਕਾਰੀ ਨਹੀਂ ਹੋ ਸਕਦਾ। ਜੈਨੀਆਂ ਅਨੁਸਾਰ ਇਸਤ੍ਰੀ ਵਿਚ ਚਰਿੱਤਰ, ਕਰੈਕਟਰ ਵਾਲਾ ਗੁਣ ਹੁੰਦਾ ਹੀ ਨਹੀਂ। ਇਸ ਲਈ ਸਾਧਨਾ ਰਾਹੀਂ ਕੋਈ ਇਸਤ੍ਰੀ ਗਿਆਨ ਅਤੇ ਦਰਸ਼ਨ ਵਿਚ ਪਰਪੱਕ ਹੋ ਵੀ ਜਾਵੇ ਤਾਂ ਵੀ 'ਚਰਿੱਤਰ' ਗੁਣ ਨਾ ਹੋਣ ਕਾਰਨ ਮੁਕਤੀ ਪ੍ਰਾਪਤ ਨਹੀਂ ਕਰ ਸਕਦੀ। ਇਨ੍ਹਾਂ ਦੋ ਗੁਣਾਂ ਦੇ ਫਲਸਰੂਪ ਉਸ ਨੂੰ ਅਗਲਾ ਜਨਮ ਪੁਰਸ਼ ਦਾ ਪ੍ਰਾਪਤ ਹੋ ਸਕਦਾ ਹੈ ਜਿਸ ਵਿਚ ਤੀਜੇ ਗੁਣ 'ਚਰਿੱਤਰ' ਵਿਚ ਉਚਤਾ ਪ੍ਰਾਪਤ ਕਰ ਸਕਦੀ ਹੈ। ਪੁਰਸ਼ ਜਾਮੇ ਵਿਚ ਆ ਕੇ ਹੀ ਉਹ ਤਿੰਨ ਗੁਣ ਧਾਰਨ ਕਰ ਕੇ ਮੁਕਤ ਹੋ ਸਕਦੀ ਹੈ। ਇਸਲਾਮ ਵਿਚ ਇਸਤ੍ਰੀ ਨੂੰ ਮਸਜਿਦ ਵਿਚ ਜਾਣ ਦੀ ਆਗਿਆ ਨਹੀਂ। ਕਾਜ਼ੀ ਸਾਮ੍ਹਣੇ ਦੋ ਇਸਤ੍ਰੀਆਂ ਦੀ ਗਵਾਹੀ ਨਾਲੋਂ ਇਕ ਮਰਦ ਦੀ ਗਵਾਹੀ ਨੂੰ ਵਧੇਰੇ ਮਾਨਤਾ ਪ੍ਰਾਪਤ ਹੈ। ਪੁਰਸ਼ ਇਕ ਤੋਂ ਵੱਧ ਚਾਰ ਤਕ ਵਿਆਹ ਕਰਵਾ ਸਕਦਾ ਹੈ ਪਰ ਇਸਤ੍ਰੀ ਨੂੰ ਇਹ ਅਧਿਕਾਰ ਪ੍ਰਾਪਤ ਨਹੀਂ। ਇਸਤ੍ਰੀ ਨੂੰ ਬੁਰਕਾ ਪਾ ਕੇ, ਆਪਣਾ ਆਪਾ ਪੂਰਾ ਢਕ ਕੇ ਰੱਖਣ ਦਾ ਆਦੇਸ਼ ਹੈ ਜਦ ਕਿ ਮਰਦ ਜਿਵੇਂ ਚਾਹੇ ਘੁੰਮ ਸਕਦਾ ਹੈ। ਅਜੇ ਹੁਣ ਦੀ ਗੱਲ ਹੈ ਕਿ ਅਲਜੀਰੀਆ ਵਿਚ ਸੈਂਕੜੇ ਔਰਤਾਂ ਇਸ ਲਈ ਕਤਲ ਕਰ ਦਿਤੀਆਂ ਗਈਆਂ ਕਿਉਂਕਿ ਉਨ੍ਹਾਂ ਦੇ ਸਿਰ ਪੂਰੀ ਤਰ੍ਹਾਂ ਢਕੇ ਹੋਏ ਨਹੀਂ ਸਨ। ਯੂਰਪ ਦੀ ਇਸਤ੍ਰੀ ਦਾ ਦਰਜਾ ਨੀਵਾਂ ਹੀ ਰਿਹਾ ਹੈ। ਇਸ ਦਾ ਪ੍ਰਮਾਣ ਲਿਖਾਰੀਆਂ ਦੀਆਂ ਲਿਖਤਾਂ ਤੋਂ ਪ੍ਰਤੱਖ ਹੋ ਜਾਂਦਾ ਹੈ। ਅਰਸਤੂ ਦੇ ਵਿਚਾਰ ਅਨੁਸਾਰ ਇਸਤ੍ਰੀ ਇਕ ਅਧੂਰੀ ਵਸਤੂ ਹੈ। ਜਿਥੇ-ਜਿਥੇ ਕੁਦਰਤ ਪੁਰਸ਼ ਨੂੰ ਮੁਕੰਮਲ ਕਰਨ ਵਿਚ ਖੁੰਝ ਗਈ ਹੈ, ਓਥੇ-ਓਥੇ ਹੀ ਇਸਤ੍ਰੀ ਬਣ ਗਈ ਹੈ। ਜਰਮਨੀ ਦਾ ਫਿਲਾਸਫਰ ਵਾਇਨਗੇ' ਇਸਤ੍ਰੀ ਵਿਚ ਅਰਸਤੂ ਤੋਂ ਵੀ ਅੱਗੇ ਵਧ ਗਿਆ। ਉਸ ਅਨੁਸਾਰ ਇਸਤ੍ਰੀ ਵਿਚ ਰੂਹ ਹੀ ਨਹੀਂ ਹੁੰਦੀ। ਇੰਗਲੈਂਡ ਦਾ ਸੋਚਵਾਨ ਚੈਸਟਰਫੀਲਡ ਪੁਰਸ਼ੀ-ਹਉਮੈ ਵਿਚ ਐਨਾ ਮਖਮੂਰ ਸੀ ਕਿ ਉਹ ਇਸਤ੍ਰੀ ਨੂੰ ਕੁਦਰਤ ਦੀ ਇਕ ਮਜ਼ੇਦਾਰ ਗਲਤੀ ਕਹਿੰਦਾ ਹੈ। ਇਹ ਫੈਸਲੇ ਪੁਰਸ਼ ਪ੍ਰਧਾਨ ਸਮਾਜ ਦੀ ਜਨਮ-ਜਨਮਾਤਰਾਂ ਦੀ ਖੁਦਗਰਜ਼ ਸੋਚਣੀ ਦੇ ਨਾਕਸ ਫੈਸਲੇ ਹਨ। ਇਸਤ੍ਰੀ ਨਾਲ ਵਧੀਕੀ ਹਰ ਧਰਮ ਵਿਚ ਹੋਈ ਹੈ ਅਤੇ ਹੋ ਰਹੀ ਹੈ। ਈਸਾਈ ਧਰਮ ਵਿਚ ਇਸਤ੍ਰੀ ਨੂੰ ਆਦਿ ਗੁਨਾਹ ਦਾ ਦੋਸ਼ੀ ਠਹਿਰਾਇਆ ਗਿਆ ਹੈ। ਆਦਮ ਦੇ ਪਹਿਲੇ ਪਾਪ ਦੀ ਸਾਰੀ ਜ਼ਿੰਮੇਵਾਰੀ ਹਵਾ (ਈਵ) ਤੇ ਹੀ ਥੋਪੀ ਗਈ ਹੈ। ਸ਼ਾਇਦ ਏਸੇ ਲਈ ਉਸ ਨੂੰ ਚਰਚ ਦੀ ਸੇਵਾ ਤੋਂ ਵਾਂਝਾ ਰੱਖਿਆ ਗਿਆ ਹੈ। ਇਸ ਦਾ ਇਕ ਹੋਰ ਸਬੂਤ ਯਹੂਦੀ ਘਰਾਂ ਵਿਚ ਛੋਟੇ ਲੜਕਿਆਂ ਦੀ ਅਰਦਾਸ ਤੋਂ ਵੇਖਿਆ ਜਾ ਸਕਦਾ ਹੈ ਜਿਸ ਦੇ ਸ਼ਬਦ ਹਨ -

"ਹੇ ਰੱਬਾ! ਮੈਂ ਤੇਰਾ ਬਾਰ-ਬਾਰ ਸ਼ੁਕਰ ਕਰਦਾ ਹਾਂ ਕਿਉਂਕਿ ਨਾ ਤਾਂ ਤੂੰ ਮੈਨੂੰ ਕਾਫਰ ਪੈਦਾ ਕੀਤਾ ਹੈ ਅਤੇ ਨਾ ਹੀ ਇਸਤ੍ਰੀ ਦਾ ਜਨਮ ਦਿਤਾ ਹੈ।" ਨਾ ਕੇਵਲ ਯਹੂਦੀਆਂ ਵਿਚ ਸਗੋਂ ਭਾਰਤ ਵਿਚ ਵੀ ਬਹੁਤ ਸਾਰੀਆਂ ਇਸਤ੍ਰੀਆਂ ਦੀ ਇਹ ਅਰਦਾਸ ਰਹੀ ਹੈ ਅਤੇ ਹੁਣ ਵੀ ਹੈ - "ਹੇ ਪ੍ਰਭੂ! ਮੈਨੂੰ ਮਰਦ ਦਾ ਜਾਮਾ ਦੇਈਂ।"

ਬੁੱਧ ਧਰਮ ਨੇ ਸਮਾਜਿਕ ਬੁਰਾਈਆਂ, ਛੂਤ-ਛਾਤ, ਸ਼੍ਰੇਣੀ ਵੰਡ ਅਤੇ ਵਰਣਵੰਡ ਦੇ ਵਿਰੁੱਧ ਬੜੀ ਪ੍ਰਬਲ ਤਹਿਰੀਕ ਚਲਾਈ ਪਰ ਇਸਤ੍ਰੀ ਸੁਧਾਰ ਲਈ ਉਹ ਵੀ ਵਧੇਰੇ ਯਤਨਸ਼ੀਲ ਨਹੀਂ ਹੋਏ। ਬੁੱਧ ਧਰਮ ਦੇ ਮੁਢਲੇ ਸੰਚਾਲਕਾਂ ਦਾ ਖਿਆਲ ਸੀ ਕਿ ਪੁਰਸ਼ ਭਿਖਸ਼ੂਆਂ ਵਾਂਗ ਇਸਤ੍ਰੀਆਂ ਸਾਧਣੀਆਂ ਦਾ ਵੀ ਸੰਗ ਬਣਾਇਆ ਜਾਵੇ। ਭਾਵੇਂ ਬੁੱਧ ਜੀ ਨੇ ਪ੍ਰਮੁੱਖ ਸੰਚਾਲਕਾ ਦੀ ਇਹ ਮੰਗ ਮੰਨ ਲਈ ਪਰ ਨਾਲ ਹੀ ਇਹ ਅੰਦੇਸਾ ਵੀ ਪ੍ਰਗਟ ਕੀਤਾ ਕਿ ਨਵਾਂ ਧਰਮ ਚਿਰ ਸਥਾਈ ਹੋਣਾ ਸੀ ਪਰ ਹੁਣ ਇਸਤ੍ਰੀਆਂ ਨੂੰ ਧਰਮ ਪ੍ਰਚਾਰ ਦੀ ਸ਼੍ਰੇਣੀ ਵਿਚ ਸ਼ਾਮਲ ਕਰ ਲੈਣ ਨਾਲ ਇਸ ਮਜ਼੍ਹਬ ਦੀ ਉਮਰ ਬੜੀ ਥੋੜ੍ਹੀ ਰਹਿ ਜਾਵੇਗੀ।

ਇਨ੍ਹਾਂ ਸਾਰੇ ਪ੍ਰਸੰਗਾਂ ਤੋਂ ਸਪੱਸ਼ਟ ਹੈ ਕਿ ਧਾਰਮਿਕ ਅਤੇ ਸਮਾਜਿਕ ਸੁਧਾਰਕਾਂ ਨੇ ਆਮ ਤੌਰ ਤੇ ਇਸਤ੍ਰੀ ਸੁਧਾਰ ਤੋਂ ਸੰਕੋਚ ਕੀਤਾ ਹੈ, ਨਾ ਹੀ ਕਿਸੇ ਧਰਮ ਜਾਂ ਮੁਲਕ ਤੋਂ ਇਹ ਸਾਖ ਮਿਲਦੀ ਹੈ ਕਿ ਇਸਤ੍ਰੀਆਂ ਨੇ ਕਦੇ ਆਪ ਆਪਣੇ ਸੁਧਾਰ ਵਲ ਕੋਈ ਕਦਮ ਚੁਕਿਆ ਹੋਵੇ। ਇਸਤ੍ਰੀਆਂ ਦੀ ਦੁਰਗਤੀ ਦੀ ਜ਼ਿੰਮੇਵਾਰੀ ਕੁਝ-ਕੁਝ ਇਸਤ੍ਰੀਆਂ ਤੇ ਵੀ ਆਉਂਦੀ ਹੈ।

ਮੱਧ ਕਾਲ ਵਿਚ ਭਾਰਤ ਵਿਚ ਭਗਤੀ ਲਹਿਰ ਨੇ ਬੜਾ ਸ਼ਲਾਘਾਯੋਗ ਕੰਮ ਕੀਤਾ ਹੈ। ਉਤਰੀ ਭਾਰਤ ਵਿਚ ਸ੍ਰੀ ਰਾਮਾਨੰਦ ਇਸ ਦੇ ਪ੍ਰਮੁੱਖ ਪ੍ਰਚਾਰਕ ਸਨ ਅਤੇ ਉਨ੍ਹਾਂ ਨੇ ਇਸਤ੍ਰੀ ਸੁਧਾਰ ਵਲ ਵੀ ਧਿਆਨ ਦਿਤਾ। ਸ੍ਰੀ ਰਾਮਾਨੰਦ ਜੀ ਦਾ ਪ੍ਰਮੁੱਖ ਸੇਵਕ ਤੁਲਸੀਦਾਸ ਸੀ। ਉਸ ਨੇ ਇਸਤ੍ਰੀਆਂ ਦੀ ਪਰੰਪਰਕ ਦੁਰਦਸ਼ਾ ਵਿਚ ਜੋ ਸੁਧਾਰ ਕੀਤਾ ਉਸ ਤੋਂ ਉਸ ਦੀ ਮਰਦ-ਪ੍ਰਧਾਨ ਦ੍ਰਿਸ਼ਟੀ ਦਾ ਸੰਕੇਤ ਮਿਲਦਾ ਹੈ। ਜਿਥੇ ਪਹਿਲਾਂ ਇਸਤ੍ਰੀ ਨੂੰ ਬਿਖ ਅਤੇ ਤਿਆਗਣਯੋਗ ਵਸਤੂ ਕਿਹਾ ਗਿਆ ਸੀ ਉਸ ਦੀ ਥਾਂ ਤੁਲਸੀਦਾਸ ਨੇ ਇਸ ਨੂੰ ਅੱਧੀ ਬਿਖ ਅਤੇ ਅੱਧੀ ਅੰਮ੍ਰਿਤ ਕਿਹਾ -

*ਅਮਿਯ ਵਾਰਿ ਗਾਰੇਉ ਗਰਲ ਨਾਰਿ ਕਰੀ ਕਰਤਾਰ।*
*ਪ੍ਰੇਮ ਬੈਰ ਕੀ ਜਨਨਿ ਯੁਗ ਜਾਨਹਿ ਬੁਧ, ਨ ਗਵਾਰ।*

ਇਹ ਗੱਲ ਵੀ ਸੋਚਣ ਵਾਲੀ ਹੈ ਕਿ ਅੰਮ੍ਰਿਤ ਵਿਚ ਬਿਖ ਪਾ ਦੇਈਏ ਤਾਂ ਇਸ ਦੇ ਮਿਸ਼ਰਣ ਦਾ ਅਸਰ ਕੀ ਹੋਵੇਗਾ। ਜਦੋਂ ਅਯੁੱਧਿਆ ਤੋਂ ਤੁਲਸੀ ਜੀ ਇਸਤ੍ਰੀ ਨੂੰ ਅੱਧੀ ਅੰਮ੍ਰਿਤ ਅਤੇ ਅੱਧੀ ਜ਼ਹਿਰ ਦਾ ਉਪਦੇਸ਼ ਦੇ ਰਹੇ ਸੀ ਤਾਂ ਪੰਜਾਬ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਇਹ ਅਵਾਜ਼ ਬੁਲੰਦ ਕਰ ਰਹੇ ਸੀ -

*ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥*

*ਅੰਗ - ੪੭੩*

ਸ੍ਰੀ ਗੁਰੂ ਨਾਨਕ ਦੇਵ ਜੀ ਵਲੋਂ ਸਿਰਜੇ ਗਏ ਨਵੇਂ ਸਮਾਜ ਵਿਚ ਜਾਂ ਨਵ-ਨਿਰਮਾਣ ਕੀਤੇ ਗਏ ਸਤਿ ਧਰਮ ਵਿਚ ਇਸਤ੍ਰੀ ਦੀ ਨਿੰਦਿਆ ਤੇ ਪੱਕੀ ਰੋਕ ਲਾ ਦਿਤੀ ਗਈ। ਗੁਰਸਿੱਖਾਂ ਨੂੰ ਗ੍ਰਹਿਸਤੀ ਹੋਣ ਦਾ ਉਪਦੇਸ਼ ਦਿਤਾ। ਪ੍ਰਭੂ ਭਗਤੀ ਲਈ ਘਰ ਤਿਆਗ ਅਤੇ ਇਸਤ੍ਰੀ ਤਿਆਗ ਨੂੰ ਉਚਿਤ ਨਹੀਂ ਮੰਨਿਆ, ਸਗੋਂ ਇਸਤ੍ਰੀ ਨੂੰ ਸਿੱਖ ਗੁਰੂਆਂ ਨੇ ਈਮਾਨ ਦਾ ਚਿੰਨ੍ਹ ਕਿਹਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਅਨੁਸਾਰ ਪਰਿਵਾਰ ਵਿਚ ਇਸਤ੍ਰੀ ਦਾ ਦਰਜਾ ਸਭ ਤੋਂ ਸਰਵੋਤਮ ਹੈ, ਘਰ ਦਾ ਮੁੱਢ ਇਸਤ੍ਰੀ ਹੈ, ਛੋਟਿਆਂ ਵੱਡਿਆਂ ਸਭ ਨੂੰ ਸੁਮੱਤ ਦੇਣ ਵਾਲੀ ਇਸਤ੍ਰੀ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦਾ ਫੁਰਮਾਨ ਹੈ -

*ਸਭ ਪਰਵਾਰੈ ਮਾਹਿ ਸਰੇਸਟ ॥*
*ਮਤੀ ਦੇਵੀ ਦੇਵਰ ਜੇਸਟ ॥* *ਅੰਗ - ੩੭੧*

ਭਾਰਤੀ ਪਰੰਪਰਾ ਵਿਚ ਇਸਤ੍ਰੀ ਨੂੰ ਮੋਖਸ਼ ਦਾ ਬੰਧਨ ਮੰਨਿਆ ਜਾਂਦਾ ਸੀ, ਸਿੱਖੀ ਮੰਡਲ ਵਿਚ ਇਸ ਨੂੰ ਮੋਖ ਵਿਚ ਸਹਾਇਕ, ਮੋਖ ਦੁਆਰੀ ਦੀ ਪਦਵੀ ਦਿਤੀ ਹੈ। ਭਾਈ ਗੁਰਦਾਸ ਜੀ ਲਿਖਦੇ ਹਨ -

*ਲੋਕ ਵੇਦ ਗੁਮ ਗਿਆਨ ਵਿਚ*
*ਅਰਧ ਸਰੀਰੀ ਮੋਖ ਦੁਆਰੀ।*
*ਗੁਰਮੁਖ ਸੁਖ ਫਲ ਨਿਹਚਉ ਨਾਰੀ॥* *ਭਾਈ ਗੁਰਦਾਸ ਜੀ*

'ਨਿਹਚਉ ਨਾਰੀ' ਦਾ ਭਾਵ ਹੈ, ਪੂਰਨ ਭਰੋਸੇ ਵਾਲੀ, ਆਪਣੇ ਆਪ ਦੀ ਦ੍ਰਿੜ੍ਹਤਾ ਵਿਚ ਪਰਪੱਕ, ਪੂਰਨ ਸ੍ਵੈਮਾਨ ਵਾਲੀ ਇਸਤ੍ਰੀ। ਐਸਾ ਹੀ ਸੰਕਲਪ ਗੁਰੂ ਜੀ ਦਾ ਸੀ। ਇਸ ਸਰੂਪ ਨੂੰ ਧੁਆਂਖਣ ਵਾਲੀ ਕੋਈ ਕਿਰਿਆ ਗੁਰੂ ਜੀ ਨੂੰ ਪ੍ਰਵਾਨ ਨਹੀਂ ਸੀ। ਗੁਰੂ ਦਰਬਾਰ ਵਿਚ, ਗੁਰਸੰਗਤ ਵਿਚ ਇਸਤ੍ਰੀਆਂ ਪੁਰਸ਼ ਮਿਲ ਕੇ ਬੈਠਦੇ, ਮਿਲ ਕੇ ਗੁਰਬਾਣੀ ਪੜ੍ਹਦੇ ਸੁਣਦੇ, ਮਿਲ ਕੇ ਲੰਗਰ ਤਿਆਰ ਕਰਦੇ ਅਤੇ ਮਿਲ ਕੇ ਸਾਰੀ ਸੇਵਾ ਨਿਭਾਉਂਦੇ ਹਨ। ਗੁਰੂ ਜੀ ਨੇ ਇਸਤ੍ਰੀਆਂ ਨੂੰ ਘੁੰਡ ਕੱਢ ਕੇ ਦਰਬਾਰ ਅਤੇ ਸੰਗਤ ਵਿਚ ਆਉਣ ਤੋਂ ਵਰਜਿਆ। ਸ੍ਰੀ ਗੁਰੂ ਅੰਗਦ ਦੇਵ ਜੀ ਦੀ ਸੁਪਤਨੀ ਬੀਬੀ ਖੀਵੀ ਜੀ ਜਦੋਂ ਲੰਗਰ ਦੇ ਇੰਚਾਰਜ ਥਾਪੇ ਗਏ ਤਾਂ ਆਪ ਨੇ ਸੇਵਾ ਦੇ ਉਚੇ ਮਿਆਰ ਸਥਾਪਤ ਕੀਤੇ। ਸ੍ਰੀ ਗੁਰੂ ਅਮਰਦਾਸ ਜੀ ਨੇ ਇਸਤ੍ਰੀਆਂ ਵਿਚ ਸਤੀ ਹੋਣ ਦੇ ਰਿਵਾਜ ਦਾ ਭਰਪੂਰ ਖੰਡਨ ਕੀਤਾ। ਗੁਰੂ ਜੀ ਅਨੁਸਾਰ ਅਸਲ ਸਤੀਆਂ ਉਹ ਇਸਤ੍ਰੀਆਂ ਨਹੀਂ ਜੋ ਮੜ੍ਹੀਆਂ ਤੇ ਜ਼ਿੰਦਾ ਜਲ ਜਾਂਦੀਆਂ ਹਨ, ਅਸਲ ਪਤੀ ਪਿਆਰ ਵਾਲੀਆਂ ਇਸਤ੍ਰੀਆਂ ਉਹ ਹਨ ਜੋ ਸੀਲ, ਸੰਤੋਖ ਵਿਚ ਰਹਿ ਕੇ ਪ੍ਰਭੂ ਦੀ ਯਾਦ ਵਿਚ ਜੁੜਦੀਆਂ ਹਨ। ਗੁਰੂ ਜੀ ਦਾ ਫੁਰਮਾਨ ਹੈ -

*ਸਤੀਆ ਏਹਿ ਨ ਆਖੀਅਨਿ ਜੋ ਮੜਿਆ ਲਗਿ ਜਲੰਨ੍ਹਿ ॥*
*ਨਾਨਕ ਸਤੀਆ ਜਾਣੀਅਨ੍ਹਿ ਜਿ ਬਿਰਹੇ ਚੋਟ ਮਰੰਨ੍ਹਿ ॥*

*ਅੰਗ - ੭੮੭*

*ਭੀ ਸੋ ਸਤੀਆ ਜਾਣੀਅਨਿ*
*ਸੀਲ ਸੰਤੋਖਿ ਰਹੰਨ੍ਹਿ ॥*
*ਸੇਵਨਿ ਸਾਈ ਆਪਣਾ ਨਿਤ ਉਠਿ ਸੰਮ੍ਾਲੰਨ੍ਹਿ ॥*

*ਅੰਗ - ੭੮੭*

ਇਸਤ੍ਰੀ ਪੈਰ ਦੀ ਜੁੱਤੀ ਨਹੀਂ, ਨਾ ਹੀ ਤਾੜਨ ਵਾਲੀ, ਬੰਧਨਾਂ ਵਿਚ ਜਕੜੀ, ਪ੍ਰਾਧੀਨਤਾ ਦੇ ਸਹਿਮ ਵਿਚ ਨਿਘਰੀ ਨਿਮਾਣੀ ਵਿਚਾਰੀ ਵਸਤੂ ਹੈ, ਸਗੋਂ ਗੁਰੂ ਘਰ ਵਿਚ ਧਨ ਪਿਰ ਦਾ ਸੰਜੋਗ ਪ੍ਰਭੂ ਦੀ ਇਕ ਵਿਸ਼ੇਸ਼ ਬਖਸ਼ਿਸ਼ ਹੈ ਜਿਸ ਵਿਚ ਧਨ ਪਿਰ ਪਤੀ ਪਤਨੀ, ਇਕ ਸੁਰ, ਇਕ ਤਾਲ, ਇਕ ਜੋਤਿ ਹੋ ਕੇ ਵਿਚਰਦੇ ਹਨ। ਤੀਜੇ ਪਾਤਸ਼ਾਹ ਦਾ ਫੁਰਮਾਨ ਹਨ -

*ਧਨ ਪਿਰੁ ਏਹਿ ਨ ਆਖੀਅਨਿ ਬਹਨਿ ਇਕਠੇ ਹੋਇ ॥*
*ਏਕ ਜੋਤਿ ਦੁਇ ਮੂਰਤੀ ਧਨ ਪਿਰੁ ਕਹੀਐ ਸੋਇ ॥*

*ਅੰਗ - ੭੮੮*

ਸਿੱਖ ਇਤਿਹਾਸ ਵਿਚ ਬੀਬੀਆਂ ਦੇ ਮਾਣਯੋਗ

*(ਬਾਕੀ ਪੰਨਾ 55 ਤੇ)*

# ਸ੍ਰੀ ਮੁਕਤਸਰ ਸਾਹਿਬ ਦੇ ਸ਼ਹੀਦ

*ਗਿਆਨੀ ਭਜਨ ਸਿੰਘ*

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਜੀਵਨ ਵਿਚ ਜਿਹੜੀਆਂ ਵੱਡੀਆਂ ਲੜਾਈਆਂ ਲੜੀਆਂ, ਉਹਨਾਂ ਵਿਚੋਂ ਅਖੀਰਲੀ ਲੜਾਈ ਸ੍ਰੀ ਮੁਕਤਸਰ ਸਾਹਿਬ ਦੀ ਹੈ। ਇਹ ਲੜਾਈ 1705 ਈਸਵੀ ਨੂੰ ਮਾਲਵੇ ਦੀ ਧਰਤੀ ਤੇ ਖਿਦਰਾਣੇ ਦੀ ਢਾਬ ਦੇ ਨੇੜੇ ਲੜੀ ਗਈ ਤੇ ਮੁਗਲ ਫੌਜ ਨੂੰ ਬਹੁਤ ਵੱਡੀ ਹਾਰ ਦਿਤੀ ਗਈ। ਇਸ ਜੰਗ ਦੀ ਇਕ ਵਿਸ਼ੇਸ਼ਤਾ ਇਹ ਹੈ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਆਪਣਾ ਪਰਿਵਾਰ ਸ਼ਹੀਦ ਕਰਵਾ ਕੇ ਤੇ ਸਾਰੀ ਫੌਜ ਖੇਰੂੰ-ਖੇਰੂੰ ਹੋ ਜਾਣ ਪਿਛੋਂ ਮਾਛੀਵਾੜੇ ਦੇ ਜੰਗਲਾਂ ਵਿਚ ਇਕੱਲੇ ਫਿਰਨ ਪਿੱਛੋਂ ਝਟ ਪਟ ਹੀ ਇਤਨੇ ਸ਼ਕਤੀਸ਼ਾਲੀ ਹੋ ਗਏ ਤੇ ਲੋਕ ਇਉਂ ਉਹਨਾਂ ਲਈ ਜਾਨਾਂ ਵਾਰਨ ਨੂੰ ਨਿਕਲੇ ਤੇ ਮਾਲਵੇ ਦਾ ਇਕ ਚੱਕਰ ਲਾਂਦਿਆਂ ਅਜਿਹੇ ਸਿਰਲੱਥ ਨਾਲ ਆ ਗਏ ਜਿਨ੍ਹਾਂ ਪਿੱਛਾ ਕਰ ਰਹੀ ਸ਼ਾਹੀ ਫੌਜ ਦਾ ਮੂੰਹ ਭੰਨ ਕੇ ਰੱਖ ਦਿਤਾ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸ੍ਰੀ ਚਮਕੌਰ ਸਾਹਿਬ ਦੇ ਯੁੱਧ ਤੋਂ ਪਿੱਛੋਂ ਮਾਛੀਵਾੜੇ ਪਹੁੰਚੇ ਤੇ ਇਥੋਂ ਮਾਲਵੇ ਵਲ ਲੰਘ ਗਏ। ਸਰਕਾਰੀ ਫੌਜ ਆਪ ਦਾ ਪਿੱਛਾ ਕਰ ਰਹੀ ਸੀ। ਇਹ ਖਬਰਾਂ ਸਰਕਾਰ ਨੂੰ ਮਿਲ ਰਹੀਆਂ ਸਨ ਕਿ ਗੁਰੂ ਸਾਹਿਬ ਮਾਲਵੇ ਵਿਚ ਪਹੁੰਚ ਗਏ ਹਨ ਤੇ ਉਹਨਾਂ ਦੇ ਆਉਣ ਨਾਲ ਲੋਕਾਂ ਵਿਚ ਇਕ ਅਜਿਹਾ ਉਭਾਰ ਪੈਦਾ ਹੋ ਗਿਆ ਹੈ ਕਿ ਲੋਕੀ ਸਰਕਾਰੀ ਫੌਜ ਨਾਲ ਟੱਕਰ ਲੈਣ ਲਈ ਤੱਤਪਰ ਹੋ ਰਹੇ ਹਨ। ਇਸ ਲਈ ਫੌਜ ਚਿੰਤਾਤੁਰ ਸੀ ਕਿ ਛੇਤੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਘੇਰਿਆ ਜਾਏ, ਨਹੀਂ ਤੇ ਉਹਨਾਂ ਦੀ ਤਾਕਤ ਬਹੁਤ ਵਧ ਜਾਏਗੀ।

ਗੁਰੂ ਸਾਹਿਬ ਖਿਦਰਾਣੇ ਦੀ ਢਾਬ, ਜਿਸ ਨੂੰ ਅੱਜ ਕਲ੍ਹ ਸ੍ਰੀ ਮੁਕਤਸਰ ਸਾਹਿਬ ਕਿਹਾ ਜਾਂਦਾ ਹੈ, ਉਥੇ ਪਹੁੰਚੇ ਤਾਂ ਸ਼ਾਹੀ ਫੌਜ ਵੀ ਪਿੱਛਾ ਕਰਦੀ ਹੋਈ ਅੱਪੜ ਗਈ। ਲੰਮੇ ਚੌੜੇ ਘੇਰੇ ਨਾਲ ਫੌਜ ਨੇ ਘੇਰ ਲਿਆ।

ਇਸ ਵੇਲੇ ਮਾਝੇ ਤੋਂ ਇਕ ਜੱਥਾ ਪਹੁੰਚ ਗਿਆ। ਢਾਬ ਦੇ ਨੇੜੇ ਹੀ ਜੱਥੇ ਨੇ ਡੇਰਾ ਲਾਇਆ ਤੇ ਇਸ਼ਨਾਨ ਕਰਨ ਲਗ ਪਏ। ਉਧਰ ਮੁਗਲ ਸਰਕਾਰ ਦੀਆਂ ਫੌਜਾਂ ਨੇ ਸਮਝਿਆ ਕਿ ਇਹਨਾਂ ਵਿਚ ਹੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਹੋਣਗੇ, ਇਸ ਲਈ ਹਮਲਾ ਕਰ ਦਿਤਾ ਤੇ ਦੋਹਾਂ ਪਾਸਿਆਂ ਤੋਂ ਜੰਗੀ ਹਥਿਆਰ ਚੱਲਣ ਲਗ ਪਏ। ਇਸ ਸਮੇਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕੁਝ ਦੂਰ ਰੇਤ ਦੇ ਇਕ ਟਿੱਲੇ ਤੇ ਖੜ੍ਹੇ ਇਹ ਸਾਰਾ ਦ੍ਰਿਸ਼ ਦੇਖ ਰਹੇ ਸਨ। ਉਹ ਹੈਰਾਨ ਸਨ ਕਿ ਇਹ ਕੌਣ ਹਨ, ਜੋ ਸਰਕਾਰੀ ਫੌਜ ਦਾ ਮੁਕਾਬਲਾ ਕਰ ਰਹੇ ਹਨ। ਗੁਰੂ ਸਾਹਿਬ ਤੇ ਉਨ੍ਹਾਂ ਨਾਲ ਜੁੜੇ ਸਿੰਘ ਵੀ ਯੁੱਧ ਵਿਚ ਸ਼ਾਮਲ ਹੋ ਗਏ। ਇਸ ਤਰ੍ਹਾਂ ਦਿੱਲੀ, ਲਾਹੌਰ ਤੇ ਸਰਹੰਦ ਦੀਆਂ ਫੌਜਾਂ ਦੀ ਮਿਲਵੀਂ ਤਾਕਤ ਨਾਲ ਗੁਰੂ ਸਾਹਿਬ ਦੀ ਚੌਥੀ ਟੱਕਰ ਹੋਈ, ਪਰ ਇਸ ਸਮੇਂ ਸਿੰਘਾਂ ਨੇ ਅਜਿਹੀ ਬੀਰਤਾ ਦਿਖਾਈ ਤੇ ਇਉਂ ਤੇਗ ਵਾਹੀ ਕਿ ਦੁਸ਼ਮਣ ਨੂੰ ਹੱਥਾਂ ਪੈਰਾਂ ਦੀ ਪੈ ਗਈ ਤੇ ਕਾਫੀ ਜਾਨੀ ਨੁਕਸਾਨ ਕਰਵਾ ਕੇ ਉਹਨਾਂ ਨੂੰ ਨਸਣਾ ਪਿਆ। ਸ਼ਾਹੀ ਫੌਜ ਨੂੰ ਇਕ ਹੋਰ ਮਾਰ ਇਹ ਪਈ ਕਿ ਪਾਣੀ ਨੇੜੇ ਕਿਧਰੇ ਵੀ ਨਹੀਂ ਸੀ। ਪਾਣੀ ਦੀ ਘਾਟ ਨੇ ਉਹਨਾਂ ਨੂੰ ਜੰਗ ਦੇ ਮੈਦਾਨ ਵਿਚੋਂ ਨਸਣ ਲਈ ਮਜਬੂਰ ਕਰ ਦਿਤਾ।

ਜਦ ਲੜਾਈ ਖਤਮ ਹੋਈ ਤਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਜੰਗ ਦੇ ਮੈਦਾਨ ਵਿਚ ਸ਼ਹੀਦ ਹੋਏ ਸਿੰਘਾਂ ਵਲ ਆਏ। ਜਦ ਨੇੜੇ ਆ ਕੇ ਦੇਖਿਆ ਤਾਂ ਇਹ ਉਹੀ ਸਿੰਘ ਸਨ ਜੋ ਅਨੰਦਪੁਰ ਵਿਚ ਬੇਦਾਵਾ ਲਿਖ ਕੇ ਦੇ ਆਏ ਸਨ। ਜਦ ਅਨੰਦਪੁਰ ਸਾਹਿਬ ਕਈ ਮਹੀਨੇ ਲਗਾਤਾਰ ਘੇਰਾ ਪਿਆ ਰਿਹਾ ਤੇ ਕਿਲ੍ਹੇ ਦੇ ਅੰਦਰ ਖੁਰਾਕ ਵੀ ਖਤਮ ਹੋ ਗਈ ਤਾਂ ਅਤਿ ਤੰਗੀ ਦੇ ਦਿਨਾਂ ਵਿਚ ਕਈਆਂ ਦੇ ਹੌਂਸਲੇ ਟੁੱਟ ਗਏ। ਇਕ ਮੌਤ ਦਾ ਡਰ ਤੇ ਦੂਜਾ ਭੁੱਖ ਦੀ ਤੜਫਾਹਟ ਨੇ ਕਮਜ਼ੋਰੀ ਪੈਦਾ ਕਰ ਦਿਤੀ ਤਾਂ ਇਕ ਦਿਨ ਕੁਝ ਸਿੰਘ ਗੁਰੂ ਜੀ ਪਾਸ ਆਏ ਤੇ ਬੇਨਤੀ ਕੀਤੀ ਕਿ

ਸਾਨੂੰ ਆਗਿਆ ਦਿਤੀ ਜਾਏ, ਅਸੀਂ ਘਰਾਂ ਨੂੰ ਜਾਣਾ ਚਾਹੁੰਦੇ ਹਾਂ। ਗੁਰੂ ਸਾਹਿਬ ਨੇ ਉਹਨਾਂ ਤੋਂ ਲਿਖਵਾ ਲਿਆ ਕਿ ਨਾ ਤੁਸੀਂ ਸਾਡੇ ਗੁਰੂ ਤੇ ਨਾ ਅਸੀਂ ਤੁਹਾਡੇ ਸਿੱਖ। ਇਹ ਚਾਲੀ ਆਦਮੀ ਗੁਰੂ ਜੀ ਨੂੰ ਬੇਦਾਵਾ ਲਿਖ ਕੇ ਚਲੇ ਗਏ ਤੇ ਰਾਤ ਦੇ ਹਨ੍ਹੇਰੇ ਵਿਚ ਆਪਣੀਆਂ ਜਿੰਦੜੀਆਂ ਬਚਾ ਕੇ ਅਨੰਦਪੁਰ ਸਾਹਿਬ ਤੋਂ ਦੂਰ ਆਪਣੇ ਪਿੰਡ ਦੇ ਰਾਹ ਪੈ ਗਏ। ਉਹ ਸਿੰਘ ਇਹ ਸਨ –

1. ਮਹਾਂ ਸਿੰਘ 2. ਦਰਬਾਰਾ ਸਿੰਘ 3. ਮਾਹਲਾ ਸਿੰਘ 4. ਵੀਰ ਸਿੰਘ 5. ਮੁਨਸ਼ਾ ਸਿੰਘ 6. ਗੁਰਾ ਸਿੰਘ 7. ਸ਼ੇਰ ਸਿੰਘ 8. ਸੰਤ ਸਿੰਘ 9. ਸੁਰਜਾ ਸਿੰਘ 10. ਫੂਲਾ ਸਿੰਘ 11. ਬਿਸ਼ਨ ਸਿੰਘ 12. ਹਰੀ ਸਿੰਘ 13. ਦੀਪ ਸਿੰਘ 14. ਗੰਡਾ ਸਿੰਘ 15. ਜੀਵਨ ਸਿੰਘ 16. ਭਾਗ ਸਿੰਘ 17. ਜੱਸਾ ਸਿੰਘ 18. ਗੰਡਾ ਸਿੰਘ 19. ਮਨੀ ਸਿੰਘ 20. ਰਾਮ ਸਿੰਘ 21. ਮਨਸ਼ਾ ਸਿੰਘ 22. ਬੁਲਾਕਾ ਸਿੰਘ 23. ਪਰਸਾ ਸਿੰਘ 24. ਅਜਾਇਬ ਸਿੰਘ 25. ਨਾਰਾਇਣ ਸਿੰਘ 26. ਪਰਮਾ ਸਿੰਘ 27. ਬਚਿੱਤਰ ਸਿੰਘ 28. ਚੰਪਾ ਸਿੰਘ 29. ਗੁਰਬਖਸ਼ ਸਿੰਘ 30. ਕਾਹਨ ਸਿੰਘ 31. ਮੱਖਣ ਸਿੰਘ 32. ਸਾਧੂ ਸਿੰਘ 33. ਮੂਲਾ ਸਿੰਘ 34. ਕਪੂਰ ਸਿੰਘ 35. ਗਾਰੂ ਸਿੰਘ 36. ਚੂਹੜ ਸਿੰਘ 37. ਭਾਗ ਸਿੰਘ 38. ਤਾਰੂ ਸਿੰਘ 39. ਬਬੇਕਾ ਸਿੰਘ 40. ਮਸਤਾਨਾ ਸਿੰਘ

ਜਦ ਇਹ ਸਿੰਘ ਆਪਣੇ ਪਿੰਡਾਂ ਵਿਚ ਪਹੁੰਚੇ ਤਾਂ ਉਥੇ ਪਹਿਲਾਂ ਹੀ ਇਹ ਸੂਚਨਾ ਪਹੁੰਚ ਚੁਕੀ ਸੀ ਕਿ ਗੁਰੂ ਨੂੰ ਬੇਦਾਵਾ ਲਿਖ ਕੇ ਦੇ ਆਏ ਹਨ। ਹਰ ਕਿਸੇ ਨੇ ਇਹਨਾਂ ਦੇ ਇਸ ਕਰਮ ਦੀ ਨਿਖੇਧੀ ਕੀਤੀ ਤੇ ਇਥੋਂ ਤਕ ਕਿ ਬੀਬੀਆਂ ਨੇ ਘਰਾਂ ਵਿਚ ਸੁਆਗਤ ਕਰਨ ਦੀ ਥਾਂ ਕਿਹਾ ਕਿ ਚੂੜੀਆਂ ਪਾ ਲਓ, ਬੱਚੇ ਖਿਡਾਉ ਤੇ ਅਸੀਂ ਜਾ ਕੇ ਗੁਰੂ ਮਹਾਰਾਜ ਦਾ ਸਾਥ ਦਿੰਦੀਆਂ ਹਾਂ। ਇਸ ਤਰ੍ਹਾਂ ਦਾ ਪ੍ਰਭਾਵ ਤੇ ਵਾਤਾਵਰਣ ਵੇਖ ਕੇ ਇਹਨਾਂ ਸਾਰਿਆਂ ਦੀ ਗ਼ੈਰਤ ਨੇ ਜੁਬਸ਼ ਖਾਧੀ, ਮਰਦਊ-ਪੁਣਾ ਉਭਰਿਆ ਤੇ ਫਿਰ ਲੜਾਈ ਕਰਕੇ ਸ਼ਹੀਦ ਹੋਣ ਲਈ ਤੁਰ ਪਏ। ਮਾਈ ਭਾਗੋ (ਕੌਰ) ਨੇ ਇਹਨਾਂ ਨੂੰ ਹੋਰ ਟੁੰਬਿਆ ਤੇ ਇਹ ਵਾਪਸ ਪਰਤ ਆਏ। ਪਤਾ ਲੱਗਾ ਕਿ ਗੁਰੂ ਸਾਹਿਬ ਅੱਜਕਲ੍ਹ ਮਾਲਵੇ ਵਿਚ ਹਨ, ਇਸ ਲਈ ਉਹਨਾਂ ਦੀ ਭਾਲ ਕਰਦੇ ਖਿਦਰਾਣੇ ਦੀ ਢਾਬ ਤੇ ਪਹੁੰਚੇ ਤੇ ਮੁਗਲ ਫੌਜ ਨਾਲ ਟੱਕਰ ਲੈ ਕੇ ਸ਼ਹੀਦ ਹੋ ਗਏ।

ਜਦ ਗੁਰੂ ਸਾਹਿਬ ਨੇ ਆਪਣੇ ਸਿੱਖਾਂ ਨੂੰ ਜੰਗ ਦੇ ਮੈਦਾਨ ਵਿਚ ਸ਼ਹੀਦ ਹੋਏ ਪਏ ਦੇਖਿਆ ਤਾਂ ਹਰ ਇਕ ਦਾ ਸਿਰ ਚੁੱਕ ਕੇ ਪਿਆਰ ਕੀਤਾ ਤੇ ਕਿਸੇ ਨੂੰ ਆਪਣਾ ਪੰਜ ਹਜ਼ਾਰੀ ਤੇ ਕਿਸੇ ਨੂੰ ਦਸ ਹਜ਼ਾਰੀ ਕਹਿ ਕੇ ਨਿਵਾਜਿਆ। ਇਸ ਤਰ੍ਹਾਂ ਕਰਦੇ ਆਪ ਨੇ ਇਕ ਸਿਰ ਨੂੰ ਚੁਕਿਆ ਤਾਂ ਸਿੰਘ ਅਜੇ ਸਿਸਕ ਰਿਹਾ ਸੀ। ਗੁਰੂ ਸਾਹਿਬ ਨੇ ਗਹੁ ਨਾਲ ਦੇਖਿਆ ਤਾਂ ਇਹ ਭਾਈ ਮਹਾਂ ਸਿੰਘ ਸੀ। ਤੁਰੰਤ ਪਾਣੀ ਉਹਦੇ ਮੂੰਹ ਵਿਚ ਪਾਇਆ, ਜਿਸ ਨਾਲ ਉਹਦੀਆਂ ਅੱਖਾਂ ਖੁਲ੍ਹ ਗਈਆਂ। ਆਪਣੇ ਆਪ ਨੂੰ ਗੁਰੂ ਦੀ ਗੋਦੀ ਵਿਚ ਦੇਖ ਕੇ ਉਹਦਾ ਰੋਮ-ਰੋਮ ਠਰ ਗਿਆ। ਗੁਰੂ ਸਾਹਿਬ ਨੇ ਪੁਛਿਆ, ਸਿੰਘਾ ਤੇਰੀ ਕੋਈ ਇੱਛਾ ਹੈ ਤਾਂ ਦੱਸ।"

"ਦਰਸ਼ਨ ਦੀ ਇੱਛਾ ਸੀ, ਜੋ ਪੂਰੀ ਹੋ ਗਈ। ਹੁਣ ਕ੍ਰਿਪਾ ਕਰ ਕੇ ਉਹ ਬੇਦਾਵਾ ਪਾੜ ਦਿਓ।" ਭਾਈ ਮਹਾਂ ਸਿੰਘ ਨੇ ਨਿਮਰਤਾ ਸਹਿਤ ਬੇਨਤੀ ਕੀਤੀ।

ਗੁਰੂ ਸਾਹਿਬ ਨੇ ਇਕ ਛਿਨ ਵੀ ਦੇਰ ਨਾ ਕੀਤੀ ਤੇ ਉਹ ਕਾਗਜ਼ ਦਾ ਟੁਕੜਾ ਜੇਬ ਵਿਚੋਂ ਕੱਢ ਕੇ ਭਾਈ ਮਹਾਂ ਸਿੰਘ ਦੇ ਸਾਹਮਣੇ ਪਾੜ ਦਿਤਾ। ਕਾਗਜ਼ ਪਾਟਣ ਨਾਲ ਟੁੱਟੀ ਫਿਰ ਗੰਢੀ ਗਈ। ਭਾਈ ਮਹਾਂ ਸਿੰਘ ਝਟ ਪਿਛੋਂ ਸ਼ਹੀਦੀ ਪਾ ਗਏ। ਇਸ ਤਰ੍ਹਾਂ ਜੰਗ ਮੁਕਤਸਰ ਵਿਚ ਸ਼ਹੀਦੀਆਂ ਪਾ ਕੇ ਸ੍ਰੀ ਅਨੰਦਪੁਰ ਸਾਹਿਬ ਵਿਚ ਬੇਦਾਵਾ ਦੇਣ ਵਾਲੇ ਸਿੰਘ ਅਮਰ ਹੋ ਗਏ।

ਗੁਰੂ ਸਾਹਿਬ ਦੇ ਬੇਦਾਵਾ ਪਾੜਨ ਨਾਲ ਇਹ ਸਿੰਘ ਮੁਕਤ ਹੋ ਗਏ। ਇਸੇ ਕਰਕੇ ਇਸ ਥਾਂ ਦਾ ਨਾਂ ਸ੍ਰੀ ਮੁਕਤਸਰ ਸਾਹਿਬ ਪ੍ਰਚਲਤ ਹੋ ਗਿਆ। ਮਾਈ ਭਾਗੋ ਵੀ ਇਸੇ ਲੜਾਈ ਵਿਚ ਦੁਸ਼ਮਣ ਦਾ ਮੁਕਾਬਲਾ ਕਰਦੀ ਸਖ਼ਤ ਜ਼ਖਮੀ ਹੋਈ ਸੀ।

# ਗੁਰਬਾਣੀ ਅਰਥ ਭੰਡਾਰ

*ਸੰਤ ਹਰੀ ਸਿੰਘ ਜੀ 'ਰੰਧਾਵੇ' ਵਾਲੇ*

*(ਲੜੀ ਜੋੜਨ ਲਈ ਦੇਖੋ, ਦਸੰਬਰ ਅੰਕ, ਪੰਨਾ-61)*

ੴ ਸਤਿਗੁਰ ਪ੍ਰਸਾਦਿ ॥
ਸਿਰੀਰਾਗੁ ਮਹਲਾ ੧ ਪਹਰੇ ਘਰੁ ੧ ॥
ਪਹਿਲੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ
ਹੁਕਮਿ ਪਇਆ ਗਰਭਾਸਿ ॥

ਪਹਿਲੈ=ਪਹਿਲੇ ਉਮਰ ਰੂਪੀ ਰੈਣਿ=ਰਾਤ ਕੈ=ਦੇ ਪਹਰੈ=ਪਹਿਰ ਭਾਵ ਹਿੱਸੇ ਵਿਚ ਹੇ ਜੀਵ ਰੂਪ। ਮਿਤ੍ਰਾ=ਸੱਜਣਾ! ਸ਼ੁਭ ਅਸ਼ੁਭ ਕਰਮ ਦੇ ਵਣਜਾਰਿਆ=ਵਣਜ ਵਪਾਰ ਕਰਨ ਵਾਲੇ ਵਾਹਿਗੁਰੂ ਦੇ ਹੁਕਮਿ ਭਾਣੇ ਵਿਚ ਤੇਰੀ ਪ੍ਰਾਲਬਧ ਅਨੁਸਾਰ ਤੈਨੂੰ ਗਰਭਾਸਿ=ਮਾਤਾ ਦੇ ਗਰਭ ਵਿਚ ਪਾਉਣਾ ਕੀਤਾ ਹੈ। ਉਸ ਪ੍ਰਾਲਬਧ ਰੂਪੀ ਕਰਮਾਂ ਅਨੁਸਾਰ ਗਰਭ ਦੇ ਆਸ=ਮੂੰਹ ਵਿਚ ਮਾਤਾ ਦੀ ਰਕਤ ਅਤੇ ਪਿਤਾ ਦੇ ਬਿੰਦ ਰੂਪ ਹੋ ਕੇ ਤੇਰਾ ਸਰੂਪ ਇਸਥਿਤ ਹੋਇਆ ਹੈ ਅਤੇ ਉਸ ਵਿਚ ਮਹਾਰਾਜ ਜੀ ਨੇ ਆਪਣੀ ਚੇਤਨ ਸੱਤਾ ਪਾਉਣਾ ਕੀਤੀ ਹੈ।

ਉਰਧ ਤਪੁ ਅੰਤਰਿ ਕਰੇ ਵਣਜਾਰਿਆ ਮਿਤ੍ਰਾ
ਖਸਮ ਸੇਤੀ ਅਰਦਾਸਿ ॥

ਹੇ ਵਣਜਾਰਿਆ=ਵਣਜਾਰੇ ਮਿੱਤਰ ਜੀਵ! ਉਸ ਸਮੇਂ ਤੂੰ ਉਰਧ=ਉਲਟਾ ਲਮਕਦਾ ਸੀ। ਤੇਰਾ ਮੁੱਖ ਥੱਲੇ ਅਤੇ ਪੈਰ ਉਪਰ ਸਨ। ਜਿਸ ਤਰ੍ਹਾਂ ਕੋਈ ਉਲਟਾ ਹੋ ਕੇ ਤਪ ਕਰਦਾ ਹੋਵੇ। ਇਸ ਪ੍ਰਕਾਰ ਤੂੰ ਮਾਤਾ ਦੇ ਗਰਭ ਰੂਪ ਬ੍ਰਿਛ ਦੇ ਨਾਲ ਲਟਕਿਆ ਹੋਇਆ ਸੀ। ਮਾਤਾ ਦੇ ਗਰਭ ਦੀ ਅੱਗ ਤੈਨੂੰ ਤਪਾ ਰਹੀ ਸੀ। ਉਹ ਐਸੀ ਅੱਗ ਹੈ ਜੇਕਰ ਮਾਤਾ ਰੋੜ ਵੀ ਖਾ ਲਵੇ ਤਾਂ ਉਹ ਵੀ ਹਜ਼ਮ ਹੋ ਜਾਂਦੇ ਹਨ। ਹੇ ਵਣਜਾਰੇ ਜੀਵ! ਤੂੰ ਇਸ ਪ੍ਰਕਾਰ ਤਪਸਿਆ ਕਰ ਰਿਹਾ ਸੀ।

ਉਸ ਵੇਲੇ ਖਸਮ=ਅਕਾਲ ਪੁਰਖ ਵਾਹਿਗੁਰੂ ਦੇ ਸੇਤੀ=ਅੱਗੇ ਅਰਦਾਸ ਕਰਦਾ ਸੀ ਕਿ ਹੇ ਸੱਚੇ ਪਾਤਸ਼ਾਹ! ਮੈਨੂੰ ਇਸ ਦੁੱਖ ਬਿਪਤਾ ਰੂਪੀ ਕੁੰਭੀ ਨਰਕ ਵਿਚੋਂ ਬਾਹਰ ਕੱਢਣਾ ਕਰੋ ਤੇ ਮੈਂ ਤੇਰਾ ਸੁਆਸ-ਸੁਆਸ ਭਜਨ ਕਰਾਂਗਾ ਅਤੇ ਧਰਮ ਦੀ ਕਿਰਤ ਦਾ ਹਿੱਸਾ ਤੇਰੇ ਨਾਮ 'ਤੇ ਦਿਆ ਕਰਾਂਗਾ।

ਖਸਮ ਸੇਤੀ ਅਰਦਾਸਿ ਵਖਾਣੈ
ਉਰਧ ਧਿਆਨਿ ਲਿਵ ਲਾਗਾ ॥

ਉਸ ਵੇਲੇ ਖਸਮ=ਮਾਲਕ ਵਾਹਿਗੁਰੂ ਦੇ ਸੇਤੀ=ਸਾਥ ਭਾਵ ਅੱਗੇ ਤੂੰ ਅਰਦਾਸਿ=ਬੇਨਤੀ ਦੇ ਤਾਈਂ ਵਖਾਣੈ=ਕਥਨ ਕਰਦਾ ਸੀ। (ਸਤਿਗੁਰਾਂ ਦੇ ਨਾਉ ਲੈਣ ਨੂੰ ਹੀ ਅਰਦਾਸ ਕਹਿੰਦੇ ਹਨ) ਭਾਵ ਖਿਨ-ਖਿਨ ਮਨ ਵਿਚ ਬੇਨਤੀਆਂ ਕਰਦਾ ਸੀ। ਤੂੰ ਉਰਧਿ=ਉਲਟਾ ਲਮਕਦਾ ਸੀ ਵਾ: ਉਰਧ ਰੂਪ ਜੋ ਪਰਮੇਸਰ ਉੱਚਾ ਹੈ। ਤੇਰਾ ਚਿੱਤ ਲਿਵ ਲਾ ਕੇ ਉਸ ਦੇ ਧਿਆਨ ਵਿਚ ਲੱਗਾ ਹੋਇਆ ਸੀ। ਇਸ ਦੇ ਕਾਰਨ ਤੈਨੂੰ ਉਸ ਗਰਭ ਦੀ ਅੱਗ ਸਾੜ ਨਹੀਂ ਸਕੀ।

ਨਾ ਮਰਜਾਦੁ ਆਇਆ ਕਲਿ ਭੀਤਰਿ
ਬਾਹੁੜਿ ਜਾਸੀ ਨਾਗਾ ॥

ਜਦੋਂ ਤੂੰ ਕਲਿ=ਕਲਾ ਰੂਪ ਵਾ: ਸਤਜੁਗ, ਤ੍ਰੇਤਾ, ਦੁਆਪਰ ਅਤੇ ਕਲਜੁਗ ਆਦਿ ਸੰਸਾਰ ਦੇ ਇਨ੍ਹਾਂ ਯੁੱਗਾਂ ਭੀਤਰਿ=ਵਿਚ ਸਰੀਰ ਧਾਰਨ ਕੀਤਾ ਤਾਂ ਤੇਰੇ ਨਾ ਕੁਪੀਨ, ਨਾ ਲੰਗੋਟੀ, ਨਾ ਤੜਾਗੀ ਸੀ। ਤੂੰ ਸੰਸਾਰ ਦੀ ਮਰਜਾਦੁ=ਮਰਯਾਦਾ ਤੋਂ ਉਲਟ ਨੰਗਾ ਹੀ ਆਇਆ ਭਾਵ ਪੈਦਾ ਹੋਇਆ ਸੀ। ਸੰਸਾਰ ਤੋਂ ਬਾਹੁੜਿ=ਮੁੜਨ ਵੇਲੇ ਭਾਵ ਮਰ ਕੇ ਨਾਗਾ=ਨੰਗਾ ਹੀ ਜਾਏਂਗਾ। ਭਾਵ ਜਨਮ ਵੇਲੇ ਨੰਗਾ ਆਇਆ ਤੇ ਮਰਨ ਵਕਤ ਨੰਗਾ ਹੀ ਜਾਵੇਂਗਾ।

ਜੈਸੀ ਕਲਮ ਵੁੜੀ ਹੈ ਮਸਤਕਿ
ਤੈਸੀ ਜੀਅੜੇ ਪਾਸਿ ॥

ਜੈਸੀ=ਜਿਹੋ ਜਿਹੀ ਜੀਵਾਂ ਦੀ ਕਰਨੀ ਅਨੁਸਾਰ ਇਨ੍ਹਾਂ ਦੇ ਅੰਤਹਕਰਨ ਰੂਪੀ ਮਸਤਕਿ=ਮੱਥੇ ਉਪਰ ਚੰਗੇ ਮੰਦੇ ਕਰਮਾਂ ਦੀ ਕਲਮ ਵੁੜੀ=ਵਗੀ ਹੋਈ ਹੈ, ਤੈਸੀ=ਉਹੋ ਜਿਹੀ ਹੀ ਜੀਅੜੇ=ਜੀਵਾਂ ਦੇ ਪਾਸਿ=ਕੋਲ ਹੈ। ਭਾਵ ਉਹੋ ਜਿਹਾ ਹੀ ਜੀਵ ਕਰਮ ਕਰਦੇ ਹਨ।

ਕਹੁ ਨਾਨਕ ਪ੍ਰਾਣੀ ਪਹਿਲੈ ਪਹਰੈ
ਹੁਕਮਿ ਪਇਆ ਗਰਭਾਸਿ ॥੧॥

ਸਤਿਗੁਰੂ ਪਾਤਸ਼ਾਹ ਜੀ ਕਥਨ ਕਰਦੇ ਹਨ ਕਿ ਹੇ ਪ੍ਰਾਣਧਾਰੀ ਜੀਵ! ਤੂੰ ਉਮਰ ਰੂਪੀ ਰਾਤ ਦੇ ਪਹਿਲੈ=ਪਹਿਲੇ ਪਹਰੈ=ਪਹਿਰ ਵਿਚ ਪਰਮੇਸ਼ਰ ਦੇ ਹੁਕਮਿ ਅਨੁਸਾਰ ਮਾਤਾ ਦੇ ਗਰਭਾਸਿ=ਗਰਭ (ਪੇਟ) ਵਿਚ ਆ ਕੇ ਪਿਆ ਹੈ।

ਦੂਜੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ
ਵਿਸਰਿ ਗਇਆ ਧਿਆਨੁ ॥

ਹੇ ਚੰਗੇ ਮੰਦੇ ਕਰਮ ਕਰਨ ਵਾਲੇ ਜੀਵ ਰੂਪੀ ਵਣਜਾਰੇ, ਪਰਮੇਸ਼ਰ ਦੀ ਅੰਸ਼ ਹੋਣੇ ਕਰਕੇ ਮਿੱਤਰਾ! ਉਮਰ ਰੂਪੀ ਰਾਤ ਦੇ ਦੂਜੇ ਪਹਿਰੈ=ਪਹਿਰ ਭਾਵ ਹਿੱਸੇ ਵਿਚ ਜਦੋਂ ਤੂੰ ਜਨਮ ਧਾਰਿਆ, ਉਸ ਵਕਤ ਤੈਨੂੰ ਪਰਮੇਸ਼ਰ ਦਾ ਧਿਆਨ ਵਿਸਰਿ=ਭੁੱਲ ਗਇਆ=ਗਿਆ। ਭਾਵ ਜਦੋਂ ਖਾਣ-ਪੀਣ ਦੀ ਤ੍ਰਿਸ਼ਨਾ ਜਾਗ ਪਈ ਤਾਂ ਵਾਹਿਗੁਰੂ ਦੇ ਨਾਮ ਦੀ ਲਿਵ ਛੁੱਟ ਗਈ।

ਹਥੋ ਹਥਿ ਨਚਾਈਐ ਵਣਜਾਰਿਆ ਮਿਤ੍ਰਾ
ਜਿਉ ਜਸੁਦਾ ਘਰਿ ਕਾਨੁ ॥

ਹੇ ਜੀਵ ਰੂਪੀ ਵਣਜਾਰੇ। ਪਰਮੇਸ਼ਰ ਦੀ ਚੇਤਨ ਅੰਸ਼ ਹੋਣ ਕਰਕੇ ਮਿੱਤਰਾ (ਉਸ ਵਕਤ ਕਦੇ ਮਾਂ ਕਦੇ ਭੈਣ ਤੇ ਕਦੇ ਪਰਿਵਾਰ ਦੇ ਹੋਰ ਸਬੰਧੀ ਤੈਨੂੰ ਆਪਣਿਆਂ ਹੱਥਾਂ ਵਿਚ ਨਚਾਈਐ=ਨਚਾਉਂਦੇ ਭਾਵ ਖਿਡਾਉਂਦੇ ਹਨ ਭਾਵ ਖੁੱਦੋ ਦੀ ਤਰ੍ਹਾਂ ਉਪਰ ਉਛਾਲ-ਉਛਾਲ ਕੇ ਲਾਡ ਲਡਾਉਂਦੇ ਹਨ। ਜਿਵੇਂ ਮਾਤਾ ਯਸ਼ੋਧਾ ਜੀ ਦੇ ਘਰ ਭਗਵਾਨ ਕਾਨ=ਕ੍ਰਿਸ਼ਨ ਜੀ ਪਲੇ ਸਨ। ਆਹ ਮੇਰਾ ਕਾਨ ਹੈ, ਮੇਰਾ ਮੋਰ ਹੈ, ਮੇਡਾ ਲਾਡਲਾ ਪੁੱਤਰ ਹੈ, ਇਉਂ ਮਾਵਾਂ ਕਹਿ-ਕਹਿ ਕੇ ਆਪਣੇ ਪੁੱਤਰ ਨੂੰ ਪਾਲਦੀਆਂ ਹਨ।

ਹਥੋ ਹਥਿ ਨਚਾਈਐ ਪ੍ਰਾਣੀ
ਮਾਤ ਕਹੈ ਸੁਤੁ ਮੇਰਾ ॥

ਹੇ ਪ੍ਰਾਣਧਾਰੀ ਜੀਵ! ਕਦੇ ਪਿਤਾ, ਕਦੇ ਸਾਕ ਸਬੰਧੀ ਤੈਨੂੰ ਆਪਣੇ ਹੱਥਾਂ ਵਿਚ ਨਚਾਈਐ=ਨਚਾਉਂਦੇ ਭਾਵ ਖਿਡਾਉਂਦੇ ਹਨ। ਮਾਤਾ ਕਹਿੰਦੀ ਹੈ ਕਿ ਇਹ ਕੇਵਲ ਮੇਰਾ ਹੀ ਸੁਤੁ=ਪੁੱਤਰ ਹੈ, ਹੋਰ ਕਿਸੇ ਦਾ ਨਹੀਂ, ਇਹ ਮੇਰੀ ਆਂਦਰਾਂ ਦਾ ਸਰੂਪ ਹੈ।

ਚੇਤਿ ਅਚੇਤ ਮੂੜ ਮਨ ਮੇਰੇ
ਅੰਤਿ ਨਹੀ ਕਛੁ ਤੇਰਾ ॥

ਹੇ ਮੇਰੇ ਅਚੇਤ=ਬੇਸਮਝ (ਅਗਿਆਤ) ਮੂੜ=ਮੂਰਖ ਮਨ! ਤੈਨੂੰ ਉਹ ਹਰੀ ਵਾਹਿਗੁਰੂ ਭੁੱਲ ਗਿਆ ਹੈ। ਉਸ ਨੂੰ ਚੇਤਿ=ਚੇਤਨਾ ਕਰ ਭਾਵ ਉਸ ਵਾਹਿਗੁਰੂ ਦਾ ਸਿਮਰਨ ਕਰ।

ਜਿਨਿ ਰਚਿ ਰਚਿਆ ਤਿਸਹਿ ਨ ਜਾਣੈ
ਮਨ ਭੀਤਰਿ ਧਰਿ ਗਿਆਨੁ ॥

ਜਿਸ ਵਾਹਿਗੁਰੂ ਨੇ ਪਹਿਲਾਂ ਸੂਖਮ ਤੱਤਾਂ ਦੁਆਰਾ ਸਥੂਲ ਸਰੀਰ ਰਚਿਆ, ਪੰਜ ਗਿਆਨ-ਇੰਦਰੇ, ਪੰਜ ਕਰਮ-ਇੰਦਰੇ, ਪੰਜ ਪ੍ਰਾਣ ਮਨ ਅਤੇ ਬੁੱਧ, ਸਤਾਰਾਂ ਤੱਤਾਂ ਦੁਆਰਾ ਸੂਖਮ ਸਰੀਰ ਰਚਨਾ ਕੀਤਾ। ਫਿਰ ਪੱਚੀ ਪ੍ਰਕ੍ਰਿਤੀਆਂ ਦੁਆਰਾ ਸਥੂਲ ਸਰੀਰ ਦੇ ਅੰਗ ਪ੍ਰਤੰਗ ਬਣਾਏ ਹਨ। ਹਰੀ ਪ੍ਰਮਾਤਮਾ ਨੇ ਤੇਰਾ ਇਤਨਾ ਸੁੰਦਰ ਸਰੀਰ ਰਚਿਆ=ਬਣਾਉਣਾ ਕੀਤਾ ਹੈ। ਤੂੰ ਤਿਸਹਿ=ਉਸ ਵਾਹਿਗੁਰੂ ਨੂੰ ਜਾਣਦਾ ਹੀ ਨਹੀਂ ਜਿਸ ਵਾਹਿਗੁਰੂ ਨੇ ਤੈਨੂੰ ਰਚਿਆ ਹੈ। ਤੈਨੂੰ ਚਾਹੀਦਾ ਹੈ ਕਿ ਮਨ ਦੇ ਭੀਤਰਿ=ਵਿਚ ਸਤਿਗੁਰਾਂ ਦੇ ਗਿਆਨ ਨੂੰ ਧਰਿ=ਧਾਰਨਾ ਕਰ।

ਕਹੁ ਨਾਨਕ ਪ੍ਰਾਣੀ ਦੂਜੈ ਪਹਰੈ
ਵਿਸਰਿ ਗਇਆ ਧਿਆਨੁ ॥ ੨ ॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਹੇ ਪ੍ਰਾਣੀ=ਪ੍ਰਾਣਾਧਾਰੀ ਜੀਵ! ਇਹ ਤੇਰੀ ਉਮਰ ਰੂਪੀ ਰਾਤ ਦਾ ਦੂਜੈ ਪਹਰੈ=ਦੂਜੇ ਪਹਿਰ ਦਾ ਹਿੱਸਾ ਹੈ। ਇਕੇ ਦੂਜਾ ਪਹਿਰ ਬਾਲਕ ਅਵਸਥਾ ਨੂੰ ਕਹਿੰਦੇ ਹਨ। ਬਾਲਕ ਅਵਸਥਾ ਵਿਚ ਫਸ ਕਰਕੇ ਤੈਨੂੰ ਪ੍ਰਮੇਸ਼ਰ ਦਾ ਧਿਆਨ ਹੀ ਵਿਸਰ ਗਿਆ।

ਤੀਜੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ
ਧਨ ਜੋਬਨ ਸਿਉ ਚਿਤੁ ॥

ਹੇ ਜੀਵ ਰੂਪ ਵਣਜਾਰੇ ਪਰਮੇਸ਼ਰ ਦੀ ਚੇਤਨ ਸੱਤਾ ਦੀ ਅੰਸ ਹੋਣ ਕਰਕੇ ਮਿਤ੍ਰਾ=ਸੱਜਣਾ! ਤੇਰੀ ਉਮਰ ਰੂਪੀ ਰਾਤ ਦੇ ਤੀਜੈ=ਤੀਸਰੇ ਪਹਿਰ ਦੇ ਹਿੱਸੇ ਵਿਚ ਜਦੋਂ ਕਿਸ਼ੋਰ ਅਵਸਥਾ ਆ ਗਈ ਤਾਂ ਤੇਰਾ ਚਿੱਤ ਹਰ ਵਕਤ ਧਨ=ਮਾਇਆ ਸਿਉ=ਨਾਲ ਅਤੇ ਜੋਬਨ=ਜਵਾਨੀ ਦੀ ਸੰਭਾਲ ਵਿਚ ਹੀ ਲੱਗਿਆ ਰਿਹਾ।

ਹਰਿ ਕਾ ਨਾਮੁ ਨ ਚੇਤਹੀ ਵਣਜਾਰਿਆ ਮਿਤ੍ਰਾ
ਬਧਾ ਛੁਟਹਿ ਜਿਤੁ ॥

ਹੇ ਜੀਵ ਰੂਪ ਵਣਜਾਰੇ ਮਿੱਤਰ! ਤੂੰ ਕਦੇ ਵੀ ਉਸ ਹਰਿ=ਪਰਮੇਸ਼ਰ ਵਾਹਿਗੁਰੂ ਦਾ ਨਾਮ ਚੇਤਹੀ=ਚੇਤੇ ਨਹੀਂ ਕਰਦਾ। ਤੂੰ ਜਨਮ ਅਤੇ ਵਿਕਾਰਾਂ ਆਦਿ ਔਗੁਣਾਂ ਦੇ ਬੰਧਨਾਂ ਵਿਚ ਬਧਾ=ਬੰਨ੍ਹਿਆ ਹੋਇਆ ਹੈ। ਤੂੰ ਉਸ ਵਾਹਿਗੁਰੂ ਪਰਮੇਸ਼ਰ ਦੇ ਨਾਮ ਦਾ ਸਿਮਰਨ ਕਰਦਾ ਨਹੀਂ ਜਿਤੁ=ਜਿਸ ਕਰਕੇ ਤੂੰ ਮਾਇਆ ਦੇ ਬੰਧਨਾਂ ਤੋਂ ਛੁਟਹਿ=ਛੁੱਟ ਜਾਣਾ ਸੀ।

ਹਰਿ ਕਾ ਨਾਮੁ ਨ ਚੇਤੈ ਪ੍ਰਾਣੀ
ਬਿਕਲੁ ਭਇਆ ਸੰਗਿ ਮਾਇਆ ॥

ਹੇ ਪ੍ਰਾਣਾਧਾਰੀ ਜੀਵ! ਤੂੰ ਉਸ ਹਰਿ=ਪਰਮੇਸ਼ਰ ਦਾ ਨਾਮ ਚੇਤੇ ਨਹੀਂ ਕਰਦਾ। ਤੂੰ ਮਾਇਆ ਦੇ ਨਾਲ ਬਿਕਲੁ=ਸ਼ਾਂਤੀ ਤੋਂ ਰਹਿਤ, ਵਿਆਕੁਲ, ਅਕਲ ਤੋਂ ਬਿਨਾਂ, ਬੇਸਮਝ ਹੋ ਰਿਹਾ ਹੈਂ। ਇਉਂ ਤੈਨੂੰ ਐਨਾ ਹੰਕਾਰ ਹੋ ਗਿਆ ਹੈ ਕਿ ਤੂੰ ਮਾਇਆ ਦੇ ਨਾਲ ਬਿਕਲੁ=ਵਿਆਕਲ ਹੋ ਗਿਆ ਹੈਂ।

ਧਨ ਸਿਉ ਰਤਾ ਜੋਬਨਿ ਮਤਾ
ਅਹਿਲਾ ਜਨਮੁ ਗਵਾਇਆ ॥

ਤੂੰ ਧਨ=ਮਾਇਆ ਇਕੱਠੀ ਕਰਨ ਸਿਉ=ਨਾਲ

ਰਤਾ=ਰੰਗਿਆ ਹੋਇਆ ਹੈ ਅਤੇ ਜੋਬਨਿ=ਜਵਾਨੀ ਵਿਚ ਹੀ ਮਤਾ=ਮਸਤ ਹੋਇਆ ਰਹਿੰਦਾ ਹੈ। ਇਹ ਸੁੰਦਰ ਮਨੁੱਖਾ ਜਨਮ ਅਹਿਲਾ=ਬਿਨਾਂ ਲਾਹੇ ਤੋਂ ਨਿਸਫਲ ਭਾਵ ਵਿਅਰਥ ਹੀ ਗਵਾ ਰਿਹਾ ਹੈ।

ਧਰਮ ਸੇਤੀ ਵਾਪਾਰੁ ਨ ਕੀਤੋ
ਕਰਮੁ ਨ ਕੀਤੋ ਮਿਤੁ ॥

ਤੂੰ ਧਰਮ ਦੇ ਸੇਤੀ=ਨਾਲ ਵਾਪਾਰੁ=ਵਣਜ ਨ=ਨਹੀਂ ਕੀਤੇ=ਕੀਤਾ ਭਾਵ ਆਪ ਧਰਮ ਦੇ ਕਰਮ ਕਰਨੇ ਅਤੇ ਹੋਰਨਾਂ ਨੂੰ ਧਰਮ ਕਰਨ ਦਾ ਉਪਦੇਸ਼ ਦੇਣਾ। ਇਹ ਹੀ ਧਰਮ ਦਾ ਵਪਾਰ ਸੀ, ਜੋ ਤੂੰ ਨਹੀਂ ਕੀਤਾ ਅਤੇ ਕਰਮਾਂ ਨੂੰ ਮਿਤੁ=ਮਿੱਤਰ ਨ=ਨਹੀਂ ਬਣਾਉਣਾ ਕੀਤੋ=ਕੀਤਾ। ਜਿਨ੍ਹਾਂ ਨੇ ਮਿੱਤਰ ਬਣ ਕੇ ਤੇਰੀ ਪਰਲੋਕ ਵਿਚ ਸਹਾਇਤਾ ਕਰਨੀ ਸੀ, ਤੂੰ ਅਜਿਹੇ ਨਿਸ਼ਕਾਮ ਕਰਮਾਂ ਨੂੰ ਨਹੀਂ ਕੀਤਾ।

ਕਹੁ ਨਾਨਕ ਤੀਜੈ ਪਹਰੈ ਪ੍ਰਾਣੀ
ਧਨ ਜੋਬਨ ਸਿਉ ਚਿਤੁ ॥ ੩ ॥

ਸਤਿਗੁਰੂ ਸਾਹਿਬ ਜੀ ਫੁਰਮਾਨ ਕਰਦੇ ਹਨ ਕਿ ਹੇ ਪ੍ਰਾਣੀ=ਪ੍ਰਣਾਧਾਰੀ ਜੀਵ! ਤੂੰ ਉਮਰ ਰੂਪੀ ਰਾਤ ਦੇ ਤੀਜੇ ਪਹਿਰ ਦੇ ਹਿੱਸੇ ਵਿਚ ਹਰ ਵਕਤ ਧਨ ਜੋੜਨ ਅਤੇ ਆਪਣੀ ਜੋਬਨ=ਜੁਆਨੀ ਸਿਉ=ਨਾਲ ਚਿਤੁ=ਚਿਤਵਣੀ ਲਾਈ ਹੋਈ ਹੈ।

ਚਉਥੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ
ਲਾਵੀ ਆਇਆ ਖੇਤੁ ॥

ਹੇ ਜੀਵ! ਸ਼ੁਭ ਅਤੇ ਅਸ਼ੁਭ ਕਰਮ ਕਰਨ ਵਾਲੇ ਵਣਜਾਰੇ, ਪਰਮਾਤਮਾ ਦੀ ਚੇਤਨ ਸੱਤਾ ਦੀ ਅੰਸ਼ ਹੋਣ ਕਰਕੇ ਮਿਤ੍ਰਾ=ਸੱਜਣਾ। ਤੇਰੀ ਉਮਰ ਰੂਪੀ ਰਾਤ ਦੇ ਚਉਥੇ ਪਹਿਰ ਦੇ ਹਿੱਸੇ ਵਿਚ, ਜਿਸ ਪ੍ਰਕਾਰ ਖੇਤ ਦੇ ਉਤੇ ਲਾਵੇ ਆ ਜਾਂਦੇ ਹਨ ਤਾਂ ਖੇਤ ਨੂੰ ਕੱਟਿਆ ਜਾਂਦਾ ਹੈ। (ਬੀਤੇ ਸਮੇਂ ਵਿਚ ਜਦੋਂ ਹੱਥਾਂ ਨਾਲ ਦਾਤਰੀਆਂ ਦੁਆਰਾ ਫਸਲ ਕੱਟੀ ਜਾਂਦੀ ਸੀ। ਫਸਲ ਕੱਟਣ ਵਾਲੇ ਮਜ਼ਦੂਰਾਂ ਦਾ ਨਾਮ ਲਾਵੇ ਸੀ) ਤੇਰਾ ਸਰੀਰ ਰੂਪੀ ਖੇਤ ਫਸਲ ਪੱਕਣ ਦੀ ਨਿਆਈਂ ਧੌਲੇ ਆਉਣ ਰੂਪ ਪੱਕ ਜਾਣ ਤੋਂ, ਜਮਦੂਤ ਰੂਪੀ ਲਾਵੇ (ਕਾਮੇ) ਕੱਟਣ ਵਾਸਤੇ ਆ ਜਾਂਦੇ ਹਨ, (ਭਾਵੇਂ ਜਮਦੂਤ ਕਿਸੇ ਅਵਸਥਾ ਵਿਚ ਵੀ ਆ ਜਾਂਦੇ ਹਨ ਪਰ ਇਥੇ ਪਹਿਰਿਆਂ ਦੀ ਬਾਣੀ ਦੇ ਪ੍ਰਕਰਣ ਅਨੁਸਾਰ ਇਹੋ ਸਿਧਾਂਤ ਹੈ) ਵਾ: ਇਸ ਪ੍ਰਕਾਰ ਤੇਰਾ ਸੂਖਮ ਸਰੀਰ ਰੂਪੀ ਖੇਤ ਧੌਲਿਆਂ ਰੂਪ ਲਾਵੇ ਆ ਜਾਣ ਕਾਰਨ ਵੱਢਣ ਵਾਲਾ ਹੋ ਗਿਆ ਹੈ –

ਜਾ ਜਮਿ ਪਕੜਿ ਚਲਾਇਆ ਵਣਜਾਰਿਆ ਮਿਤ੍ਰਾ
ਕਿਸੈ ਨ ਮਿਲਿਆ ਭੇਤੁ ॥

ਹੇ ਜੀਵ ਰੂਪ ਵਣਜਾਰੇ ਮਿੱਤਰ! ਜਦੋਂ ਜਮਾਂ ਨੇ ਆ ਕੇ ਪਕੜ ਲਿਆ ਤਾਂ ਪਤਾ ਨਹੀਂ ਲਗਦਾ ਕਿ ਕਿੱਧਰ ਨੂੰ ਲੈ ਗਏ। ਜਦੋਂ ਪਰਮੇਸ਼ਰ ਜੀਵ ਨੂੰ ਸੰਸਾਰ ਉਤੇ ਭੇਜਦਾ ਹੈ ਤਾਂ ਸਾਰੀ ਦੁਨੀਆਂ ਨੂੰ ਪਤਾ ਲਗ ਜਾਂਦਾ ਹੈ। ਪਰੰਤੂ ਜਦੋਂ ਸੁਆਸ ਪੂਰੇ ਹੋ ਜਾਂਦੇ ਹਨ, ਸੰਸਾਰ ਤੋਂ ਚਲਾ ਜਾਂਦਾ ਹੈ, ਉਸ ਵੇਲੇ ਕਿਸੇ ਨੂੰ ਵੀ ਕੋਈ ਭੇਤੁ=ਭੇਦ ਨਹੀਂ ਮਿਲਿਆ=ਮਿਲਦਾ।

ਭੇਤੁ ਚੇਤੁ ਹਰਿ ਕਿਸੈ ਨ ਮਿਲਿਓ
ਜਾ ਜਮਿ ਪਕੜਿ ਚਲਾਇਆ ॥

ਹੇ ਜੀਵ! ਜਾ=ਜਦੋਂ ਜਮਿ=ਜਮਦੂਤਾਂ ਨੇ ਤੈਨੂੰ ਪਕੜਿ=ਫੜ ਕੇ ਪਰਲੋਕ ਦੇ ਰਸਤੇ ਨੂੰ ਚਲਾਇਆ=ਤੋਰਨਾ ਕੀਤਾ ਤਾਂ ਕਿਸੇ ਨੂੰ ਵੀ ਭੇਤੁ=ਗੁਪਤ ਜਾਣਕਾਰੀ ਨਹੀਂ ਮਿਲਿਓ=ਮਿਲਦੀ ਕਿ ਜੀਵ ਕਿਥੇ ਚਲਾ ਗਿਆ। ਇਸ ਕਰਕੇ ਤੂੰ ਉਹ ਹਰਿ=ਹਰੀ ਵਾਹਿਗੁਰੂ ਨੂੰ ਚੇਤੁ=ਸਿਮਰਨਾ ਕਰ।

ਝੂਠਾ ਰੁਦਨੁ ਹੋਆ ਦੋੁਆਲੈ
ਖਿਨ ਮਹਿ ਭਇਆ ਪਰਾਇਆ ॥

ਉਸ ਵਕਤ ਤੇਰੇ ਦੋੁਆਲੈ=ਆਲੇ ਦੁਆਲੇ ਘੇਰਾ ਘੱਤ ਕੇ ਝੂਠਾ ਹੀ ਰੁਦਨੁ=ਰੋਣਾ ਰੋਂਦੇ ਹਨ। ਇਕ ਖਿਨ=ਛਿਨ ਮਹਿ=ਵਿਚ ਸਭ ਕੁਝ ਪਰਾਇਆ=ਬੇਗਾਨਾ ਭਇਆ=ਹੋ ਜਾਂਦਾ ਹੈ। ਉਹ ਹੀ ਸਾਕ-ਸਬੰਧੀ ਜਿਹੜੇ ਹਰ ਵਕਤ ਆਪਣਾ ਕਹਿੰਦੇ ਸਨ, ਉਹ ਹੀ ਇਸ ਨੂੰ ਸ਼ਮਸ਼ਾਨ ਭੂਮੀ ਵਿਚ ਲੈ ਜਾਂਦੇ ਹਨ। ਕਾਢੋ-ਕਾਢੋ ਹੋਣ ਲਗ ਜਾਂਦੀ ਹੈ। ਫਿਰ ਕੋਈ ਵੀ ਸਿਆਣਦਾ ਨਹੀਂ।

ਸਾਈ ਵਸਤੁ ਪਰਾਪਤਿ ਹੋਈ
ਜਿਸੁ ਸਿਉ ਲਾਇਆ ਹੇਤੁ ॥

ਹੇ ਜੀਵ! ਤੈਨੂੰ ਸਾਈ=ਉਹੀ ਵਸਤੁ=ਚੀਜ਼ ਪ੍ਰਾਪਤ ਹੋਈ ਹੈ, ਜਿਸ ਵਸਤੂ ਸਿਉ=ਨਾਲ ਤੂੰ ਹੇਤੁ=ਪ੍ਰੇਮ ਲਾਉਣਾ ਕੀਤਾ ਹੈ। ਜੇਕਰ ਤੇਰੀ ਸੁਰਤੀ ਮਰਨ ਵੇਲੇ ਮਾਇਆ ਵਿਚ ਸੀ ਤਾਂ ਤੈਨੂੰ ਸੱਪ ਦੀ ਜੂਨ ਪ੍ਰਾਪਤ ਹੋਈ।

ਕਹੁ ਨਾਨਕ ਪ੍ਰਾਣੀ ਚਉਥੈ ਪਹਰੈ
ਲਾਵੀ ਲੁਣਿਆ ਖੇਤੁ ॥ ੪ ॥ ੧ ॥

ਪਾਤਸ਼ਾਹ ਜੀ ਫੁਰਮਾਨ ਕਰਦੇ ਹਨ ਕਿ ਹੇ ਪ੍ਰਾਣੀ=ਪ੍ਰਾਣਧਾਰੀ ਜੀਵ! ਤੇਰੀ ਉਮਰ ਰੂਪੀ ਰਾਤ ਦੇ ਚਉਥੇ ਪਹਿਰ ਦੇ ਹਿੱਸੇ ਵਿਚ ਜਮਦੂਤ ਰੂਪੀ ਲਾਵੀ=ਵੱਢਣ ਵਾਲੇ ਤੇਰੇ ਸੂਖਮ ਸਰੀਰ ਰੂਪੀ ਖੇਤ ਨੂੰ ਲੁਣਿਆ=ਕੱਟ ਕੇ ਲੈ ਜਾਣਗੇ।

*'ਚਲਦਾ.....।'*

# ਗੁਰੂ ਨਾਨਕ ਆਗਮਨ

## (ਸ੍ਰੀ ਗੁਰ ਨਾਨਕ ਚਮਤਕਾਰ)

*ਪਦਮ ਭੂਸ਼ਨ-ਡਾ. ਭਾਈ ਵੀਰ ਸਿੰਘ ਜੀ*

*(ਲੜੀ ਜੋੜਨ ਲਈ ਦੇਖੋ, ਦਸੰਬਰ ਅੰਕ, ਪੰਨਾ-64)*

### ਉਪਕਾਰ

ਇਕ ਸਾਧੂ ਨੇ ਇਕ ਦਿਨ ਕਿਤੇ ਸਿਖ ਸੰਗਤ ਵਿਚ ਸੁਤੇ ਹੀ ਦਾਨ ਦੀ ਗੱਲ ਕੀਤੀ ਤੇ ਆਖਣ ਲੱਗਾ ਕਿ ਦਾਨ ਪਾਤਰ ਦਾ ਅਧਿਕਾਰ ਪਛਾਣਨਾ ਚਾਹੀਏ, ਐਵੇਂ ਦਾਨ ਕੀਤੇ ਦਾ ਫਲ ਏਥੇ ਓਥੇ ਦੁਖ ਹੀ ਹੈ। ਫਿਰ ਉਹ ਕਹਿਣ ਲੱਗਾ ਕਿ ਮੈਂ ਤਾਂ ਸਮਝਦਾ ਹਾਂ ਕਿ ਕੇਵਲ ਆਪ ਨੂੰ ਬ੍ਰਹਮ ਜਾਣ ਲੈਣਾ ਕਾਫੀ ਹੈ, ਨਾਮ ਦਾਨ ਆਦਿ ਦੀ ਲੋੜ ਨਹੀਂ।

ਵੀਚਾਰ - ਅਧਿਕਾਰ ਪਛਾਣਨਾ ਤਾਂ ਠੀਕ ਗੱਲ ਹੈ, ਜੇ ਤੁਸੀਂ ਲਖਪਤੀ ਨੂੰ ਦਸ ਰੁਪੈ ਦਿਓਗੇ ਤਾਂ ਕੀਹ ਗੁਣ? ਜੇ ਜੁਆਰੀਏ ਨੂੰ ਸੌ ਰੁਪਿਆ ਦਿਓਗੇ ਤਾਂ ਜੂਏ ਵਿਚ ਹੀ ਗੁਆਏਗਾ।

ਫੇਰ ਦਾਨ ਕਰਨ ਵਿਚ ਬੜੀਆਂ ਔਕੜਾਂ ਆਉਂਦੀਆਂ ਹਨ। ਜੋ ਦੂਸਰੇ ਦਾ ਭਲਾ ਕਰੇਗਾ ਦੁੱਖਾਂ ਦੇ ਮੂੰਹ ਆਵੇਗਾ। ਜੋ ਪਰਾਇਆ ਭਲਾ ਕਰੇਗਾ ਉਸ ਦੇ ਉਦਾਲੇ ਕਿਸੇ ਨਾ ਕਿਸੇ ਸ਼ਕਲ ਵਿਚ ਦੁਖ ਆਵੇਗਾ। ਤੁਸੀਂ ਪਰਉਪਕਾਰ ਦੇ ਕੰਮ ਕਰਕੇ ਵੇਖੋ ਕਿ ਜਿਨ੍ਹਾਂ ਨਾਲ ਨੇਕੀ ਉਪਕਾਰ ਕਰੋਗੇ ਬਹੁਤੀ ਵੇਰ ਓਹੀ ਵੈਰੀ ਹੋ ਘੁਕਣਗੇ। ਕਈ ਵੇਰ ਉਨ੍ਹਾਂ ਦੇ ਹਿਤੂ ਵੈਰੀ ਹੋ ਜਾਂਦੇ ਹਨ। ਆਮ ਕਰਕੇ ਜਾਣੇ ਯਾ ਅਣਜਾਣੇ ਜਗਤ ਨੇਕੀ ਕਰਨ ਵਾਲੇ ਨੂੰ ਘੇਰ ਘਾਰ ਕੇ ਦੁਖਾਂ ਦੇ ਮੂੰਹ ਫਸਾ ਦੇਂਦਾ ਹੈ। ਪਰਉਪਕਾਰੀਆਂ ਦੀ ਨਿੰਦਾ ਕਰਨੀ, ਆਪਣੇ ਮਨੋਰਥਾਂ ਦੀ ਖਾਤਰ ਊਜਾਂ ਦੇਣੀਆਂ ਤਾਂ ਜਗਤ ਦੇ ਖੱਬੇ ਹੱਥ ਦਾ ਕਰਤਬ ਹੈ। ਇਸ ਤੋਂ ਵਧ ਕੇ ਲੋਕੀਂ ਅਨੇਕ ਤਰ੍ਹਾਂ ਦੇ ਵਡੇਰੇ ਕਸ਼ਟ ਭੀ ਖੜ੍ਹੇ ਕਰ ਦਿੰਦੇ ਹਨ, ਜਿੰਦਾਂ ਤਕ ਬੀ ਲੈ ਲੈਂਦੇ ਹਨ। ਸ੍ਰੀ ਗੁਰੂ ਅਰਜਨ ਦੇਵ ਜੀ ਪਰਮੇਸ਼ਰ ਸਰੂਪ ਸਨ। ਉਨ੍ਹਾਂ ਦਾ ਹਿਰਦਾ ਤੇ ਸਰੀਰ ਕਿਤਨਾ ਕੋਮਲ ਸੀ, ਜਿਸ ਤੋਂ ਅਰਸ਼ੀ ਬਾਣੀ ਨਿਕਲਦੀ ਸੀ। ਉਨ੍ਹਾਂ ਦੇ ਉਪਕਾਰਾਂ ਦਾ ਅੰਤ ਨਹੀਂ। ਜੇ ਉਨ੍ਹਾਂ ਦੇ ਸ੍ਰੀ ਦਰਬਾਰ ਸਾਹਿਬ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਾਲੇ ਰੂਹਾਨੀ ਤੇ ਕੋਮਲ ਉਨਰੀ ਸਾਹਿਤਕ ਉਪਕਾਰ ਨੂੰ ਅੱਖਾਂ ਅੱਗੇ ਲਿਆਈਏ ਤੇ ਦੂਜੇ ਪਾਸੇ ਉਸ ਸੁਖਮ ਤੇ ਕੂਲੀ ਵਿਅਕਤੀ ਨੂੰ ਤੱਤੇ ਤਵੇ ਤੇ ਬੈਠਿਆਂ ਤੇ ਰੇਤਾਂ ਪੈਂਦੀਆਂ ਤੱਕੀਏ ਤਾਂ ਪ੍ਰਾਣ ਕੰਬ ਉਠਦੇ ਹਨ। ਇਹ ਦੇਖ ਲਓ ਜਗਤ ਦਾ ਸ਼ਿਰੋਮਣ ਪਰਉਪਕਾਰੀ ਨਾਲ ਸਲੂਕ।

ਬਾਹਰਲੇ ਦੁਖਾਂ ਨੂੰ ਛੱਡ ਕੇ ਜੋ ਆਪਣੇ ਆਪ ਵਿਚ ਉਪਕਾਰੀ ਤੱਕੇ ਤਾਂ ਆਪਣਾ ਧਨ, ਆਪਣਾ ਵਕਤ ਤੇ ਜੇ ਬੰਦਗੀ ਵਾਲਾ ਹੈ ਤਾਂ ਆਪਣਾ ਮਾਨਸਿਕ ਬਲ ਉਹ ਉਪਕਾਰ ਵਿਚ ਕਿਤਨਾ ਕੁ ਖਰਚ ਕਰਦਾ ਹੈ? ਇਉਂ ਆਪਣਾ ਬਿਗਾੜੇਗਾ ਤਾਂ ਹੀ ਬਿਗਾਨੇ ਦਾ ਕੁਝ ਸੁਆਰੇਗਾ।

ਹਾਂ ਸੇਵਾ ਯਾ ਉਪਕਾਰ, ਨੇਕੀ ਯਾ ਦਾਨ ਬੜੇ ਕਠਨ ਕੰਮ ਹਨ, ਇਨ੍ਹਾਂ ਦੇ ਕਰਨ ਵਾਲਿਆਂ ਨੂੰ ਜਗਤ ਉਹ ਕੁਛ ਫਲ ਦੇਂਦਾ ਹੈ ਕਿ ਕੋਈ ਕੀਹ ਕਹੇ। ਦਸਵੇਂ ਪਾਤਸ਼ਾਹ ਜੀ ਦੇ ਉਪਕਾਰਾਂ ਨੂੰ ਸਿਮਰਨ ਕਰੋ ਤੇ ਉਨ੍ਹਾਂ ਦੇ ਖੇਦਾਂ ਦਾ ਖਿਆਲ ਕਰੋ। ਉਹ ਭਗਵੰਤ ਰੂਪ ਸਨ, ਭਗਵੰਤ ਆਪ ਸਨ ਪਰ ਤੱਕ ਲਓ ਜੋ ਕੁਛ ਜਗਤ ਨੇ ਉਨ੍ਹਾਂ ਨਾਲ ਵਰਤਾਉ ਕੀਤਾ ਹੈ। ਓਹ ਹੀ ਸਨ ਜੋ ਸਦਾ ਅੜਵੇਂ ਰਹੇ, ਕਦੇ ਨਾ ਡੋਲੇ। ਉਹ ਭਗਵੰਤ ਰੂਪ ਸਨ ਓਹਨਾਂ ਦੀ ਰੀਸ ਨਹੀਂ ਪੁਗਦੀ। ਅਸੀਂ ਤੁਸੀਂ ਤਾਂ ਜੀਵ ਹਾਂ, ਭੁੱਲਣਹਾਰ ਹਾਂ, ਥੋੜ ਵਿਤੇ ਹਾਂ, ਸਾਨੂੰ ਸਤਿਸੰਗ ਦੀ, ਸਦਾ ਨਾਮ ਵਿਚ ਰਹਿਣ ਦੀ, ਕੀਰਤਨ ਦੀ ਲੋੜ ਹੈ ਤਾਂ ਜੋ ਨੇਕੀ ਕਰਦਿਆਂ ਜੋ ਮੁਸਕਲਾਂ ਆਉਂਦੀਆਂ ਹਨ ਤੇ ਵਰਤਾਉ ਮਿਲਦੇ ਹਨ ਸਾਨੂੰ ਉਹ ਕੌੜੇ ਤਜਰਬੇ ਨਾਮ ਤੇ ਨੇਕੀ ਤੋਂ ਹਟਾ ਨਾ ਦੇਣ। ਸ੍ਰੀ ਗੁਰੂ ਜੀ ਦਾ ਫੁਰਮਾਨ। ਸ੍ਰੀ ਗੁਰੂ ਜੀ ਦਾ ਫੁਰਮਾਨ ਹੈ -

*ਜੇ ਕੋਊ ਅਪੁਨੀ ਓਟ ਸਮਾਰੈ ॥*
*ਜੈਸਾ ਬਿਤੁ ਤੈਸਾ ਹੋਇ ਵਰਤੈ ਅਪੁਨਾ ਬਲੁ ਨਹੀ ਹਾਰੈ ॥*
*ਅੰਗ - ੬੭੯*

ਜੇ ਕੋਈ ਐਸਾ ਸਾਧਨ ਕਰਦਾ ਹੈ ਜਿਸ ਨਾਲ ਕਿ ਉਹ ਆਪਣੇ ਅੰਦਰ ਆਪਣੇ ਆਪੇ ਦੀ ਓਟ ਤੇ ਟਿਕਦਾ ਹੈ ਤਾਂ ਉਹ ਆਪਣੇ ਵਿਤ ਅਨੁਸਾਰ ਆਪਣੇ ਬਲ ਨੂੰ ਵਰਤੇ, ਇਤਨਾ ਨਾ ਵਰਤੇ ਕਿ ਉਸ ਦਾ ਬਲ ਹੀ ਹਾਰ ਜਾਵੇ। ਹਾਰਨਾ ਮਾਰਨਾ ਇਕ ਬਰਾਬਰ

ਹਨ। ਤਾਂਤੇ ਸਦਾ ਆਪਣਾ ਵਿਤ ਪਛਾਣ ਕੇ ਕੰਮ ਕਰੇ, ਜਦ ਤਾਂਈ ਕਿ ਸਾਰੀ ਹਉਮੈਂ ਦੀ ਪਾਲ ਨਾ ਤੁੱਟ ਜਾਵੇ।

ਇਕ ਅਸੂਲ ਦੀ ਗੱਲ ਹੈ, ਜੋ ਅੰਦਰ ਹਉਮੈ ਦੇ ਬੰਦੇ ਹਨ, ਜਿਨ੍ਹਾਂ ਦੇ ਮਨ ਦੀ ਮੈਲ ਕਿਸੇ ਇਕਾਗਰਤਾ ਤੇ ਕਿਸੇ ਸਾਧਨ ਨਾਲ ਸਾਫ ਹੋ ਕੇ ਆਪੇ ਨੂੰ ਆਪੇ ਵਿਚ ਜੋੜ ਨਹੀਂ ਗਈ ਤੇ ਜਿਨ੍ਹਾਂ ਨੂੰ ਹਉਂ ਤੇ ਹਉਂ ਦੀ ਜਾਈ-ਦੁਜਾਇਗੀ ਤੋਂ ਖਲਾਸੀ ਨਹੀਂ ਮਿਲੀ ਉਨ੍ਹਾਂ ਦਾ ਪਰਉਪਕਾਰ ਕੇਵਲ ਓਪਰੀ ਦਇਆ ਦੇ ਭਾਵ ਤੋਂ ਉਪਜਦਾ ਹੈ ਤੇ ਜਦ ਤਜਰਬੇ ਵਿਚ ਕਉੜੱਤਣ ਆਉਂਦੀ ਹੈ ਤਾਂ ਉਨ੍ਹਾਂ ਦੇ ਸੁਭਾਵ ਬਦਲ ਜਾਂਦੇ ਹਨ। ਪੱਛਮ ਦੀ ਇਕ ਬੋਲੀ ਵਿਚ ਇਕ ਅਖਾਵਤ ਹੈ - ਉਪਕਾਰ ਦਾ ਅੰਤ ਅਪਕਾਰ ਹੈ। ਕਾਰਨ ਇਹ ਕਿ ਕਿਸੇ ਸਾਧਨ ਸੰਪੱਤੀ ਨਾਲ ਜਦੋਂ ਅੰਦਰ ਦੀ ਹਉਂ ਦੂਰ ਨਹੀਂ ਕੀਤੀ ਅਤੇ ਉਸ ਤੋਂ ਉਪਜੀ ਦੂਜਾਇਗੀ ਦੂਰ ਨਹੀਂ ਹੋਈ ਤਦ ਤੱਕ ਉਸ ਸ਼ੈ ਦੀ ਜੜ੍ਹ ਨਹੀਂ ਕੱਟੀ ਜੋ ਵਿਤਕਰਿਆਂ ਦਾ ਮੂਲ ਹੈ। ਐਉਂ ਨੇਕੀ ਕਰਨ ਵਿਚ ਜੋ ਸੱਟਾਂ ਵਜਦੀਆਂ ਹਨ, ਉਹ ਪਹਿਲੇ ਚਾਉ ਦਾ ਮੂੰਹ ਖੁੰਢਾ ਕਰ ਦੇਂਦੀਆਂ ਹਨ, ਫੇਰ ਉਹੋ ਹਉਂ ਅੰਦਰਲੇ ਨੂੰ ਪਥਰਾ ਦੇਂਦੀ ਹੈ। ਇਕ ਸਿੱਖ ਉਪਕਾਰੀ ਸੀ, ਉਹ ਸੱਚਮੁੱਚ ਗਰੀਬਾਂ ਦਾ ਭਲਾ ਕਰਦਾ ਤੇ ਵਕਤ ਦੇਂਦਾ ਸੀ, ਪਦਾਰਥ ਭੀ ਖਰਚਦਾ ਸੀ, ਸਭ ਲੋਕਾਂ ਦੇ ਕੰਮ ਸੁਆਰਦਾ ਸੀ, ਦੁਖ ਸੁਖ ਵੇਲੇ ਕੰਮ ਬੀ ਆਉਂਦਾ ਸੀ, ਪਰ ਨਿੰਦਾ ਤੇ ਨੁਕਤਾਚੀਨੀ ਵਿਚ ਖੇਲ੍ਹਦਾ ਸੀ। ਸਤਿਸੰਗ ਬੀ ਜਾਂਦਾ ਸੀ, ਪਰ ਪਾਹ ਕਿਸੇ ਦਾ ਨਹੀਂ ਸੀ ਲੱਗਾ। ਹਉਮੈ ਤੇ ਦੁਜਾਇਗੀ ਰੂਪ ਵਟਾ ਕੇ ਇਸ ਦੇ ਅੰਦਰ ਸਾੜੇ ਦੇਂਦੀਆਂ ਸਨ। ਆਮ ਲੋਕੀ ਇਸ ਦੇ ਨਾਲ ਪ੍ਰਸੰਨ ਦਿਸਦੇ ਸਨ, ਪਰ ਇਸ ਦੇ ਅੰਦਰਲੇ ਦੇ ਉਬਾਲ ਕਈਆਂ ਨੂੰ ਛਾਲੇ ਪਾਉਂਦੇ ਸਨ। ਐਸੇ ਪੁਰਖ ਨੂੰ ਚਾਹੀਦਾ ਹੈ ਕਿ ਪਹਿਲੇ ਆਪਣੇ ਆਪ ਤੇ ਉਪਕਾਰ ਕਰੇ। ਅੰਦਰਲੇ ਨੂੰ ਬਾਣੀ ਨਾਮ ਨਾਲ ਪਵਿੱਤਰ ਕਰੇ। ਜਿਥੇ ਦੁਜਾਇਗੀ ਤੇ ਆਪਾ ਪਸੰਦੀ ਦੀ ਮਲ ਹੈ ਉਥੋਂ ਉਹ ਦੂਰ ਹੋਵੇ, ਫੇਰ ਉਪਕਾਰ ਕਰੇ। ਸਭ ਤੋਂ ਪਹਿਲੀ ਦਇਆ ਆਤਮ ਕ੍ਰਿਆ ਹੈ। ਆਪਣੇ ਆਪ ਨੂੰ ਸਵੱਛ ਕਰਨ ਦੀ ਆਪਣੇ ਆਪ ਤੇ ਮਿਹਰ। ਇਕ ਹੋਰ ਉਪਕਾਰੀ ਸੀ ਜੋ ਵੱਡੀ ਉਮਰੇ ਜਾ ਕੇ ਦਇਆ ਨੂੰ ਕਸਾਇਣ ਕਿਹਾ ਕਰਦਾ ਸੀ, ਉਸ ਨੂੰ ਆਪਣੇ ਉਪਕਾਰਾਂ ਦੇ ਬਦਲੇ ਕਸ਼ਟ ਮਿਲੇ ਸਨ। ਜਿਨ੍ਹਾਂ ਨਾਲ ਨੇਕੀਆਂ ਕੀਤੀਆਂ ਉਨ੍ਹਾਂ ਨੇ ਹੀ ਦੁਖ ਦਿਤੇ ਸਨ। ਨਿਰਾਸਤਾ ਦੀਆਂ ਸੱਟਾਂ ਤੋਂ, ਜੋ ਨੇਕੀ ਦੇ ਬਦਲੇ ਬਦੀ ਮਿਲਣ ਤੋਂ ਵਰਜਦੀਆਂ ਹਨ, ਖਾ-ਖਾ ਕੇ ਉਹ ਸਿੰਘ ਜੀ ਪੱਥਰ ਹੋ ਗਏ ਸਨ। ਕਹਿੰਦੇ ਇਹ ਸਨ ਕਿ ਮੈਨੂੰ ਹੁਣ ਅਕਲ ਆਈ ਹੈ, ਮੈਂ ਮੂਰਖ ਸਾਂ, ਮੈਂ ਹੁਣ ਦਾਨਾ ਹੋਇਆ ਹਾਂ। ਪਰ ਅਸਲ ਵਿਚ ਉਹ ਦਾਨਾ ਨਹੀਂ ਸੀ ਉਸ ਦਾ ਅੰਦਰ ਪਥਰਾ ਗਿਆ ਸੀ। ਜੋ ਉਹ ਨੇਮ ਕਰਦਾ ਕਿ ਬਾਣੀ ਰੋਜ਼ ਪੜ੍ਹਾਂਗਾ ਤੇ ਵੀਚਾਰਾਂਗਾ, ਨੇਮ ਕਰਦਾ ਕਿ ਅੰਮ੍ਰਿਤ ਵੇਲੇ ਉਠ ਕੇ ਨਾਮ ਜਪਾਂਗਾ, ਹਾਂ, ਕੀਰਤਨ ਜ਼ਰੂਰ ਸੁਣਿਆ ਕਰਾਂਗਾ, ਫਿਰ ਉਸ ਦੇ ਮਨ ਦੀ ਮੈਲ ਉਤਰਦੀ, ਮਨ ਟਿਕਦਾ ਤੇ ਉਸ ਵਿਚ ਅਨੰਦ ਦਾ ਅਸਰ ਪੈਂਦਾ ਹੈ, ਫਿਰ ਪਤਾ ਨਹੀਂ ਲਗਦਾ ਕਿ ਸਾਰ ਉਪਕਾਰ ਇਹ ਹੈ। 'ਆਪੇ' ਨਾਲ ਆਪ ਉਪਕਾਰ ਕਰਨਾ ਪਹਿਲਾ ਇਹ ਉਪਕਾਰ ਹੈ। ਬੀਮਾਰ ਬੀ ਬੀਮਾਰ ਦੀ ਸੇਵਾ ਕਦੇ ਕਰ ਸਕਿਆ ਹੈ? ਹੇ ਜੀਵ! ਅਰੋਗ ਹੋ ਪਹਿਲਾਂ, ਹਉਂ ਦੇ ਦਾਉ ਪੇਚ ਦੇਖ, ਮਾਇਆ ਨੂੰ ਸਮਝ, ਮਨ ਨੂੰ ਨੀਵਾਂ ਕਰ, ਮਨ ਨੂੰ ਉੱਜਲ ਤੇ ਉੱਚਾ ਕਰ ਤੇ ਇਨ੍ਹਾਂ ਦੇ ਸਿਰ ਤੇ ਨਾਮ ਦਾ ਪਹਿਰਾ ਰੱਖ। ਫੇਰ ਜੇ ਕੁਛ ਸਰੇ ਤਾਂ ਭਲਾ ਕਰ। ਫੇਰ ਤੂੰ ਭਲਾ ਕਰੇਂਗਾ ਤਾਂ ਕਦੇ ਕੌੜੇ ਤਜਰਬਿਆਂ ਨਾਲ ਭਲੇ ਵਲੋਂ ਮੂੰਹ ਨਹੀਂ ਮੋੜੇਂਗਾ। ਦੇਖ ਦਸਵੇਂ ਪਾਤਸ਼ਾਹ ਨੇ ਜਦ ਖਾਲਸੇ ਸਿਰ ਜਗਤ ਦਾ ਜ਼ੁਲਮ ਦੂਰ ਕਰਨ ਦਾ ਤੇ ਉਪਕਾਰ ਕਰਨ ਦਾ ਕੰਮ ਧਰਿਆ ਤਾਂ ਪਹਿਲਾਂ ਮਤਿ ਇਹ ਬਖਸ਼ੀ - ***'ਜਾਗਤ ਜੋਤ ਜਪੈ ਨਿਸ ਬਾਸੁਰ ਏਕ ਬਿਨਾ ਮਨ ਨੈਕ ਨ ਆਨੈ॥'*** ਕਿਉਂਕਿ ਹੇ ਉਪਕਾਰੀ! ਤੈਨੂੰ ਦੁਖ ਦੇਣੋ ਤਾਂ ਜਗਤ ਨਹੀਂ ਟਲੇਗਾ ਪਰ ਜੇ ਤੇਰੀ ਟੇਕ ਅੰਦਰ ਬੱਝੀ ਹੋਵੇਗੀ, ਜਾਗਤੀ ਜੋਤ ਭਗਵੰਤ ਉਤੇ ਤਾਂ ਉਪਕਾਰ ਮਾਂਗਵਾਂ ਤੇ ਮੁਸ਼ੱਕਤੀ ਤਰੱਦਦ ਵਾਲਾ ਉਪਕਾਰ ਨਹੀਂ ਹੋਵੇਗਾ। ਹੇ ਨਾਮ ਦੇ ਆਸਰੇ ਤੇ ਉਪਕਾਰ ਦੀ ਚਾਹਨਾ ਵਾਲੇ! ਜਦ ਤੈਨੂੰ ਨੇਕੀ ਦੇ ਬਦਲੇ ਬਦੀ ਮਿਲੇਗੀ, ਤੇਰਾ ਮਨ ਠੁਹਕਰ ਨਹੀਂ ਖਾਏਗਾ, ਜੇ ਖਾਏਗਾ ਤਾਂ ਛੇਤੀ ਦੁਰੱਸਤ ਹੋ ਜਾਏਗਾ। ਉਸ ਨੂੰ ਵਿਚਾਰ ਮਦਦ ਦੇਵੇਗੀ ਕਿ ਬਈ ਤੂੰ ਆਪਣੇ ਰੱਬ ਦਾ ਹੁਕਮ ਪਾਲਣਾ, ਲੋਕ ਦੁਖੀ ਹਨ, ਦੁਖੀਏ ਤੋਂ ਦੁਖ ਦੀ ਆਸ ਹੀ ਹੋ ਸਕਦੀ ਹੈ। ਇਹ ਦੁਖੀਏ ਬੀ ਹਉਂ ਦੇ ਬੰਦੇ ਹਨ, ਇਨ੍ਹਾਂ ਵਿਚ ਦੁਜਾਇਗੀ ਹੈ, ਇਹ ਕਦੇ ਪਿਆਰ ਤੇ ਸ਼ੁਕਰ ਕਰ ਸਕਦੇ ਹਨ।

***'ਚਲਦਾ........../'***

# ਪ੍ਰਗਟਿਓ ਖਾਲਸਾ

*ਪ੍ਰੋ. ਗੁਰਦੇਵ ਸਿੰਘ*

*(ਲੜੀ ਜੋੜਨ ਲਈ ਦੇਖੋ, ਜੁਲਾਈ ਅੰਕ, ਪੰਨਾ-55)*

## 5. ਗੁਰੂ ਘਰ ਦੇ ਮਸੰਦਾਂ ਦੀ ਪਰਖ

ਗੁਰੂ ਘਰ ਵਿਚ ਮਸੰਦਾਂ ਦੀ ਪ੍ਰਥਾ ਚੌਥੇ ਪਾਤਸ਼ਾਹ ਜੀ ਦੇ ਸਮੇਂ ਤੋਂ ਸ਼ੁਰੂ ਹੋਈ ਸੀ। ਇਨ੍ਹਾਂ ਦੀਆਂ ਡਿਊਟੀਆਂ ਗੁਰੂ ਪਾਤਸ਼ਾਹ ਜੀ ਨੇ ਲਾਈਆਂ ਸਨ। ਇਨ੍ਹਾਂ ਦਾ ਕੰਮ ਅਲੱਗ-ਅਲੱਗ ਇਲਾਕਿਆਂ ਵਿਚ ਜਾ ਕੇ ਪ੍ਰਚਾਰ ਕਰਨਾ ਤੇ ਸੰਗਤਾਂ ਨੂੰ ਗੁਰੂ ਘਰ ਨਾਲ ਜੋੜਨਾ ਹੁੰਦਾ ਸੀ। ਦਸਵੰਧ ਜੋ ਕਿ ਧਨ, ਵਸਤਰ ਜਾਂ ਅਨਾਜ ਦੇ ਰੂਪ ਵਿਚ ਮਿਲਦਾ, ਸਾਰਾ ਕੁਝ ਵੇਰਵੇ ਸਹਿਤ ਦਸ ਕੇ ਪਾਤਸ਼ਾਹ ਜੀ ਨੂੰ ਭੇਟ ਕਰਿਆ ਕਰਦੇ ਸਨ। ਇਹ ਬਹੁਤ ਨੇਕ ਜੀਵਨ ਵਾਲੇ, ਸੇਵਾ ਤੇ ਸਿਮਰਨ ਕਰਨ ਵਾਲੇ ਹੁੰਦੇ ਸਨ। ਪਰ ਅਜੋਕੇ ਸਮੇਂ ਵਿਚ ਆਮ ਹੀ ਪ੍ਰਚਲਤ ਹੈ ਕਿ ਜਿਹੜਾ ਗੁਰੂ ਘਰ ਦਾ ਖਾਂਦਾ ਹੋਵੇ ਤਾਂ ਕਹਿ ਦਿੰਦੇ ਹਨ ਕਿ ਇਹ ਸੇਵਾਦਾਰ ਕਾਹਦਾ ਹੈ, ਇਹ ਤਾਂ ਮਸੰਦ ਹੈ ਭਾਵ, ਮਸੰਦ ਸ਼ਬਦ ਤੋਂ ਹੀ ਐਨੀ ਨਫਰਤ ਹੈ ਪਰ ਉਸ ਵੇਲੇ ਐਸਾ ਨਹੀਂ ਸੀ। ਮੁਹਸਨਫਾਨੀ ਨੇ ਲਿਖਿਆ ਹੈ ਕਿ ਅਫਗਾਨ ਬਾਦਸ਼ਾਹਾਂ ਵੇਲੇ ਅਮੀਰਾਂ ਨੂੰ 'ਮਸਨਦ' ਆਖਿਆ ਜਾਂਦਾ ਸੀ ਜਿਸ ਤੋਂ 'ਮਸੰਦ' ਸ਼ਬਦ ਬਣ ਗਿਆ। ਇਹ ਬੜੀ ਜ਼ਿਮੇਵਾਰੀ, ਈਮਾਨਦਾਰੀ ਅਤੇ ਦਿਆਨਤਦਾਰੀ ਨਾਲ ਸੇਵਾ, ਸਿਮਰਨ ਤੇ ਪ੍ਰਚਾਰ ਦਾ ਕੰਮ ਕਰਦੇ ਸਨ ਜਿਵੇਂ ਈਰਾਨ ਵਿਚ ਇਸ ਸ਼ਬਦ ਨੂੰ 'ਮੁਹੰਦਸ' ਵੀ ਕਹਿੰਦੇ ਹਨ। ਗੁਰੂ ਛੇਵੇਂ ਪਾਤਸ਼ਾਹ ਜੀ ਤਕ ਜਿਉਂ-ਜਿਉਂ ਸਮਾਂ ਲੰਘਦਾ ਗਿਆ, ਇਨ੍ਹਾਂ ਦੇ ਜੀਵਨ ਵਿਚ ਵੀ ਗਿਰਾਵਟਾਂ ਆਉਣੀਆਂ ਸ਼ੁਰੂ ਹੋ ਗਈਆਂ। ਦਸਵੇਂ ਪਾਤਸ਼ਾਹ ਜੀ ਦੇ ਸਮੇਂ ਤ'ਕ ਇਹ ਸਾਰੇ ਆਪਣੇ ਇਖਲਾਖੀ ਜੀਵਨ ਤੋਂ ਵੀ ਗਿਰੇ ਹੋਣ ਕਰਕੇ ਆਪਣੀਆਂ ਮਨ-ਮਾਨੀਆਂ ਕਰ ਰਹੇ ਸਨ।

ਇਕ ਦਿਨ ਐਸੀ ਘਟਨਾ ਵਾਪਰੀ ਕਿ ਕਲੰਦਰ ਰਿ'ਛ ਲੈ ਕੇ ਗੁਰੂ ਦਰਬਾਰ ਆਇਆ ਤੇ ਉਸ ਨੇ ਪਾਤਸ਼ਾਹ ਜੀ ਤੋਂ ਤਮਾਸ਼ਾ ਦਿਖਾਉਣ ਦੀ ਆਗਿਆ ਮੰਗੀ। ਗੁਰੂ ਪਾਤਸ਼ਾਹ ਜੀ ਕਹਿੰਦੇ ਕਿ ਭਾਈ ਹਾਂ, ਜ਼ਰੂਰ ਰਿੱਛ ਦਾ ਤਮਾਸ਼ਾ ਦਿਖਾ, ਅਸੀਂ ਤਾਂ ਇਸ ਨੂੰ ਬੜੀ ਦੇਰ ਤੋਂ ਉਡੀਕਦੇ ਹਾਂ। ਹੁਣ ਚੇਤੋ ਮਸੰਦ ਤੇ ਹੋਰ ਮਸੰਦ ਇਕ ਦੂਜੇ ਵਲ ਦੇਖ ਕੇ ਹੱਸ-ਹੱਸ ਕੇ ਗੱਲਾਂ ਕਰਨ ਲੱਗ ਪਏ। ਅੰਦਰੋ-ਅੰਦਰ ਕਹਿੰਦੇ ਕਿ ਬੱਚਿਆਂ ਨੂੰ ਤਮਾਸ਼ਾ ਦੇਖਣ ਦਾ ਸ਼ੌਕ ਹੁੰਦਾ ਹੈ। ਗੁਰੂ ਦਾ ਹਾਲੇ ਬਚਪਨ ਹੈ, ਜੇਕਰ ਅਸੀਂ ਨਾ ਹੋਈਏ ਤਾਂ ਇਥੇ ਸੰਗਤਾਂ ਨੂੰ ਕੌਣ ਲਿਆਵੇ। ਨਾ ਇਥੇ ਕੋਈ ਆਵੇ? ਗੁਰੂ ਜੀ ਦਾ ਕੰਮ ਤਾਂ ਅਸੀਂ ਚਲਾ ਰਹੇ ਹਾਂ। ਕਈ ਵੇਰਾਂ ਸਾਨੂੰ ਵੀ ਭੁਲੇਖਾ ਪੈ ਜਾਂਦਾ ਹੈ ਕਿ ਜੇ ਫਲਾਣਾ ਨਾ ਹੁੰਦਾ ਤਾਂ ਕੰਮ ਰੁ'ਕ ਜਾਣਾ ਸੀ। ਪਰ ਸਤਿਗੁਰੂ ਜੋ ਖੰਡਾਂ ਬ੍ਰਹਿਮੰਡਾਂ ਦਾ ਮਾਲਕ ਹੈ, ਸਾਰੀ ਸ੍ਰਿਸ਼ਟੀ ਨੂੰ ਚਲਾ ਰਿਹਾ ਹੈ ਕੀ ਉਸ ਦੇ ਕੰਮ ਬੰਦਾ ਚਲਾਉਂਦਾ ਹੈ? ਮਹਾਂਪੁਰਖ ਸੰਤ ਵਰਿਆਮ ਸਿੰਘ ਜੀ ਕਿਹਾ ਕਰਦੇ ਸਨ ਕਿ ਭਾਈ! ਜੇ ਤੁਸੀਂ ਨਾਮ ਜਪਦੇ ਹੋਂ, ਤੁਸੀਂ ਸੇਵਾ ਕਰਦੇ ਹੋ, ਪਰਉਪਕਾਰ ਕਰਦੇ ਹੋ, ਭਲਾ ਕਰਦੇ ਹੋ। ਅਰਦਾਸ ਕਰਿਆ ਕਰੋ ਕਿ ਹੇ ਸ'ਚੇ ਪਾਤਸ਼ਾਹ! ਮੇਰੇ ਵਰਗੇ ਨੂੰ ਵੀ ਆਪ ਜੀ ਨੇ ਕਿਰਪਾ ਕਰਕੇ ਸੇਵਾ ਵਿਚ ਲਾ ਲਿਆ। ਕਿਉਂਕਿ ਜੇ ਅਸੀਂ ਹਉਮੈ ਵਿਚ ਆ ਕੇ ਸੇਵਾ ਕਰਦੇ ਹਾਂ ਤਾਂ ਸਭ ਕੁਝ ਬਿਰਥਾ ਚਲਾ ਜਾਂਦਾ ਹੈ ਪਰ ਜੇ ਸ਼ਰਧਾ ਭਾਵਨਾ ਨਾਲ ਚਿਤ ਲਾ ਕੇ ਕਰੀਏ ਤਾਂ ਸੇਵਾ ਥਾਇ ਪੈ ਜਾਂਦੀ ਹੈ। ਅਰਦਾਸ ਅਤੇ ਸ਼ੁਕਰਾਨੇ ਵਿਚ ਰਹੀਏ, ਇਹ ਸਤਿਗੁਰੂ ਦੀ ਵਡਿਆਈ ਹੈ ਜਿਸ ਨੇ ਸਾਨੂੰ ਆਪਣਾ ਬਣਾ ਕੇ ਸੇਵਾ ਵਿਚ ਲਾ ਲਿਆ।

*ਹਉਮੈ ਵਿਚਿ ਸੇਵਾ ਨ ਹੋਵਈ*
*ਤਾ ਮਨੁ ਬਿਰਥਾ ਜਾਇ ॥* *ਅੰਗ-੫੯੦*

*ਸਤਿਗੁਰ ਕੀ ਸੇਵਾ ਸਫਲ ਹੈ*
*ਜੇ ਕੋ ਕਰੇ ਚਿਤੁ ਲਾਇ ॥* *ਅੰਗ-੫੨੨*

*ਕਹੁ ਨਾਨਕ ਸਭ ਤੇਰੀ ਵਡਿਆਈ*
*ਕੋਈ ਨਾਉ ਨ ਜਾਣੈ ਮੇਰਾ ॥* *ਅੰਗ-੩੮੩*

ਇਸ ਤਰ੍ਹਾਂ ਨਾਲ ਇਹ ਮਸੰਦ ਵੀ ਭੁੱਲ ਗਏ ਕਿ ਗੁਰੂ ਸਰੀਰ ਨਹੀਂ ਹੁੰਦਾ, ਗੁਰੂ ਵਿਚ ਪ੍ਰਤੱਖ ਪ੍ਰਮੇਸ਼ਰ ਦੀ ਜੋਤ ਵਰਤਦੀ ਹੈ। ਇਹ ਸਤਿਗੁਰੂ ਜੀ ਨੂੰ ਬਾਲਕ ਹੀ ਸਮਝਦੇ ਸਨ। ਗੁਰੂ ਅਤੇ ਪ੍ਰਮੇਸ਼ਰ ਵਿਚ ਕੋਈ ਫਰਕ ਨਹੀਂ ਹੋਇਆ ਕਰਦਾ, ਇਸ ਬਾਰੇ ਪਵਿਤ੍ਰ ਫੁਰਮਾਨ ਹੈ।

*ਸਮੁੰਦੁ ਵਿਰੋਲਿ ਸਰੀਰੁ ਹਮ ਦੇਖਿਆ*
*ਇਕ ਵਸਤੁ ਅਨੂਪ ਦਿਖਾਈ ॥*
*ਗੁਰ ਗੋਵਿੰਦੁ ਗੁੋਵਿੰਦੁ ਗੁਰੂ ਹੈ*
*ਨਾਨਕ ਭੇਦੁ ਨ ਭਾਈ ॥* *ਅੰਗ-੪੪੨*

*ਗੁਰੂ ਗੁਰੂ ਗੁਰੁ ਕਰਿ ਮਨ ਮੋਰ ॥*
*ਗੁਰੂ ਬਿਨਾ ਮੈ ਨਾਹੀ ਹੋਰ ॥*
*ਗੁਰ ਕੀ ਟੇਕ ਰਹਹੁ ਦਿਨੁ ਰਾਤਿ ॥*
*ਜਾ ਕੀ ਕੋਇ ਨ ਮੇਟੈ ਦਾਤਿ ॥*
*ਗੁਰੁ ਪਰਮੇਸਰੁ ਏਕੋ ਜਾਣੁ ॥*
*ਜੋ ਤਿਸੁ ਭਾਵੈ ਸੋ ਪਰਵਾਣੁ ॥* *ਅੰਗ-੮੬੪*

ਰਿੱਛ ਦਾ ਤਮਾਸ਼ਾ ਸ਼ੁਰੂ ਹੋ ਗਿਆ, ਜਦੋਂ ਕਲੰਦਰ ਨੇ ਡੁਗਡੁਗੀ ਵਜਾਈ ਰਿੱਛ ਨੱਚਣ ਲੱਗ ਪਿਆ। ਰਿੱਛ ਤੇ ਕਲੰਦਰ ਦੀ ਕੁਸ਼ਤੀ ਹੋਣ ਲ'ਗ ਪਈ, ਸਾਰੀ ਸੰਗਤ ਹੱਸ ਰਹੀ ਸੀ ਤੇ ਸਤਿਗੁਰੂ ਜੀ ਵੀ ਖੁਸ਼ ਹੋ ਰਹੇ ਹਨ। ਚੌਰ ਬਰਦਾਰ ਭਾਈ ਕੀਰਤੀਆ ਵੀ ਹੱਸ ਰਿਹਾ ਹੈ ਤੇ ਗੁਰੂ ਜੀ ਕਹਿਣ ਲੱਗੇ ਭਾਈ ਕੀਰਤੀਆ! ਤੈਨੂੰ ਨਹੀਂ ਹੱਸਣਾ ਚਾਹੀਦਾ। ਪੁੱਛਣ ਲੱਗਿਆ ਕਿ ਸੱਚੇ ਪਾਤਸ਼ਾਹ! ਮੈਨੂੰ ਕਿਉਂ ਨਹੀਂ ਹੱਸਣਾ ਚਾਹੀਦਾ? ਗੁਰੂ ਜੀ ਨੇ ਦੱਸਿਆ ਕਿ ਭਾਈ ਕੀਰਤੀਆ! ਇਹ ਤੇਰਾ ਪਿਤਾ ਸੋਭਾ ਰਾਮ ਹੈ। ਇਤਨਾ ਸੁਣਦੇ ਸਾਰ ਹੀ ਸਾਰੇ ਚੁੱਪ ਛਾ ਗਈ। ਉਸ ਨੇ ਚੌਰ ਗੁਰੂ ਮਹਾਰਾਜ ਦੇ ਚਰਨਾਂ ਤੇ ਰੱਖ ਕੇ ਕਿਹਾ ਕਿ ਪਾਤਸ਼ਾਹ! ਮੇਰੇ ਪਿਤਾ ਜੀ ਤਾਂ ਆਪ ਜੀ ਦੇ ਗੁਰੂ ਪਿਤਾ ਜੀ ਦੇ ਚੌਰ ਬਰਦਾਰ ਸਨ। ਜੇਕਰ ਸੇਵਾ ਦਾ ਫਲ ਇਹੋ ਮਿਲਦਾ ਹੈ ਫੇਰ ਸੇਵਾ ਕਰਨ ਦੀ ਕੀ ਲੋੜ ਹੈ? ਸਤਿਗੁਰੂ ਜੀ ਕਹਿਣ ਲੱਗੇ ਸੇਵਾ ਦਾ ਫਲ ਤਾਂ ਬਹੁਤ ਵੱਡਾ ਹੁੰਦਾ ਹੈ ।

*ਵਿਚਿ ਦੁਨੀਆ ਸੇਵ ਕਮਾਈਐ ॥*
*ਤਾ ਦਰਗਹ ਬੈਸਣੁ ਪਾਈਐ ॥*
*ਕਹੁ ਨਾਨਕ ਬਾਹ ਲੁਡਾਈਐ ॥* *ਅੰਗ - ੨੬*

ਪਰ ਪ੍ਰੇਮੀਆ! ਤੇਰੇ ਪਿਤਾ ਜੀ ਤੋਂ ਸੇਵਾ ਕਰਦਿਆਂ ਵੱਡੀ ਭੁੱਲ ਹੋ ਗਈ ਸੀ ਕਿਉਂਕਿ ਸੇਵਾ ਕਰਦਿਆਂ ਅੰਦਰ ਮਾਣ ਸੀ। ਇਕ ਦਿਨ ਜਦੋਂ ਇਹ ਪ੍ਰਸ਼ਾਦ ਵਰਤਾ ਰਹੇ ਸੀ ਤਾਂ ਅਭੇਦ ਅਵਸਥਾ ਵਾਲਾ ਗੁਰਸਿੱਖ ਭਾਈ ਧੰਨਾ ਜੀ ਪ੍ਰਸ਼ਾਦ ਲੈਣ ਆਇਆ। ਇਹਨਾਂ ਨੇ ਤੇਰੇ ਪਿਤਾ ਜੀ ਨੂੰ ਕਿਹਾ, ਭਾਈ ਸਾਹਿਬ! ਕਿਰਪਾ ਕਰਕੇ ਮੈਨੂੰ ਪ੍ਰਸ਼ਾਦ ਦਿਓ, ਰਸਤੇ 'ਚ ਮੇਰਾ ਗੱਡਾ ਜਾ ਰਿਹਾ ਹੈ ਪਰ ਉਸ ਨੇ ਅਣਸੁਣੀ ਕਰ ਦਿਤੀ। ਇਹਨਾਂ ਨੇ ਤੀਜੀ ਵੇਰਾਂ ਬੈਠ ਕੇ ਫੇਰ ਬੇਨਤੀ ਕੀਤੀ ਕਿ ਮੈਨੂੰ ਇਕ ਕਿਣਕਾ ਪ੍ਰਸ਼ਾਦ ਦੇ ਦਿਓ। ਤੇਰੇ ਪਿਤਾ ਜੀ ਨੇ ਫਿਕਾ ਬੋਲ ਕੇ ਕਿਹਾ "ਕਿਉਂ ਰਿੱਛ ਵਾਂਗੂੰ ਟੱਪਦਾ ਫਿਰਦੈਂ?" ਉਨ੍ਹਾਂ ਨੇ ਥ'ਲੇ ਡਿਗੇ ਹੋਏ ਪ੍ਰਸ਼ਾਦ ਦਾ ਕਿਣਕਾ ਚੁੱਕ ਕੇ ਮੂੰਹ ਵਿਚ ਪਾਇਆ ਅਤੇ ਸਹਿਜ-ਸੁਭਾਅ ਹੀ ਬਚਨ ਕਰ ਦਿਤਾ ਕਿ ਰਿੱਛ ਵਾਂਗੂੰ ਮੈਂ ਨਹੀਂ, ਤੂੰ ਟੱਪਦਾ ਹੈਂ। ਗੁਰਸਿੱਖ ਦੇ ਜਾਣ ਤੋਂ ਬਾਦ ਉਸਨੂੰ ਆਪਣੀ ਗਲਤੀ ਦਾ ਅਹਿਸਾਸ ਹੋਇਆ ਅਤੇ ਗੁਰੂ ਨੌਵੇਂ ਪਾਤਸ਼ਾਹ ਜੀ ਨੂੰ ਇਸ ਭੁੱਲ ਬਾਰੇ ਬੇਨਤੀ ਕੀਤੀ ਅਤੇ ਖਿਮਾ ਮੰਗੀ। ਮਹਾਰਾਜ ਜੀ ਕਹਿਣ ਲੱਗੇ ਭਾਈ ਸੋਭਾ ਰਾਮ! ਹੁਣ ਤੈਨੂੰ ਇਕ ਜਨਮ ਰਿੱਛ ਦਾ ਧਾਰਨਾ ਪਵੇਗਾ। ਕਹਿੰਦਾ ਮਹਾਰਾਜ ਜੀ! ਆਪ ਜੀ ਤਾਂ ਗੁਰੂ ਹੋ ਤੇ ਉਹ ਸਿੱਖ ਹੈ, ਉਸ ਦੇ ਬਚਨ ਨੂੰ ਟਾਲ ਦਿਓ? ਮਹਾਰਾਜ ਜੀ ਕਹਿੰਦੇ ਕਿ ਉਸ ਦਾ ਬਚਨ ਅਸੀਂ ਨਹੀਂ ਮੋੜ ਸਕਦੇ ਕਿਉਂਕਿ ਇਸ ਬਾਰੇ ਐਸਾ ਫੁਰਮਾਨ ਹੈ।

*ਮੇਰੀ ਬਾਂਧੀ ਭਗਤੁ ਛਡਾਵੈ*
*ਬਾਂਧੈ ਭਗਤੁ ਨ ਛੂਟੈ ਮੋਹਿ ॥*
*ਏਕ ਸਮੈ ਮੋ ਕਉ ਗਹਿ ਬਾਂਧੈ*
*ਤਉ ਫੁਨਿ ਮੋ ਪੈ ਜਬਾਬੁ ਨ ਹੋਇ ॥* *ਅੰਗ-੧੨੫੨*

ਨੌਵੇਂ ਪਾਤਸ਼ਾਹ ਜੀ ਕਹਨਿ ਲੱਗੇ ਭਾਈ ਸੋਭਾ ਰਾਮ! ਅਸੀਂ ਦਸਵੇਂ ਜਾਮੇ ਵਿਚ ਆ ਕੇ ਤੇਰਾ ਉਧਾਰ ਵਾਪਸ ਕਰਾਂਗੇ। ਇਸ ਕਰਕੇ ਭਾਈ ਕੀਰਤੀਆ! ਹੁਣ ਤੇਰੇ ਪਿਤਾ ਜੀ ਦੇ ਉਧਾਰਦਾ ਸਮਾਂ ਆ ਗਿਆ ਹੈ। ਕਈ ਤਰਕ ਬੁੱਧੀ ਵਾਲੇ ਸਾਨੂੰ ਸਮਝਦੇ ਹਨ ਕਿ ਅਸੀਂ ਰਿੱਛ ਦਾ ਤਮਾਸ਼ਾ ਦੇਖਣਾ ਚਾਹੁੰਦੇ ਸੀ ਪਰ ਉਨ੍ਹਾਂ ਨੂੰ ਇਹ ਨਹੀਂ ਪਤਾ ਕਿ ਸਾਡੇ ਵਾਸਤੇ ਸਾਰਾ ਜਗਤ ਹੀ ਤਮਾਸ਼ਾ ਹੈ ਜੋ ਕਿ ਅਕਾਲ ਪੁਰਖ ਦੀ ਆਗਿਆ ਪਾ ਕੇ ਮਾਤ ਲੋਕ ਵਿਚ ਦੇਖਣ ਆਏ ਹਾਂ।

*ਮੈਂ ਹੋ ਪਰਮ ਪੁਰਖ ਕੋ ਦਾਸਾ ॥*
*ਦੇਖਨਿ ਆਯੋ ਜਗਤ ਤਮਾਸਾ ॥* *ਸ੍ਰੀ ਦਸਮ ਗ੍ਰੰਥ*

ਗੁਰੂ ਜੀ ਨੇ ਸਿੱਖਾਂ ਨੂੰ ਕਿਹਾ ਭਾਈ! ਰਿੱਛ ਨੂੰ ਮੁੱਲ ਲੈ ਲਵੋ, ਇਹ ਤਾਂ ਸਾਡਾ ਸਿੱਖ ਹੈ। ਉਸ ਨੂੰ ਸੀਤ ਪ੍ਰਸ਼ਾਦ ਛਕਾਇਆ ਤੇ ਉਸ ਦਾ ਛੁਟਕਾਰਾ ਹੋ ਗਿਆ। ਜਿਸ ਵੇਲੇ ਭਾਈ ਸੋਭਾ ਰਾਮ ਦੀ ਰੂਹ ਵਿਚੋਂ ਨਿਕਲੀ ਤਾਂ ਉਹ ਦੋਵੇਂ ਹੱਥ ਜੋੜ ਕੇ ਗੁਰੂ ਜੀ ਨੂੰ ਨਮਸ਼ਕਾਰਾਂ ਕਰਦੀ ਹੈ। ਉਸ ਵੇਲੇ ਜਿਹੜੇ ਮੂੰਹ ਜੋੜ-ਜੋੜ ਗੱਲਾਂ ਕਰਦੇ ਸੀ, ਸਾਰੇ ਮਸੰਦ ਸ਼ਰਮਸ਼ਾਰ ਹੋ ਗਏ। ਨੇੜੇ ਰਹਿੰਦੇ ਹੋਏ ਵੀ ਅੰਦਰੋਂ ਖਾਲੀ ਸਨ ਜਿਵੇਂ ਬਾਂਸ ਚੰਦਨ ਦੇ ਨੇੜੇ ਹੋਵੇ ਤਾਂ

ਉਸ ਵਿਚ ਵੀ ਸੁਗੰਧੀ ਨਹੀਂ ਹੁੰਦੀ। ਜਿਨ੍ਹਾਂ ਦੇ ਅੰਦਰ ਗੁਰੂ ਦੀ ਪ੍ਰਤੀਤ ਤੇ ਪ੍ਰੀਤ ਨਹੀਂ ਹੁੰਦੀ ਉਹ ਬਾਂਸ ਵਾਂਗੂੰ ਖਾਲੀ ਰਹਿ ਜਾਂਦੇ ਹਨ।

*ਕਬੀਰ ਬਾਂਸੁ ਬਡਾਈ ਬੂਡਿਆ ਇਉ ਮਤ ਡੂਬਹੁ ਕੋਇ ॥*
*ਚੰਦਨ ਕੈ ਨਿਕਟੇ ਬਸੈ ਬਾਂਸੁ ਸੁਗੰਧੁ ਨ ਹੋਇ ॥*

*ਅੰਗ-੧੩੬੫*

ਦਸਵੇਂ ਪਾਤਸ਼ਾਹ ਜੀ ਦੇ ਸਮੇਂ ਮਸੰਦਾਂ ਦਾ ਇਖਲਾਕੀ ਜੀਵਨ ਬਹੁਤ ਗਿਰ ਚੁੱਕਿਆ ਸੀ ਤੇ ਇਹ ਗੁਰੂ ਦੀਆਂ ਸੰਗਤਾਂ ਨਾਲ ਬਹੁਤ ਧਕਾ ਤੇ ਜ਼ਿਆਦਤੀ ਕਰ ਰਹੇ ਸਨ। ਕੁਝ ਕੁ ਸੂਝਵਾਨ ਮੀਰਜਾਦਿਆਂ ਨੇ ਵਿਚਾਰ ਕੀਤੀ ਕਿ ਮਸੰਦਾਂ ਦੀ ਪੋਲ ਸਤਿਗੁਰੂ ਜੀ ਪਾਸ ਜਾਕੇ ਖੋਲ੍ਹਣੀ ਚਾਹੀਦੀ ਹੈ। ਇਹ ਸਾਰੇ ਇਕੱਠੇ ਹੋ ਕੇ ਅਨੰਦਪੁਰ ਸਾਹਿਬ ਪਹੁੰਚ ਗਏ, ਜਿਥੇ ਸਤਿਗੁਰੂ ਜੀ ਤਖਤ ਬਿਰਾਜਮਾਨ ਹੋ ਕੇ ਸੰਗਤਾਂ ਨੂੰ ਦਰਸ਼ਨ ਦੇ ਰਹੇ ਹਨ, ਇਨ੍ਹਾਂ ਨੇ ਹੱਥ ਜੋੜ ਕੇ ਅਰਜ਼ ਕੀਤੀ ਕਹਿੰਦੇ, ਸੱਚੇ ਪਾਤਸ਼ਾਹ ਜੀ! ਅਸੀਂ ਮੀਰਜਾਦੇ ਹਾਂ ਤੇ ਆਪ ਜੀ ਨੂੰ ਨਕਲ ਕਰਕੇ ਦਿਖਾਉਣਾ ਚਾਹੁੰਦੇ ਹਾਂ।

*ਇਕ ਦਿਨ ਸਭਾ ਬਿਖੈ ਗੁਰ ਪੂਰੇ ।*
*ਊਚੇ ਤਖਤ ਸੁਹਾਵਤਿ ਰੂਰੇ ।*
*ਸਵਾਂਗੀ ਭਾਂਡ ਆਇ ਕਹਿ ਪਾਸਾ ।*
*ਹੁਕਮ ਹੋਇ ਤਾਂ ਕਰਹਿ ਤਮਾਸਾ ।*
*ਸੁਨਿ ਪ੍ਰਭੁ ਕਹਯੋ ਮਸੰਦ ਬਨਾਵਹੁ ।*
*ਸਾਂਗ ਕ੍ਰਿਯਾ ਇਨ ਕੀ ਦਿਖਲਾਵਹੁ ।*

*ਸ੍ਰੀ ਸੂਰਜ ਪ੍ਰਤਾਪ*

ਜਾਣੀ ਜਾਣ ਸੱਚੇ ਪਾਤਸ਼ਾਹ ਜੀ ਕਹਿਣ ਲੱਗੇ, ਪ੍ਰੇਮੀਓ! ਕਰਕੇ ਦਿਖਾਓ। ਹੁਣ ਭੰਡਾਂ ਨੇ ਨਾਟਕ ਨਕਲ ਕਰਨੀ ਸ਼ੁਰੂ ਕੀਤੀ ਜਿਸ ਵਿਚ ਇਕ ਗੁਰਸਿੱਖ ਪਰਿਵਾਰ ਹੈ ਅਤੇ ਇਕ ਮਸੰਦ ਹੈ ਜੋ ਕਿ ਸਤਿਗੁਰੂ ਜੀ ਦੀ ਭੇਟਾ ਵਜੋਂ ਆਈ ਮਾਇਆ ਦੀ ਦੁਰਵਰਤੋਂ ਕਰਕੇ ਸ਼ਰਾਬ ਪੀਂਦਾ ਹੈ ਤੇ ਵੇਸਵਾ ਗਾਮੀ ਹੈ। ਉਹ ਸਿੱਖ ਦੇ ਘਰ ਅ'ਜ ਵੇਸਵਾ ਲੈ ਕੇ ਚਲਾ ਗਿਆ। ਸਿੱਖ ਨੇ ਬਹੁਤ ਸਤਿਕਾਰ ਕੀਤਾ ਤੇ ਮਸੰਦ ਕਹਿਣ ਲੱਗਾ ਕਿ ਮੇਰੇ ਪੈਰ ਤੇ ਬੀਬੀ (ਵੇਸਵਾ) ਦੇ ਪੈਰ ਧੋਵੋ। ਗੁਰਸਿੱਖ ਅਤੇ ਉਸ ਦੀ ਪਤਨੀ ਸੇਵਾ ਕਰੀ ਜਾਂਦੇ ਹਨ। ਦੋਵਾਂ ਨੇ ਹੱਥ ਜੋੜ ਕੇ ਮਾਇਆ ਭੇਟ ਕੀਤੀ, ਕਹਿੰਦਾ ਥੋੜੀ ਹੈ, ਹੋਰ ਦਿਓ। ਉਹ ਕਹਿੰਦੇ ਕਿ ਸਾਡੇ ਪਾਸ ਹੁਣ ਇਤਨੀ ਹੀ ਹੈ ਫੇਰ ਜਦੋਂ ਸਮਾਂ ਬਣਿਆ ਹੋਰ ਪਹੁੰਚਾ ਦਿਆਂਗੇ। ਜਿਹੜਾ ਮਸੰਦ ਬਣਿਆ ਹੋਇਆ ਸੀ ਬਹੁਤ ਫਿੱਕਾ ਬੋਲ ਕੇ ਕਹਿੰਦਾ ਹੈ ਕਿ ਮੈਨੂੰ ਹੁਣੇ ਹੋਰ ਚਾਹੀਦੀ ਹੈ, ਨਾਲ ਹੀ ਉਸ ਨੇ ਗੁਰਸਿੱਖ ਦੇ ਠੁੱਡਾ ਮਾਰਿਆ ਜਿਸ ਕਰਕੇ ਉਹ ਧਰਤੀ ਤੇ ਡਿੱਗ ਕੇ ਦੂਰ ਤੱਕ ਰਿੜ੍ਹਦਾ ਗਿਆ। ਇਹ ਸਾਰਾ ਕੁਝ ਦੇਖ ਕੇ ਦਸਵੇਂ ਪਾਤਸ਼ਾਹ ਜੀ ਜਲਾਲ ਵਿਚ ਆ ਗਏ ਤੇ ਕਹਿੰਦੇ 'ਹੈਂ' ਐਨੀ ਗੁਸਤਾਖੀ? ਮੇਰੇ ਪ੍ਰਾਣਾਂ ਤੋਂ ਪਿਆਰੇ ਗੁਰਸਿੱਖ ਪੁਤਰਾਂ ਨੂੰ ਕਸ਼ਟ ਦਿੰਦੇ ਹਨ ਤੇ ਐਨਾ ਮਾੜਾ ਵਰਤਾਰਾ ਹੁੰਦਾ ਹੈ?"

*ਪ੍ਰਾਨ ਸਮਾਨ ਸਿੱਖ ਮਮ ਪਯਾਰੇ ।*
*ਇਤੌਂ ਕਸ਼ਟ ਦੀਨਸਿ ਹਤਯਾਰੇ ।* *ਸ੍ਰੀ ਸੂਰਜ ਪ੍ਰਤਾਪ*

ਸਮਰੱਥ ਸਤਿਗੁਰੂ ਜੀ ਤਾਂ ਸਭ ਕੁਝ ਜਾਣਦੇ ਹਨ ਪਰ ਭੰਡਾਂ ਨੇ ਆਪਣਾ ਫਰਜ਼ ਨਿਭਾਇਆ ਤੈ ਨਕਲ ਰਾਹੀਂ ਦਸ ਦਿਤਾ ਕਿ ਮਸੰਦਾਂ ਦਾ ਆਚਰਨ ਕਿੰਨਾ ਗਿਰ ਚੁਕਿਆ ਸੀ। ਇਹ ਸਿੱਖੀ ਦੇ ਸੁਨਿਹਰੀ ਅਸੂਲਾਂ ਤੋਂ ਕਿੰਨੇ ਗਿਰ ਚੁੱਕੇ ਸੀ ਅਤੇ ਕਿਸ ਹੱਦ ਤੱਕ ਲਾਲਚੀ, ਨਸ਼ਈ ਅਤੇ ਵਿਕਾਰੀ ਬਣ ਕੇ ਭੋਲੇ ਭਾਲੇ ਸਿੱਖਾਂ ਦਾ ਸ਼ੋਸ਼ਣ ਕਰਦੇ ਸੀ। ਹੁਣ ਇਨ੍ਹਾਂ ਦੀ ਪ੍ਰੀਖਿਆ ਦਾ ਵੀ ਵਕਤ ਆ ਗਿਆ ਤਾਕਿ ਇਨ੍ਹਾਂ ਦੀ ਜ਼ਮੀਰ ਸਭ ਸੰਗਤਾਂ ਦੇ ਸਾਹਮਣੇ ਪਰਗਟ ਹੋ ਜਾਵੇ ਤੇ ਅੱਗੇ ਲਈ ਕੁਝ ਕਹਿ ਨਾ ਸਕਣ। ਗੁਰੂ ਮਹਾਰਾਜ ਜੀ ਨੇ ਸਾਰੇ ਮਸੰਦਾਂ ਨੂੰ ਥਾਂ-ਥਾਂ ਸੱਦਾ ਦੇ ਕੇ ਇਕੱਠੇ ਕਰ ਲਿਆ। ਇਨ੍ਹਾਂ ਦੇ ਮੁਖੀ ਚੇਤੋ ਮਸੰਦ ਨੂੰ ਬੁਲਾ ਕੇ ਪੁੱਛਿਆ ਕਹਿੰਦੇ ਭਾਈ ਚੇਤੋ! ਸੰਗਤਾਂ ਵੱਲੋਂ ਦਸਵੰਧ ਦੀ ਮਾਇਆ ਭੇਟਾ ਅੱਗੇ ਨਾਲੋਂ ਘਟ ਗਈ ਹੈ ਤੇ ਤੁਹਾਡਾ ਪ੍ਰਚਾਰ ਵੀ ਘਟ ਗਿਆ ਹੈ, ਇਸ ਦਾ ਕੀ ਕਾਰਨ ਹੈ -

*ਤੁਮ ਸਗਰੇ ਮੇਰੇ ਹਿਤਕਾਰੀ ।*
*ਮਮ ਸੰਗਤ ਤੁਮਰੇ ਅਨੁਸਾਰੀ ।*
*ਦਰਬ ਚਢੋ ਮਮ ਆਗੈ ਥੋਰਾ ।*
*ਕਹਹੁ ਕਵਨ ਬਿਧਿ ਕਿਨਹਿ ਬਹੋਰਾ ।*
*ਕਿਮ ਪੂਜਾ ਮਹਿ ਅਟਕ ਪਰੀ ਹੈ ।*
*ਅਲਪ ਚਢੀ ਨਹਿ ਸਮਝ ਪਰੀ ਹੈ ।* *ਸ੍ਰੀ ਸੂਰਜ ਪ੍ਰਤਾਪ*

ਉਹ ਕਹਿਣ ਲੱਗਿਆ ਸੱਚੇ ਪਾਤਸ਼ਾਹ ਜੀ! ਜਿਹੜੇ ਅਮੀਰ ਸਿੱਖ ਸਨ, ਉਹ ਤਾਂ ਲਗਭਗ ਚੜ੍ਹਾਈ ਕਰ ਗਏ, ਹੁਣ ਤਾਂ ਕੇਵਲ ਗਰੀਬ ਸਿੱਖ ਰਹਿ ਗਏ। ਉਨ੍ਹਾਂ ਤੋਂ ਜੋ ਕੁਝ ਵੀ ਤਿਲ ਫੁਲ ਸਾਨੂੰ ਮਿਲਦਾ ਹੈ ਅਸੀਂ ਦੇਸ-ਵਿਦੇਸ਼ ਵਿਚ ਜਾ ਕੇ, ਇਕੱਠਾ ਕਰਕੇ ਆਪ ਦੀ ਭੇਟਾ ਕਰ ਦਿੰਦੇ ਹਾਂ। ਅਸੀਂ ਤਾਂ ਆਪ ਜੀ ਦੇ ਸੇਵਕ ਹਾਂ ਅਤੇ ਤੁਹਾਡੀ ਕਿਰਪਾ ਨਾਲ ਹੀ ਗੁਜ਼ਾਰਾ ਕਰਦੇ ਹਾਂ।

*ਜੇ ਸਿਖ ਹੁਤੇ ਅਧਿਕ ਧਨਵੰਤੇ ।*

*ਗੁਰ ਹਿਤ ਬਹੁ ਧਨ ਕੋ ਅਰਪੰਤੇ ।*
*ਸੋ ਮਰ ਗਏ ਨਹੀਣ ਕੋ ਰਹੋ ।*
*ਦੇਸ਼ ਬਿਦੇਸ਼ਨਿ ਹਮ ਹੂੰ ਲਹੋ ।*
*ਕਰਹੁ ਨ ਕਰੁਨਾ ਕਾਰਨ ਇਹੀ ।*
*ਪੂਜਾ ਅਲਪ ਸਿਖ ਇਮ ਦੇਹੀ ।* *ਸ੍ਰੀ ਸੂਰਜ ਪ੍ਰਤਾਪ*

ਸਤਿਗੁਰੂ ਜੀ ਕਹਿਣ ਲੱਗੇ ਕਿ ਐਸੀ ਕਿਹੜੀ ਬੀਮਾਰੀ ਹੈ ਜਿਹੜੀ ਮੇਰੇ ਅਮੀਰ ਸਿੱਖਾਂ ਨੂੰ ਲੈ ਗਈ ਤੇ ਗਰੀਬਾਂ ਨੂੰ ਛੱਡ ਗਈ? ਕੋਈ ਨਾ ਕੋਈ ਜ਼ਰੂਰ ਗੜਬੜ ਲੱਗਦੀ ਹੈ। ਚੇਤੋ ਮਸੰਦ ਕਹਿਣ ਲੱਗਿਆ ਮਹਾਰਾਜ ਜੀ ! ਅਸੀਂ ਤਾਂ ਸਾਰੇ ਮਸੰਦ ਆਪ ਜੀ ਦੇ ਸੇਵਕ ਹਾਂ, ਆਪ ਸਾਨੂੰ ਪਿਆਰ ਕਰੋ ਤਾ ਕਿ ਅਸੀਂ ਹੋਰ ਤਕੜੇ ਹੋ ਕੇ ਸੇਵਾ ਕਰੀਏ। ਮਹਾਰਾਜ ਜੀ ਕਹਿੰਦੇ ਚੇਤੋ! ਅਸੀਂ ਤਾਂ ਸਭ ਨੂੰ ਪਿਆਰ ਕਰਦੇ ਹਾਂ ਪਰ ਪਿਆਰ ਲੈਣ ਵਾਲਾ ਤਾਂ ਕੋਈ ਹੋਵੇ? ਗੁਰੂ ਘਰ ਦੇ ਮਸੰਦ ਪਹਿਲਾਂ ਵਰਗੇ ਨਹੀਂ ਰਹੇ, ਅੰਦਰੋਂ ਹੋਰ ਤੇ ਬਾਹਰੋਂ ਹੋਰ ਹਨ। ਐਸਿਆਂ ਦੇ ਬਾਰੇ ਗੁਰਬਾਣੀ ਅੰਦਰ ਇਉਂ ਬਚਨ ਆਉਂਦੇ ਹਨ।

*ਦਿਲਹੁ ਮੁਹਬਤਿ ਜਿੰਨ੍ ਸੇਈ ਸਚਿਆ ॥*
*ਜਿਨ੍ ਮਨਿ ਹੋਰੁ ਮੁਖਿ ਹੋਰੁ ਸਿ ਕਾਂਢੇ ਕਚਿਆ ॥*
*ਅੰਗ-੪੮੮*

*ਸੁਨਤਿ ਦੁਖਯੋ ਚੇਤਾ ਚਿਤ ਮਾਂਹੀ ।*
*ਸਵਾਮੀ ਮਹਿਂ ਨਿਸ਼ਚਾ ਉਰ ਨਾਂਹੀ ।* *ਸ੍ਰੀ ਸੂਰਜ ਪ੍ਰਤਾਪ*

ਇਹ ਸੁਣ ਕੇ ਚੇਤੋ ਚੁਪ ਹੋ ਗਿਆ ਤੇ ਜਾਕੇ ਉਨ੍ਹਾਂ ਨੂੰ ਕਹਿਣ ਲ'ਗਾ ਕਿ ਹਾਲੇ ਗੁਰੂ ਛੋਟੀ ਉਮਰ ਵਿਚ ਹਨ ਤਦੇ ਐਸੀਆਂ ਗੱਲਾਂ ਕਰਦੇ ਹਨ। ਮਸੰਦਾਂ ਦੀ ਬੁੱਧੀ ਤੇ ਲੋਭ-ਲਾਲਚ ਅਤੇ ਹੰਕਾਰ ਦਾ ਪਰਦਾ ਪੈ ਗਿਆ ਕਿਉਂਕਿ ਸਮਰੱਥ ਗੁਰੂ ਦੀ ਕ੍ਰਿਆ ਨੂੰ ਦੇਖ ਕੇ ਅਸ਼ਰਧਕਾਂ ਵਾਂਗ ਤਰਕ ਦੀਆਂ ਗੱਲਾਂ ਕਰਨ ਲੱਗ ਪਏ। ਸਤਿਗੁਰੂ ਦੀ ਮਹਿਮਾ ਬਾਰੇ ਗੁਰਬਾਣੀ ਦੇ ਬਚਨ ਇਨ੍ਹਾਂ ਨੂੰ ਭੁੱਲ ਗਏ ਜੋ ਕਿ ਇਸ ਤਰ੍ਹਾਂ ਆਉਂਦੇ ਹਨ ।

*ਗੁਰੁ ਸਮਰਥੁ ਗੁਰੁ ਨਿਰੰਕਾਰੁ*
*ਗੁਰੁ ਊਚਾ ਅਗਮ ਅਪਾਰੁ ॥*
*ਗੁਰ ਕੀ ਮਹਿਮਾ ਅਗਮ ਹੈ*
*ਕਿਆ ਕਥੇ ਕਥਨਹਾਰੁ ॥* *ਅੰਗ-੫੨*
*ਮੁਝ ਕੋ ਬਾਲਿਕ ਬੁਧਿ ਪਛਾਨਤਿ ।*
*ਸਤਿਗੁਰ ਭੇਦ ਨਹੀਂ ਮਨ ਮਾਨਤਿ ।* *ਸ੍ਰੀ ਸੂਰਜ ਪ੍ਰਤਾਪ*

ਪਰਤੱਖ ਕੌਤਕ ਵੇਖ ਕੇ ਵੀ ਚੇਤੋ ਮਸੰਦ ਸਮਝਿਆ ਨਹੀਂ, ਉਸ ਦੀ ਹਾਲਤ ਵੀ ਹੋਰਨਾਂ ਮਸੰਦਾਂ ਵਰਗੀ ਹੀ ਸੀ ਪਰ ਮੁਖੀ ਹੋਣ ਦਾ ਮਾਣ ਹੋਣ ਕਰਕੇ ਅੰਦਰ ਢੀਠਪੁਣਾ ਸੀ। ਉਹ ਉਤੋਂ-ਉਤੋਂ ਸਤਿਗੁਰੂ ਜੀ ਨਾਲ ਮਿੱਠੀਆਂ ਗੱਲਾਂ ਕਰਕੇ ਕਹਿੰਦਾ ਕਿ ਮਹਾਰਾਜ ਜੀ! ਆਪ ਜੀ ਤਾਂ ਓਹੀ ਰੂਪ ਹੋ, ਕਿਰਪਾ ਰੱਖੋ, ਆਪਣਾ ਪਿਆਰ ਦੇਵੋ, ਸੇਵਾ ਦਾ ਕੰਮ ਠੀਕ ਚਲਦਾ ਰਹੇ। ਮਹਾਰਾਜ ਜੀ ਕਹਿੰਦੇ, ਚੇਤੋ! ਸਾਨੂੰ ਤਾਂ ਸਾਰੇ ਹੀ ਪਿਆਰੇ ਹਨ ਪਰ ਤੁਸੀਂ ਜ਼ਰਾ ਸੋਚ-ਸਮਝ ਲਵੋ ਕਿਉਂਕਿ ਸਾਨੂੰ ਦਾਲ ਵਿਚ ਕੁਝ ਕਾਲਾ-ਕਾਲਾ ਮਲੂਮ ਹੁੰਦਾ ਹੈ।

*(ਪੰਨਾ 44 ਦੀ ਬਾਕੀ)*

ਅਸਥਾਨ ਦੇ ਅਨੇਕ ਪ੍ਰਮਾਣ ਪ੍ਰਾਪਤ ਹਨ। ਬੇਬੇ ਨਾਨਕੀ ਜੀ, ਬੀਬੀ ਭਾਨੀ ਜੀ, ਮਾਤਾ ਖੀਵੀ ਜੀ, ਮਾਤਾ ਗੁਜਰੀ (ਕੌਰ) ਜੀ, ਮਾਤਾ ਸੁੰਦਰੀ (ਕੌਰ) ਜੀ, ਮਾਤਾ ਸਾਹਿਬ ਕੌਰ ਗੁਰੂ ਘਰਾਣੇ ਦੀਆਂ ਬੜੀਆਂ ਮਾਨਯੋਗ ਬੀਬੀਆਂ ਹਨ ਜਿਨ੍ਹਾਂ ਸਿੱਖ ਕੌਮ ਦੀ ਸਿਰਜਨਾ ਵਿਚ ਮਹਾਨ ਹਿੱਸਾ ਪਾਇਆ, ਮਾਈ ਭਾਗੋ (ਕੌਰ) ਨੇ ਬੇਦਾਵਾ ਲਿਖ ਆਏ ਸਿੱਖਾਂ ਨੂੰ ਮੁੜ ਗੁਰੂ ਘਰ ਲਈ ਜਾਨਾਂ ਵਾਰਨ ਦੀ ਅਗਵਾਈ ਕੀਤੀ। ਪਰ ਕੀ ਸਿੱਖ ਪੰਥ ਅਤੇ ਸਿੱਖ ਸਮਾਜ ਇਸਤ੍ਰੀ ਨੂੰ ਉਹ ਦਰਜਾ ਦੇ ਸਕਿਆ ਹੈ ਜਿਸ ਦਾ ਸੰਕਲਪ ਗੁਰੂ ਸਿਧਾਂਤਾਂ ਅਤੇ ਗੁਰ-ਇਤਿਹਾਸ ਵਿਚ ਪ੍ਰਾਪਤ ਹੈ? ਇਹ ਸੋਚਣ ਵਾਲੀ ਗੱਲ ਹੈ। ਇਤਿਹਾਸਕ ਗੁਰਦਵਾਰਿਆਂ ਵਿਚ ਇਸਤ੍ਰੀਆਂ ਦੇ ਕੀਰਤਨ, ਪੰਜ ਪਿਆਰਿਆਂ ਵਿਚ ਉਨ੍ਹਾਂ ਦੀ ਸ਼ਮੂਲੀਅਤ, ਗ੍ਰੰਥੀ, ਜਥੇਦਾਰ ਅਤੇ ਹੋਰ ਧਾਰਮਿਕ ਸਿੱਖ ਸੰਸਥਾਵਾਂ ਵਿਚ ਸਿੱਖ ਇਸਤ੍ਰੀਆਂ ਦਾ ਕੀ ਦਰਜਾ ਹੈ? ਇਹ ਸਿੱਖ ਕੌਮ ਲਈ ਵਿਚਾਰਨਯੋਗ ਮਸਲਾ ਹੈ। ਗੁਰੂ ਸਿਧਾਂਤ ਸਾਡੇ ਸਾਮ੍ਹਣੇ ਹੈ ਜਿਸ ਅਨੁਸਾਰ ਉਸ ਦੀ ਪਦਵੀ ਸ੍ਰੇਸ਼ਟ ਹੈ, ਇਸਤ੍ਰੀ ਅਰਧ ਸਰੀਰੀ ਮੋਖ ਦੁਆਰੀ, ਨਿਹਚਉ ਨਾਰੀ, ਪਦਾਂ ਨਾਲ ਸਨਮਾਨਤਾ ਹੈ ਅਤੇ ਹਰ ਸਿੱਖ ਲਈ ਸਗੋਂ ਹਰ ਮਨੁੱਖ ਲਈ ਗੁਰੂ ਜੀ ਵਲੋਂ ਆਦੇਸ਼ ਹੈ -

ਇਸਤ੍ਰੀ ਪੁਰਸ਼ ਦੀ ਬਰਾਬਰੀ, ਦੋਹਾਂ ਦਾ ਬਰਬਾਰ ਦਾ ਮਾਨ ਸਨਮਾਨ ਸਿੱਖ ਧਰਮ ਦਾ ਮੁੱਢਲਾ ਅਸੂਲ ਹੈ। ਜਿਸ ਧਰਮ, ਸਮਾਜ ਅਤੇ ਦੇਸ਼ ਵਿਚ ਇਸਤ੍ਰੀ ਦਾ ਪੂਰਨ ਸਤਿਕਾਰ ਨਹੀਂ, ਉਸ ਨੂੰ ਪਛੜਿਆ ਹੋਇਆ ਮੰਨਣਾ ਚਾਹੀਦਾ ਹੈ।

## ਜ਼ਰੂਰੀ ਸੂਚਨਾ

## ਪਿਆਰੇ ਪਾਠਕ ਜਨੋ ਅਤੇ ਸਾਧ ਸੰਗਤ ਜੀ!

ਆਪ ਜੀ ਨੂੰ ਸੰਨਿਮਰ ਬੇਨਤੀ ਹੈ ਕਿ ਗੁਰਦੁਆਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ ਟਰੱਸਟ ਵੱਲੋਂ ਸਤਿਕਾਰਯੋਗ ਮਹਾਂਪੁਰਸ਼ ਸੱਚਖੰਡਵਾਸੀ ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਅਤੇ ਮੌਜੂਦਾ ਮੁਖੀ ਸੰਤ ਬਾਬਾ ਲਖਬੀਰ ਸਿੰਘ ਜੀ ਸਦੇ ਕੀਰਤਨ ਪ੍ਰਵਚਨ ਸਰਵਣ ਕਰਨ ਲਈ ਹੇਠ ਲਿਖੇ ਚੈਨਲ ਨੂੰ ਆਪਣੇ ਟੀ.ਵੀ. ਤੇ ਸਬਸਕਰਾਇਬ ਕਰਨ ਦੀ ਕ੍ਰਿਪਾਲਤਾ ਕਰੋ ਜੀ।

**ਫਾਸਟਵੇਅ ਕੇਬਲ ਟੀ.ਵੀ. ਨੈਟਵਰਕ**

**ਚੈਨਲ ਨੰਬਰ - 202 ਪੰਜਾਬ ਪਲੱਸ ਰਾਹੀਂ**

**ਸਮਾਂ ਹਰ ਰੋਜ਼ - ਸਵੇਰੇ**

**4.45 ਤੋਂ 6.45 ਤੱਕ (2 ਘੰਟੇ)**



ਸੱਚਖੰਡ ਵਾਸੀ
ਸ੍ਰੀ ਮਾਨ
ਸੰਤ ਵਰਿਆਮ ਸਿੰਘ ਜੀ ਮਹਾਰਾਜ
ਰਤਵਾੜਾ ਸਾਹਿਬ, (ਨਿਊ ਚੰਡੀਗੜ੍ਹ)

ਇਹ ਕੀਰਤਨ ਪ੍ਰਵਚਨ ਸਾਰਾ ਪੰਜਾਬ, ਹਿਮਾਚਲ ਪ੍ਰਦੇਸ਼, ਹਰਿਆਣਾ, ਰਾਜਸਥਾਨ ਤੇ ਜਿਥੇ ਵੀ ਫਾਸਟਵੇਅ ਕੇਬਲ ਚਲ ਰਹੀ ਹੈ, ਤੁਸੀਂ ਉਸ ਉਤੇ ਦੇਖ ਸਕਦੇ ਹੋ।

## ਰਤਵਾੜਾ ਸਾਹਿਬ ਅਸਥਾਨ ਦੇ ਪ੍ਰੋਗਰਾਮ

**ਸਾਰੇ ਐਤਵਾਰ - ਸਮਾਂ-ਦੁਪਹਿਰ 12.00 ਤੋਂ 3.30 ਵਜੇ ਤੱਕ ।**

**ਮਾਘਿ ਸੰਗਰਾਂਦ - 14 ਜਨਵਰੀ, ਦਿਨ ਮੰਗਲਵਾਰ (ਸਮਾਂ ਸਵੇਰੇ 5.30 ਤੋਂ 8.00 ਵਜੇ ਤੱਕ)**

## ਜ਼ਰੂਰੀ ਬੇਨਤੀ

'ਆਤਮ ਮਾਰਗ' ਮੈਗਜ਼ੀਨ ਦੀ ਮੈਂਬਰਸ਼ਿਪ/ਰਿਨਿਊਲ ਜਾਂ ਦਸਵੰਧ ਪੰਜਾਬ ਐਂਡ ਸਿੰਧ ਬੈਂਕ ਦੀ ਕਿਸੇ ਵੀ ਸ਼ਾਖਾ ਰਾਹੀਂ ਹੇਠ ਲਿਖੇ ਬੈਂਕ ਖਾਤਿਆਂ ਵਿਚ ਭੇਜ ਸਕਦੇ ਹੋ।

### ਭਾਰਤ (INDIA)

**ਆਤਮ ਮਾਰਗ ਮੈਗਜ਼ੀਨ ਦੀ ਮੈਂਬਰਸ਼ਿਪ/ਰਿਨਿਊਲ ਭੇਜਣ ਲਈ**

**VGRMCT/Atam Marg Magazine**

**A/C No. 12861100000008, RTGS/IFSC Code - PSIB0021286, Branch Code - C1286**

**Within India**

| Subscription Period | Amount. |
|---|---|
| 1 Year | Rs. 300/- |
| 3 Year | Rs. 750/- |
| 5 Year | Rs. 1200/- |
| Life (20 Year) | Rs 3000/- |

**ਦਸਵੰਧ ਭੇਜਣ ਲਈ -**

**Vishav Gurmat Roohani Mission Charitable Trust**

**A/C No. 12861100000005, RTGS/IFSC Code - PSIB0021286, Branch Code - C1286**

**ਜੇਕਰ ਚੈਕ ਜਾਂ ਬੈਂਕ ਡਰਾਫਟ ਰਾਹੀਂ ਮਾਇਆ ਭੇਜਣੀ ਹੋਵੇ ਤਾਂ ਉਪਰੋਕਤ ਅਨੁਸਾਰ Gurudwara Ishar Parkash Ratwara Sahib, P.O. Mullanpur Garibdas. Distt SAS Nagar (Mohali) - 140901 ਨੂੰ ਭੇਜਿਆ ਜਾਵੇ ਜੀ। ਜੇਕਰ Online ਮਾਇਆ ਭੇਜਣੀ ਹੋਵੇ ਤਾਂ ਮਾਇਆ ਦਾ ਵੇਰਵਾ ਦਿੰਦੇ ਹੋਏ, ਆਪਣਾ ਨਾਂ ਅਤੇ ਪੂਰਾ ਪਤਾ ਮੋਬਾਈਲ ਨੰ: +91 98889 10777 'ਤੇ sms ਕੀਤਾ ਜਾਵੇ।**

## PURSUANT OF GOVT. OF INDIA FCRA GUIDELINES REGARDING DONATIONS FROM ABROAD

It is for your kind information that Bank Account No. 0779000100179603 earlier opened in Punjab National Bank, Mullanpur Garibdas, Distt. S.A.S Nagar (Mohali)-140901 for receiving donation from foreign countries has been changed with immediate effect. Now, FCRA Saving Bank Account for this purpose has been opened in State Bank of India as per instructions of Govt. of India. Particulars of the New Account are given below for online transfer of donation amount:

**Name of Account – Vishav Gurmat Roohani Mission Charitable Trust**
